ਤੁਸੀ ਆਪਣੇ
ਬਿਜਨਸ ਦੀ
ਐਡ ਇਸ ਥਾਂ
'ਤੇ ਲਗਵਾ
ਸਕਦੇ ਹੋ

The Punjabi Newspaper

ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

ਤੁਸੀ ਆਪਣੇ
ਬਿਜਨਸ ਦੀ
ਐਡ ਇਸ ਥਾਂ
'ਤੇ ਲਗਵਾ
ਸਕਦੇ ਹੋ

Vol: 11 No: 260 Website : www.punjabiakhbaar.ca Email: editor@punjabiakhbaar.ca Friday, 24 January 2025

## ਜਸਟਿਨ ਟਰੂਡੋ ਦੇ ਅਸਤੀਫੇ ਉਪਰੰਤ ਲਿਬਰਲ ਪਾਰਟੀ ਦੇ ਲੀਡਰ ਦੀ ਚੋਣ ਦੇ ਨਿਯਮ ਸਖਤ ਹੋਏ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਹੁਦੇ ਤੋਂ ਅਸਤੀਫਾ ਦੇਣ ਉਪਰੰਤ ਹੁਣ ਲਿਬਰਲ ਪਾਰਟੀ ਆਪਣਾ ਨਵਾਂ ਲੀਡਰ 9 ਮਾਰਚ 2025 ਨੂੰ ਚੁਣੇਗੀ ਪਰ ਇਸ ਚੋਣ ਤੋਂ ਪਹਿਲਾਂ ਲਿਬਰਲ ਪਾਰਟੀ ਵੱਲੋਂ ਚੋਣ ਪ੍ਰਕਿਰਿਆ ਨੂੰ ਸਖਤ ਕਰ ਦਿੱਤਾ ਗਿਆ ਹੈ ਅਤੇ ਕੁੱਝ ਸਖਤ ਨਿਯਮ ਲਾਗੂ ਕੀਤੇ ਗਏ ਹਨ ।ਜਿਸ ਤਹਿਤ ਹੁਣ ਵੋਟ ਪਾਉਣ ਦਾ ਅਧਿਕਾਰ ਸਿਰਫ ਕਨੇਡੀਅਨ ਸਿਟੀਜਨ ਅਤੇ ਪਰਮਾਨੈਂਟ ਰੈਜੀਡੈਂਟਸ ਨੂੰ ਹੀ ਹੋਵੇਗਾ। ਇਸ ਸਬੰਧੀ ਫੈਸਲਾ ਪਾਰਟੀ ਦੇ ਨੈਸ਼ਨਲ ਬੋਰਡ ਆਫ ਡਾਇਰੈਕਟਰ ਦੀ ਮੀਟਿੰਗ ਦੌਰਾਨ ਲਿਆ ਗਿਆ। ਲਿਬਰਲ ਪਾਰਟੀ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਬਿਆਨ ਵਿੱਚ ਆਖਿਆ ਗਿਆ ਹੈ ਕਿ 9 ਮਾਰਚ ਨੂੰ ਹੀ ਵੋਟਾਂ ਪੈਣਗੀਆਂ ਅਤੇ ਉਸੇ ਦਿਨ ਹੀ ਚੋਣ ਦੇ ਨਤੀਜੇ ਐਲਾਨ ਦਿੱਤੇ ਜਾਣਗੇ। ਇਸੇ ਦੌਰਾਨ ਵਿਦੇਸ਼ ਮੰਤਰੀ ਮੈਲਨੀ ਜੋਲੀ ਨੇ ਐਲਾਨ ਕੀਤਾ ਹੈ ਕਿ ਉਹ ਲੀਡਰਸ਼ਿਪ ਦੀ ਰੇਸ ਵਿੱਚ ਸ਼ਾਮਿਲ ਨਹੀਂ ਹੋਣਗੇ ਜਦਕਿ ਦੂਜੇ ਪਾਸੇ ਭਾਰਤੀ ਮੂਲ ਦੇ ਸੰਸਦ ਮੈਂਬਰ ਚੰਦਰ ਆਰੀਆ ਨੇ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਹੈ।

## ਟਰੰਪ ਦਾ ਟੈਰਿਫ ਆਲਾ ਮੁੱਦਾ ਰਾਜਨੀਤਕ ਲੀਡਰਾਂ ਦੇ ਬਿਆਨਾਂ ਦਾ ਵਿਸ਼ਾ ਬਣਿਆ ਹੋਇਆ ਹੈ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ)ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਦੇ ਉਤਪਾਦਾਂ ਉੱਪਰ 25 ਫੀਸਦੀ ਟੈਰਫ ਲਗਾਉਣ ਦੇ ਮੁੱਦੇ ਤੇ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਆਖਿਆ ਹੈ ਕਿ ਜੇਕਰ ਟਰੰਪ ਅਜਿਹਾ ਕਰਦੇ ਹਨ ਤਾਂ ਕੈਨੇਡਾ ਨੂੰ ਪੂਰੀ ਮਜਬੂਤੀ ਦੇ ਨਾਲ ਇਸ ਦਾ ਜਵਾਬ ਦੇਣਾ ਚਾਹੀਦਾ ਹੈ ਅਤੇ ਕੈਨੇਡਾ ਤੋਂ ਅਮਰੀਕਾ ਨੂੰ ਜੋ ਕ੍ਰਿਟੀਕਲ ਮਿਨਰਲ ਜਾਂਦੇ ਹਨ ਉਹਨਾਂ ਨੂੰ ਬੰਦ ਕਰਨਾ ਚਾਹੀਦਾ ਹੈ। ਉਹਨਾਂ ਆਖਿਆ ਕਿ ਅਜਿਹਾ ਕਰਨ ਲਈ ਸਾਰੀਆਂ ਹੀ ਸਿਆਸੀ ਪਾਰਟੀਆਂ ਨੂੰ ਇੱਕਜੁੱਟ ਹੋਣ ਦੀ ਲੋੜ ਹੈ। ਇਸ ਦੇ ਨਾਲ ਹੀ ਉਹਨਾਂ ਨੇ ਕੰਜਰਵੇਟਿਵ ਲੀਡਰ ਪੀਅਰੇ ਪੋਲੀਵਰ ਉੱਪਰ ਸ਼ਬਦੀ ਹਮਲਾ ਕਰਦਿਆਂ ਆਖਿਆ ਕਿ ਜਦੋਂ ਦੇਸ਼ ਦੇ ਲੋਕ ਟਰੰਪ ਦੀ ਧਮਕੀ ਕਾਰਨ ਚਿੰਤਤ ਹਨ ਤਾਂ ਕੰਜ਼ਰਵਟਿਵ ਲੀਡਰ ਇਸ ਮੁੱਦੇ ਤੇ ਕੁੱਝ ਵੀ ਨਹੀਂ ਕਰ ਰਹੇ ਜੋ ਕਿ ਲੀਡਰਸ਼ਿਪ ਦੀ ਅਸਫਲਤਾ ਹੈ। ਕਨੇਡੀਅਨ ਉਤਪਾਦਾਂ ਉੱਪਰ ਲਗਾਏ ਜਾ ਰਹੇ ਟੈਰਿਫ ਦੇ ਮੱਦੇ ਨਜ਼ਰ ਇਹਨਾਂ ਨੂੰ ਰੋਕਣ ਲਈ ਕੈਨੇਡਾ ਦੀ ਵਿਦੇਸ਼ ਮੰਤਰੀ ਮੈਲਨੀ ਜੌਲੀ ਦਾ ਕਹਿਣਾ ਹੈ ਕਿ ਜੇਕਰ ਡੋਨਲਡ ਟਰੰਪ ਇਹ ਟੈਰਿਫ ਲਗਾਉਣ ਵੱਲ ਅੱਗੇ ਵੱਧਦੇ ਹਨ ਤਾਂ ਕੈਨੇਡਾ ਅਤੇ ਅਮਰੀਕਾ ਵਿੱਚਾਲੇ ਇੱਕ ਵੱਡੀ ਵਪਾਰਕ ਲੜਾਈ ਸ਼ੁਰੂ ਹੋ ਸਕਦੀ ਹੈ। ਉਹਨਾਂ ਆਖਿਆ ਕਿ ਅਸਲ ਵਿੱਚ ਅਮਰੀਕਾ ਵੱਲੋਂ ਇਹ ਲੜਾਈ ਸ਼ੁਰੂ ਕੀਤੀ ਜਾ ਰਹੀ ਹੈ ਤਾਂ ਜਿਸ ਕਾਰਨ ਦੋਹਾਂ ਦੇਸ਼ਾਂ ਵਿੱਚਾਲੇ ਜੋ ਟਰੇਡ ਵਾਰ ਸ਼ੁਰੂ ਹੋਏਗੀ ਉਹ ਕਈ ਦਹਾਕਿਆਂ ਤੱਕ ਚੱਲ ਸਕਦੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਸਥਿਤੀ ਦਾ ਟਾਕਰਾ ਕਰਨ ਲਈ ਅਸੀਂ ਸਾਰੇ ਇੱਕਜੁੱਟ ਹਾਂ ਅਤੇ ਟੀਮ ਕੈਨੇਡਾ ਵਜੋਂ ਅਸੀਂ ਇਸ ਸਥਿਤੀ ਨਾਲ ਨਜਿੱਠਾਂਗੇ ਉਹਨਾਂ ਆਖਿਆ ਕਿ ਟਰੰਪ ਵੱਲੋਂ ਟੈਰਿਫ ਲਗਾਏ ਜਾਣ ਦੇ ਮੱਦੇ ਨਜ਼ਰ ਜਵਾਬੀ ਕਾਰਵਾਈ ਕਰਨ ਤੋਂ ਅਸੀਂ ਬਿਲਕੁਲ ਵੀ ਨਹੀਂ ਝਿਜਕਾਂਗੇ ਅਤੇ ਬਤੌਰ ਕਨੇਡੀਅਨ ਸੱਚੇ ਕੈਨੇਡੀਅਨ ਹੋਣ ਦੇ ਨਾਤੇ ਅਸੀਂ ਪੂਰੀ ਮਜਬੂਤੀ ਨਾਲ ਸਹੀ ਰਸਤਾ ਅਖਤਿਆਰ ਕਰਾਂਗੇ।




## ਨਸ਼ੇੜੀਆਂ ਦੀ ਮੱਦਦ ਲਈ ਕਨੇਡਾ ਦਾ ਸਿਹਤ ਮੰਤਰਾਲਾ ਅੱਗੇ ਆਇਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸਿਹਤ ਮੰਤਰਾਲੇ ਦੇ ਪਾਰਲੀਮੈਂਟਰੀ ਸੈਕਟਰੀ ਯਾਸਿਰ ਨਕਵੀ ਨੇ ਐਲਾਨ ਕੀਤਾ ਹੈ ਕਿ ਔਟਵਾ ਦੇ ਉਹ ਨੌਜਵਾਨ ਜੋ ਨਸ਼ਿਆਂ ਕਾਰਨ ਬੇਘਰ ਹੋ ਚੁੱਕੇ ਹਨ ਨੂੰ ਵਾਪਸ ਘਰਾਂ ਵਿੱਚ ਲਿਆਉਣ ਵਾਸਤੇ ਇੱਕ ਪ੍ਰੋਗਰਾਮ ਚਲਾਉਣ ਜਾ ਰਹੇ ਹਨ। ਜਿਸ ਵਾਸਤੇ ਇੱਕ ਇਸ਼ਾਰੀਆ ਤਿੰਨ ਮਿਲੀਅਨ ਡਾਲਰ ਨਿਵੇਸ਼ ਕੀਤੇ ਜਾ ਰਹੇ ਹਨ। ਜਿਸ ਮੌਕੇ ਉਨਾਂ ਨੇ ਇਹ ਐਲਾਨ ਕੀਤਾ ਉਨਾਂ ਦੇ ਨਾਲ ਆਪਰੇਸ਼ਨ ਕੰਮ ਹੋਮ ਦੇ ਐਗਜੀਕਿਊਟਿਵ ਡਾਇਰੈਕਟਰ ਜੋਹਨ ਹੈਕਬਰਟ ਅਤੇ ਕੋਆਰਡੀਨੇਟਰ ਕੈਟੀ ਪ੍ਰਾਈਜ ਵੀ ਮੌਜੂਦ ਸਨ।

## ਹੈਂ! ਕੋਈ ਲੀਡਰ,ਕਨੇਡਾ ਦਾ ਪ੍ਰਧਾਨ ਮੰਤਰੀ ਬਣਨ ਨੂੰ ਈ ਤਿਆਰ ਨਹੀਂ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਲਿਬਰਲ ਪਾਰਟੀ ਦੀ ਲੀਡਰਸ਼ਿਪ ਲਈ ਨੌਂ ਮਾਰਚ ਨੂੰ ਹੋ ਰਹੀ ਚੋਣ ਤੋਂ ਪਹਿਲਾਂ ਕਈ ਪ੍ਰਮੁੱਖ ਚਿਹਰਿਆਂ ਨੇ ਇਸ ਚੋਣ ਤੋਂ ਹਟਣ ਦਾ ਐਲਾਨ ਕਰ ਦਿੱਤਾ ਹੈ। ਪਹਿਲਾਂ ਵਿੱਤ ਮੰਤਰੀ ਡੋਮੀਨਿਕ ਲੈਬਲਾਕ ਉਸ ਤੋਂ ਬਾਅਦ ਵਿਦੇਸ਼ ਮੰਤਰੀ ਮੈਲਨੀ ਜੋਲੀ ਅਤੇ ਹੁਣ ਟਰਾਂਸਪੋਰਟ ਮੰਤਰੀ ਅਨੀਤਾ ਆਨੰਦ ਨੇ ਐਲਾਨ ਕੀਤਾ ਹੈ ਕਿ ਉਹ ਲੀਡਰਸ਼ਿਪ ਦੀ ਚੋਣ ਵਿੱਚ ਹਿੱਸਾ ਨਹੀਂ ਲੈਣਗੇ। ਇਸ ਦੇ ਨਾਲ ਹੀ ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਲੀਡਰਸ਼ਿਪ ਦੀ ਦੌੜ ਤਾਂ ਇੱਕ ਪਾਸੇ ਉਹ ਅਗਲੀਆਂ ਚੋਣਾਂ ਵੀ ਨਹੀਂ ਲੜਨਗੇ। ਸੋਸ਼ਲ ਮੀਡੀਆ ਉੱਪਰ ਪਾਈ ਇੱਕ ਪੋਸਟ ਵਿੱਚ ਉਹਨਾਂ ਨੇ ਆਖਿਆ ਕਿ - ਨਟਾਰੀ- ਦੀ -ਕਵਿਲੇ ਰਾਈਡਿੰਗ ਜਿੱਥੋਂ ਉਹ 2019 ਤੋਂ ਮੈਂਬਰ ਪਾਰਲੀਮੈਂਟ ਹਨ ਤੋਂ ਚੋਣ ਨਹੀਂ ਲੜਨਗੇ । ਇਸ ਦੇ ਨਾਲ ਹੀ ਅਨੀਤਾ ਆਨੰਦ ਜੋ ਕਿ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਲਗਭਗ 20 ਸਾਲ ਤੱਕ ਲਾਅ ਦੇ ਪ੍ਰੋਫੈਸਰ ਰਹੇ ਹਨ, ਵੱਲੋਂ ਆਖਿਆ ਗਿਆ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਸਤੀਫਾ ਦੇਣ ਉਪਰੰਤ ਉਹਨਾਂ ਨੇ ਫੈਸਲਾ ਕੀਤਾ ਹੈ ਕਿ ਉਹ ਵਾਪਸ ਟੀਚਿੰਗ ਰਿਸਰਚ ਅਤੇ ਪਬਲਿਕ ਪੋਲਸੀ ਅਨੈਲਸਿਸ ਦੇ ਕਿੱਤੇ ਨੂੰ ਅਪਣਾਉਣਗੇ ।







## ਅਸ਼ਿਵਨੀ ਵੈਸ਼ਨਵ ਨੇ ਫੇਸਬੁੱਕ ਫਾਊਂਡਰ ਮਾਰਕ ਜ਼ੁਕਰਬਰਗ ਦੇ ਤੱਥਹੀਣ ਦਾਅਵੇ ਦਾ ਮੋੜਵਾਂ ਜਵਾਬ ਦਿੱਤਾ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਕੇਂਦਰੀ ਮੰਤਰੀ ਅਸ਼ਿਵਨੀ ਵੈਸ਼ਨਵ ਨੇ ਫੇਸਬੁੱਕ ਫਾਊਂਡਰ ਮਾਰਕ ਜ਼ੁਕਰਬਰਗ ਦੇ ਉਸ ਦਾਅਵੇ ਦਾ ਮੋੜਵਾਂ ਜਵਾਬ ਦਿੱਤਾ, ਜਿਸ 'ਚ ਜ਼ੁਕਰਬਰਗ ਨੇ ਕਿਹਾ ਸੀ ਕਿ ਕੋਵਿਡ-19 ਮਹਾਂਮਾਰੀ ਤੋਂ ਬਾਅਦ ਭਾਰਤ ਸਣੇ ਜ਼ਿਆਦਾਤਰ ਮੌਜੂਦਾ ਸਰਕਾਰਾਂ 2024 ਵਿੱਚ ਚੋਣਾਂ ਹਾਰ ਗਈਆਂ। ਵੈਸ਼ਨਵ ਨੇ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਇਹ ਬਿਆਨ 'ਤੱਥਾਂ ਵਿੱਚ ਗਲਤ' ਸੀ। ਐਕਸ 'ਤੇ ਆਪਣੀ ਪੋਸਟ 'ਚ ਵੈਸ਼ਨਵ ਨੇ ਕਿਹਾ ਕਿ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਵੱਜੋਂ ਭਾਰਤ ਨੇ 2024 ਦੀਆਂ ਆਮ ਚੋਣਾਂ 64 ਕਰੋੜ ਤੋਂ ਵੱਧ ਵੋਟਰਾਂ ਨੂੰ ਸ਼ਾਮਿਲ ਕਰਕੇ ਕਰਵਾਈਆਂ। ਉਨ੍ਹਾਂ ਕਿਹਾ, ''ਭਾਰਤ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ 'ਤੇ ਭਰੋਸਾ ਦੁਹਰਾਇਆ।'' ਸੂਚਨਾ ਅਤੇ ਪ੍ਰਸਾਰਨ ਮੰਤਰੀ ਨੇ ਕਿਹਾ, ''ਮਿਸਟਰ ਜ਼ੁਕਰਬਰਗ ਦਾ ਦਾਅਵਾ ਕਿ ਕੋਵਿਡ ਤੋਂ ਬਾਅਦ 2024 ਦੀਆਂ ਚੋਣਾਂ ਵਿੱਚ ਭਾਰਤ ਸਣੇ ਜ਼ਿਆਦਾਤਰ ਮੌਜੂਦਾ ਸਰਕਾਰਾਂ ਹਾਰ ਗਈਆਂ, ਇਹ ਤੱਥਾਂ ਪੱਖੋਂ ਗਲਤ ਹੈ।'' ਵਰਨਣਯੋਗ ਹੈ ਕਿ ਜ਼ੁਕਰਬਰਗ ਨੇ ਕਥਿਤ ਤੌਰ 'ਤੇ ਇੱਕ ਪੌਡਕਾਸਟ ਵਿੱਚ ਦਾਅਵਾ ਕੀਤਾ ਸੀ ਕਿ 2024 ਵਿੱਚ ਦੁਨੀਆ ਭਰ ਦੀਆਂ ਚੋਣਾਂ ਵਿੱਚ, ਭਾਰਤ ਸਣੇ ਜ਼ਿਆਦਾਤਰ ਮੌਜੂਦਾ ਸਰਕਾਰਾਂ ਨੇ ਸੱਤਾ ਗੁਆ ਦਿੱਤੀ। ਵੈਸ਼ਨਵ ਨੇ ਪੋਸਟ ਵਿੱਚ ਮੇਟਾ ਨੂੰ ਟੈਗ ਕਰਦਿਆਂ ਇਸ ਨੂੰ ਮਾਰਕ ਜ਼ੁਕਰਬਰਗ ਵੱਲੋਂ ਫੈਲਾਈ ਜਾ ਰਹੀ 'ਗੁਮਰਾਹਕੁੰਨ' ਜਾਣਕਾਰੀ ਦੱਸਿਆ।















# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵੱਲੋਂ ਫੂਡ ਬੈਂਕ ਨੂੰ ਦਿੱਤੀ ਗਈ ਰਾਸ਼ੀ ਵਧ ਕੇ 7650 ਡਾਲਰ ਹੋ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ 13 ਜਨਵਰੀ ਨੂੰ ਜਸ਼ਨਾਂ ਅਤੇ ਰਿਵਾਇਤੀ ਪਕਵਾਨਾਂ ਨਾਲ ਲੋਹੜੀ ਦਾ ਤਿਉਹਾਰ ਮਨਾਇਆ। ਸ਼ੁਰੂ ਵਿੱਚ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀ ਵਧਾਈ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸਿੱਖਿਆ ਤੋਂ ਸੇਧ ਲੈਣ ਲਈ ਕਿਹਾ , ਜ਼ਿੰਦਗੀ ਵਿੱਚ ਤਰਕ ਅਤੇ ਸਵਾਲ ਕਰਨ ਦਾ ਵਿਗਿਆਨਕ ਤਰੀਕਾ ਅਪਨਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਹਾਲ ਹੀ ਵਿੱਚ ਐਸੋਸੀਏਸ਼ਨ ਵੱਲੋਂ ਫੂਡ ਬੈਂਕ ਨੂੰ ਦਿੱਤੀ ਗਈ ਰਾਸ਼ੀ ਵਧ ਕੇ 7650 ਡਾਲਰ ਹੋ ਗਈ ਹੈ। ਫੂਡ ਬੈਂਕ ਦੀ ਵਿੰਨੀ ਐਵਰਟਸ ਨੇ ਉਚੇਚੇ ਤੌਰ ਤੇ ਹਾਜ਼ਰ ਹੋ ਕੇ ਐਸੋਸੀਏਸ਼ਨ ਦਾ ਚੋਖੀ ਮਾਇਕ ਇਮਦਾਦ ਕਰਨ ਲਈ ਸ਼ੁਕਰੀਆ ਅਦਾ ਕੀਤਾ। ਨਾਲ਼ ਹੀ ਉਸ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਦਿੱਤਾ ਗਿਆ ਇੱਕ ਡਾਲਰ ਫੂਡ ਬੈਂਕ ਨੂੰ 315 ਡਾਲਰ ਦਾ ਫਾਇਦਾ ਕਰਦਾ ਹੈ। ਇਸ ਤਰ੍ਹਾਂ ਐਸੋਸੀਏਸ਼ਨ ਦਾ ਇਹ ਯੋਗਦਾਨ ਉਨ੍ਹਾਂ ਲਈ 26,775 ਡਾਲਰ ਦੇ ਬਰਾਬਰ ਹੈ। ਉਸ ਨੇ ਦੱਸਿਆ ਕਿ ਫੂਡ ਬੈਂਕ ਨਾ ਸਿਰਫ ਭੁੱਖਿਆਂ ਨੂੰ ਖ਼ੁਰਾਕ ਦੇਣ ਦਾ ਕਾਰਜ ਕਰਦਾ ਹੈ ਸਗੋਂ ਇਕਹਿਰੀਆਂ ਮਾਵਾਂ ਦੇ ਨਵ-ਜੰਮੇ ਬੱਚਿਆਂ ਲਈ ਡਾਇਪਰ, ਦਵਾਈਆਂ ਆਦਿ ਦੇਣ ਦਾ ਪ੍ਰਬੰਧ ਵੀ ਕਰਦਾ ਹੈ। ਇਸ ਤੋਂ ਬਿਨਾ ਹੋਰ ਲੋੜਵੰਦਾਂ ਜਿਵੇਂ ਬੇ-ਘਰਿਆਂ ਵਗੈਰਾ ਦੀਆਂ ਜਿਉਣ ਲਈ ਜ਼ਰੂਰੀ ਲੋੜਾਂ ਵੀ ਪੂਰੀਆਂ ਕਰਦਾ ਹੈ।



ਉਸ ਨੇ ਐਸੋਸੀਏਸ਼ਨ ਵੱਲੋਂ ਦਿੱਤੀ ਜਾਣ ਵਾਲ਼ੀ ਰਾਸ਼ੀ ਨੂੰ ਸਾਰੀਆਂ ਨਫਾ-ਰਹਿਤ ਸੰਸਥਾਵਾਂ ਵੱਲੋਂ ਦਿੱਤੀ ਜਾ ਰਹੀ ਰਾਸ਼ੀ ਤੋਂ ਵਧੇਰੇ ਯੋਗਦਾਨ ਵਾਲੀ ਦੱਸਿਆ। ਇਸ ਤੇ ਸਾਰੇ ਮੈਂਬਰਾਂ ਨੇ ਜ਼ੋਰਦਾਰ ਤਾੜੀਆਂ ਨਾਲ਼ ਖ਼ੁਸ਼ੀ ਦਾ ਇਜ਼ਹਾਰ ਕੀਤਾ ਅਤੇ ਸੁਰਿੰਦਰਜੀਤ ਪਲਾਹਾ ਨੂੰ ਸਹੀ ਸੇਧ ਅਤੇ ਯੋਗ ਅਗਵਾਈ ਦੇਣ ਲਈ ਵਧਾਈ ਦਿੱਤੀ।

ਪੇਸ਼ਕਾਰੀਆਂ ਦੇ ਦੌਰ ਵਿੱਚ ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਕੰਮੋਹ ਨੇ ਲੋਹੜੀ ਦਾ ਗੀਤ ਪੇਸ਼ ਕਰ ਕੇ ਲੋਹੜੀ ਦੀ ਅੱਗ ਨੂੰ ਮਘਾਇਆ -- ਪੁੱਤਾਂ ਵਾਂਗਰਾਂ ਮਨਾਈਏ ਧੀਆਂ ਦੀਆਂ ਲੋਹੜੀਆਂ। ਨਾਲ਼ ਕੁੱਝ ਟੱਪੇ ਵੀ ਸੁਣਾਏ - ਮੋਹ ਧੀਆਂ ਦਾ ਵਿਸਾਰੋ ਨਾ / ਰੱਬ ਦੀਆਂ ਰਹਿਮਤਾਂ ਨੂੰ ਲੋਕੋ ਕੁੱਖਾਂ ਵਿੱਚ ਮਾਰੋ ਨਾ। ਪ੍ਰਮਿੰਦਰ ਗਰੇਵਾਲ ਨੇ ਪਿਆਰ-ਮੁਹੱਬਤ ਨੂੰ ਫੁੱਲਾਂ ਦੀ ਖ਼ੁਸ਼ਬੋਈ ਦੀ ਸੰਗਿਆ ਦੇ ਕੇ ਪ੍ਰਭਾਸ਼ਤ ਕੀਤਾ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਆਪਣੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਫੇਰੀ ਬਾਰੇ ਮੁਹੱਬਤ ਭਰੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਨੇ ਖਡੂਰ ਸਾਹਿਬ ਕਾਰ ਸੇਵਾ ਵਾਲ਼ੇ ਬਾਬਾ ਸੇਵਾ ਸਿੰਘ ਜੀ ਦੁਆਰਾ ਸਿੱਖੀ ਅਤੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਮਹਾਨ ਉਪਰਾਲਿਆਂ ਦਾ ਵੇਰਵਾ ਦਿੱਤਾ। ਜਸਵੀਰ ਸਿਹੋਤਾ ਨੇ ਆਪਣੀ ਤਾਜ਼ਾ ਨਜ਼ਮ ਦਾ ਉਚਾਰਨ ਕੀਤਾ। ਹਰਿੰਦਰ ਕੌਰ ਮੁੰਡੀ ਨੇ ਲੋਹੜੀ ਅਤੇ ਮਾਘੀ ਬਾਰੇ ਜ਼ਰੂਰੀ ਪੱਖ ਉਜਾਗਰ ਕੀਤੇ ਅਤੇ ਕਵਿਤਾ ਰਾਹੀਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ -- ਲੰਬੀਆਂ ਕਹਾਣੀਆਂ ਅਜੀਤ ਤੇ ਜੁਝਾਰ ਦੀਆਂ। ਜੋਗਾ ਸਿੰਘ ਲੈਹਲ ਨੇ ਗੰਭੀਰ ਸ਼ਾਇਰੀ ਨੂੰ ਹਾਸਰਸ ਵਿੱਚ ਲਪੇਟ ਕੇ ਪੇਸ਼ ਕੀਤਾ -- ਢਿੱਡ ਵਿੱਚ ਪਿਆ ਵੱਟ ਮਾਰਦਾ, ਬੰਦਾ ਐਵੇਂ ਨਹੀਂ ਮਰਦਾ, ਦਿਲ 'ਤੇ ਵੱਜਿਆ ਸੱਟ ਮਾਰਦਾ। ਸੁਖਮੰਦਰ ਗਿੱਲ ਨੇ ਆਪਣੇ ਦੋ ਗੀਤ - ਨਵੇਂ ਸਾਲ ਦਾ ਨਵਾਂ ਸਵੇਰਾ, ਸੂਰਜ ਨਵਾਂ ਨਕੋਰ ਮੁਬਾਰਕ, - ਸੱਚੇ ਆਸ਼ਕ ਮੁਨਾਫ਼ਾ ਕਦੇ ਤੱਕਦੇ ਨਹੀਂ ਅਤੇ ਮੁਨੱਵਰ ਅਹਿਮਦ ਨੇ ਫਿਲਮੀ ਗਾਣਾ -ਅਹਿਸਾਨ ਮੇਰੇ ਦਿਲ ਪੇ ਤੁਮ੍ਹਾਰਾ ਹੈ ਦੋਸਤੋ- ਗਾ ਕੇ ਦਰਸ਼ਕਾਂ ਨੂੰ ਕੀਲਿਆ। ਰੇਡੀ? ਰੈੱਡ ਐਫ ਐਮ ਦੇ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਨੇ ਪੰਜਾਬੀਆਂ ਨੂੰ ਆਪਣਾ ਵਿਰਸਾ ਅਤੇ ਸੱਭਿਆਚਾਰ ਅਗਲੀਆਂ ਪੀੜ੍ਹੀਆਂ ਤਕ ਪੁਚਾਉਣ ਲਈ ਸੁਚੇਤ ਕੀਤਾ। ਡਾ। ਰਮਨ ਗਿੱਲ ਨੇ ਲੋਕ-ਸੇਵਾ ਲਈ ਸਮਰਪਣ ਹੋਣ ਦੀ ਗੱਲ ਕਹੀ। ਮੰਨੇ-ਪ੍ਰਮੰਨੇ ਉਰਦੂ ਸ਼ਾਇਰ ਤਾਰਿਕ ਮਲਿਕ ਦੇ ਸ਼ੇਅਰਾਂ ਦਾ ਅਨੁਵਾਨ ਸੀ - ਮੈਂ ਖ਼ੁਸ਼ ਹੂੰ ਕਿ ਮੇਰੇ ਪਾਸ ਸ਼ਾਇਰੀ ਹੈ। ਬਜ਼ੁਰਗ ਮੈਂਬਰ ਕੁਲਵੰਤ ਰਾਏ ਸ਼ਰਮਾ ਨੇ ਆਪਸੀ ਸਹਿਯੋਗ ਲਈ ਸੰਕਲਪ ਦੁਹਰਾਇਆ। ਅਖੀਰ ਵਿੱਚ ਬੀਬੀਆਂ ਨੇ ਲੋਕ-ਬੋਲੀਆਂ ਤੇ ਗਿੱਧਾ ਪਾ ਕੇ ਲੋਹੜੀ ਦਾ ਪਿੜ ਭਖਾਇਆ। ਜਗਦੇਵ ਸਿੱਧੂ ਸਟੇਜ ਦੀ ਕਾਰਵਾਈ ਚਲਾਉਂਦਾ ਹੋਇਆ ਪੇਸ਼ਕਾਰੀਆਂ ਦੀ ਧੂਣੀ ਵਿੱਚ ਨਿੱਕੇ-ਨਿੱਕੇ ਸ਼ੇਅਰਾਂ ਅਤੇ ਟਿੱਪਣੀਆਂ ਦੇ ਤਿਲ਼ ਸੁਟਦਾ ਰਿਹਾ। ਮਗਰੋਂ ਵਰਤਾਏ ਸਰ੍ਹੋਂ ਦੇ ਸਾਗ, ਮੱਕੀ ਦੀ ਰੋਟੀ, ਉੱਤੇ ਮੱਖਣ ਦਾ ਪੇੜਾ, ਲੱਸੀ ਅਤੇ ਖੀਰ ਨੇ ਪੰਜਾਬੀ ਸਭਿਆਚਾਰ ਨੂੰ ਸਾਕਾਰ ਕਰ ਦਿੱਤਾ। ਸੁਰਿੰਦਰਜੀਤ ਪਲਾਹਾ ਨੇ ਇਸ ਮੀਟਿੰਗ ਨੂੰ ਯਾਦਗਾਰੀ ਬਨਾਉਣ ਲਈ ਸਭ ਦਾ ਧੰਨਵਾਦ ਕੀਤਾ।

## ਸਾਬਕਾ ਉੱਪ ਪ੍ਰਧਾਨ ਮੰਤਰੀ ਫਰੀਲੈਂਡ ਵੀ ਲਿਬਰਲ ਲੀਡਰਸ਼ਿੱਪ ਦੌੜ ਵਿੱਚ ਸਾਮਿਲ ਹੋਈ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਿਬਰਲ ਪਾਰਟੀ ਦੇ ਲੀਡਰ ਵਜੋਂ ਅਸਤੀਫਾ ਦੇਣ ਦੇ ਐਲਾਨ ਉਪਰੰਤ ਨੌ ਮਾਰਚ ਨੂੰ ਹੋ ਰਹੀ ਲੀਡਰਸ਼ਿਪ ਚੋਣ ਲਈ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕਕਾਰਨੀ ਤੋਂ ਬਾਅਦ ਹੁਣ ਸਾਬਕਾ ਉਪ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਸੀਟੀਆ ਫਰੀਲੈਂਡ ਵੱਲੋਂ ਵੀ ਲੀਡਰਸ਼ਿਪ ਦੌੜ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਗਿਆ ਹੈ ।ਉਹਨਾਂ ਵੱਲੋਂ ਆਖਿਆ ਗਿਆ ਹੈ ਕਿ ਕਿ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਲਗਾਏ ਜਾ ਰਹੇ ਟੈਰਿਫ ਨੂੰ ਪਿੱਛੇ ਬੈਠ ਕੇ ਨਹੀਂ ਦੇਖਿਆ ਜਾ ਸਕਦਾ। ਵਰਣਨ ਯੋਗ ਹੈ ਕਿ ਡੋਨਲਡ ਟਰੰਪ ਦੇ ਪਹਿਲੇ ਕਾਰਜ ਕਾਲ ਦੌਰਾਨ ਵੀ ਜਦੋਂ ਉਹਨਾਂ ਵੱਲੋਂ ਕੈਨੇਡਾ ਦੇ ਉਤਪਾਦਾਂ ਉੱਪਰ ਟੈਰਿਫ ਲਗਾਏ ਗਏ ਸਨ ਤਾਂ ਕ੍ਰਿਸ਼ਟੀਆ ਫਰੀਲੈਂਡ ਵੱਲੋਂ ਉਸ ਮੌਕੇ ਵੀ ਬਰਾਬਰ ਦੇ ਟੈਰਿਫ਼ ਲਗਾਉਣ ਦਾ ਫੈਸਲਾ ਕੀਤਾ ਗਿਆ ਸੀ ਜਿਸ ਤੋਂ ਬਾਅਦ ਡੋਨਲਡ ਟਰੰਪ ਪ੍ਰਸ਼ਾਸਨ ਨੂੰ ਇਹ ਫੈਸਲਾ ਵਾਪਸ ਲੈਣਾ ਪਿਆ ਸੀ।

## ਰੂਸੀ ਫੌਜ ਵਿੱਚ ਸੇਵਾ ਦੇ ਰਹੇ 16 ਭਾਰਤੀਆਂ ਦੇ ਗੁੰਮ ਹੋਣ ਦਾ ਖ਼ਦਸ਼ਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਰੂਸ ਨੇ ਭਾਰਤ ਨੂੰ ਸੂਚਿਤ ਕੀਤਾ ਹੈ ਕਿ ਰੂਸੀ ਫੌਜ ਵਿੱਚ ਸੇਵਾ ਦੇ ਰਹੇ 16 ਭਾਰਤੀ ਲਾਪਤਾ ਹਨ। ਮੰਤਰਾਲੇ ਨੇ ਕਿਹਾ ਕਿ ਰੂਸੀ ਫੌਜ ਵਿੱਚ ਕੰਮ ਕਰ ਰਹੇ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜਣ ਦੀ ਅਪੀਲ ਕੀਤੀ ਗਈ ਹੈ। ਰੂਸੀ ਫੌਜ ਵਿੱਚ ਤਾਇਨਾਤ 12 ਭਾਰਤੀਆਂ ਦੀ ਹੁਣ ਤੱਕ ਮੌਤ ਹੋ ਚੁੱਕੀ ਹੈ।ਭਾਰਤੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ ਕਿ ਰੂਸੀ ਫੌਜ ਵਿੱਚ ਭਾਰਤੀ ਨਾਗਰਿਕਾਂ ਦੇ ਕੰਮ ਕਰਨ ਦੇ 126 ਮਾਮਲੇ ਹਨ। ਇਨ੍ਹਾਂ 126 'ਚੋਂ 96 ਲੋਕ ਭਾਰਤ ਪਰਤ ਆਏ ਹਨ ਅਤੇ ਰੂਸੀ ਹਥਿਆਰਬੰਦ ਬਲਾਂ ਤੋਂ ਉਨ੍ਹਾਂ ਨੂੰ ਮੁਕਤ ਕਰਾ ਦਿੱਤਾ ਗਿਆ ਹੈ।'' ਉਨ੍ਹਾਂ ਕਿਹਾ, ''ਰੂਸ ਦੀ ਫੌਜ ਵਿੱਚ ਹੁਣ ਵੀ 18 ਭਾਰਤੀ ਨਾਗਰਿਕ ਹਨ ਜਿਨ੍ਹਾਂ 'ਚੋਂ 16 ਦਾ ਥਹੁ ਪਤਾ ਨਹੀਂ ਹੈ।'' ਜੈਸਵਾਲ ਨੇ ਕਿਹਾ, ''ਰੂਸ ਨੇ ਇਨ੍ਹਾਂ ਨੂੰ ਲਾਪਤਾ ਦੀ ਸ਼੍ਰੇਣੀ ਵਿੱਚ ਰੱਖਿਆ ਹੈ, ਜੋ ਅਜੇ ਵੀ ਫੌਜ 'ਚ ਹਨ। ਅਸੀਂ ਉਨ੍ਹਾਂ ਨੂੰ ਮੁਕਤ ਕਰਨ ਤੇ ਵਾਪਸ ਭੇਜਣ ਦੀ ਮੰਗ ਕਰਦੇ ਹਾਂ।'

## ਗੋਲੀਬੰਦੀ ਹੋਣ ਕਾਰਨ ਜੰਗ 'ਚ ਉੱਜੜੇ ਲੱਖਾਂ ਫਲਸਤੀਨੀਆਂ ਨੂੰ ਆਪਣੇ ਘਰਾਂ ਵੱਲ ਮੁੜਨ ਦਾ ਮੌਕਾ ਮਿਲੇਗਾ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਇਲੀ ਕੈਬਨਿਟ ਨੇ ਗਾਜ਼ਾ ਪੱਟੀ 'ਚ ਗੋਲੀਬੰਦੀ ਅਤੇ ਹਮਾਸ ਵੱਲੋਂ ਬੰਧਕ ਬਣਾਏ ਗਏ ਲੋਕਾਂ ਨੂੰ ਰਿਹਾਅ ਕਰਨ ਸਬੰਧੀ ਸਮਝੌਤੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ 15 ਮਹੀਨੇ ਤੋਂ ਜਾਰੀ ਜੰਗ ਰੁਕ ਗਈ ਅਤੇ ਸ਼ਾਂਤੀ ਵਾਰਤਾ ਦਾ ਰਾਹ ਪੱਧਰਾ ਹੋ ਗਿਆ। ਗੋਲੀਬੰਦੀ ਹੋਣ ਕਾਰਨ ਜੰਗ 'ਚ ਉੱਜੜੇ ਲੱਖਾਂ ਫਲਸਤੀਨੀਆਂ ਨੂੰ ਆਪਣੇ ਘਰਾਂ ਵੱਲ ਮੁੜਨ ਦਾ ਮੌਕਾ ਵੀ ਮਿਲੇਗਾ। ਕੈਬਨਿਟ ਮੀਟਿੰਗ ਤੋਂ ਪਹਿਲਾਂ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਐਲਾਨ ਕੀਤਾ ਕਿ ਹਮਾਸ ਵੱਲੋਂ ਬੰਦੀ ਬਣਾਏ ਗਏ ਲੋਕਾਂ ਨੂੰ ਰਿਹਾਅ ਕਰਨ ਸਬੰਧੀ ਸਮਝੌਤੇ 'ਤੇ ਸਹਿਮਤੀ ਬਣ ਗਈ ਹੈ।ਹਾਲਾਂਕਿ ਇੱਕ ਦਿਨ ਪਹਿਲਾਂ ਨੇਤਨਯਾਹੂ ਦੇ ਦਫ਼ਤਰ ਨੇ ਕਿਹਾ ਸੀ ਕਿ ਗਾਜ਼ਾ 'ਚ ਜੰਗਬੰਦੀ ਅਤੇ ਫਲਸਤੀਨੀ ਕੈਦੀਆਂ ਦੀ ਰਿਹਾਈ ਦੇ ਬਦਲੇ ਬੰਦੀਆਂ ਨੂੰ ਰਿਹਾਅ ਕਰਨ ਲਈ ਗੱਲਬਾਤ 'ਚ ਆਖਰੀ ਸਮੇਂ ਵਿੱਚ ਅੜਿੱਕਾ ਪਿਆ ਸੀ। ਨੇਤਨਯਾਹੂ ਨੇ ਕਿਹਾ ਕਿ ਉਨ੍ਹਾਂ ਗਾਜ਼ਾ ਤੋਂ ਬੰਦੀਆਂ ਦੀ ਵਾਪਸੀ ਲਈ ਇੱਕ ਵਿਸ਼ੇਸ਼ ਕਾਰਜ ਬਲ ਤਿਆਰ ਕਰਨ ਦਾ ਨਿਰਦੇਸ਼ ਦਿੱਤਾ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ ਕਿ ਸਮਝੌਤਾ ਹੋ ਗਿਆ ਹੈ। ਉਨ੍ਹਾਂ ਬੰਦੀਆਂ ਦੇ ਰਿਹਾਅ ਹੋਣ ਮਗਰੋਂ ਇਲਾਜ ਲਈ ਹਸਪਤਾਲਾਂ ਨੂੰ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਉੱਧਰ, ਫਲਸਤੀਨੀ ਸਿਹਤ ਮੰਤਰਾਲੇ ਨੇ ਕਿਹਾ ਕਿ ਹੁਣ ਤੱਕ ਜੰਗ 'ਚ 46,876 ਫਲਸਤੀਨੀ ਮਾਰੇ ਜਾ ਚੁੱਕੇ ਹਨ ਅਤੇ 110,642 ਜ਼ਖ਼ਮੀ ਹੋਏ ਹਨ।

## ਅਮਰੀਕਾ ਕੈਲੀਫੋਰਨੀਆ ਸੂਬੇ ਨੂੰ ਜੰਗਲੀ ਅੱਗਾਂ ਨੇ ਵੱਡੇ ਪੱਧਰ ਉੱਪਰ ਸਾੜ ਸੁਟਿਆ ਹੈ।

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਕੈਲੀਫੋਰਨੀਆ ਵਿੱਚ ਜੰਗਲੀ ਅੱਗਾਂ ਦਾ ਕਹਿਰ ਅਜੇ ਵੀ ਜਾਰੀ ਹੈ। ਕੈਲੀਫੋਰਨੀਆ ਦਾ ਦੱਖਣੀ ਹਿੱਸਾ ਲਾਸ ਐਂਜਲਸ ਦੇ ਵਿੱਚ ਹਜ਼ਾਰਾਂ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜਬੂਰ ਹਨ। ਲਾਸ ਏਜਲਸ ਵਿੱਚ ਇੱਕ ਹਫਤੇ ਵਿੱਚ ਦੋ ਵਾਰ ਜੰਗਲਾਂ ਵਿੱਚ ਅੱਗ ਲੱਗ ਚੁੱਕੀ ਹੈ। ਅੱਗ ਵਿੱਚ ਹੁਣ ਤੱਕ 26 ਲੋਕਾਂ ਦੀ ਮੌਤ ਹੋ ਚੁੱਕੀ ਹੈ। ਦੱਖਣੀ ਕੈਲੀਫੋਰਨੀਆ ਦਾ ਬਹੁਤ ਸਾਰਾ ਹਿੱਸਾ ਅੱਗ ਤੋਂ ਪ੍ਰਭਾਵਿਤ ਹੋਇਆ ਹੈ। ਸੈਂਡਿਆਗੋ ਤੋਂ ਲੈ ਕੇ ਲਾਸ ਐਂਜਲਸ ਤੱਕ 482 ਕਿਲੋਮੀਟਰ ਦੇ ਖੇਤਰ ਵਿੱਚ ਵਰਕਰ ਹਾਈ ਅਲਰਟ ਤੇ ਹਨ। ਅੱਗ ਲੱਗਣ ਦੇ ਡਰੋਂ ਬਿਜਲੀ ਕੰਪਨੀਆਂ ਨੇ ਬਿਜਲੀ ਸਪਲਾਈ ਕੱਟ ਦਿੱਤੀ ਹੈ ਜਿਸ ਕਾਰਨ ਲਗਭਗ 90 ਹਜਾਰ ਘਰ ਬਿਜਲੀ ਤੋਂ ਬਿਨਾਂ ਰਹਿ ਰਹੇ ਹਨ। । ਪੁਲਿਸ ਨੇ ਲੁੱਟ ਖੋਹ, ਅੱਗ ਪ੍ਰਭਾਵਿਤ ਇਲਾਕਿਆਂ ਵਿੱਚ ਡਰੋਨ ਉਡਾਉਣ, ਕਰਫਿਊ ਦੀ ਉਲੰਘਣਾ ਅਤੇ ਹੋਰ ਅਪਰਾਧਾਂ ਦੇ ਦੋਸ਼ ਵਿੱਚ ਲਗਭਗ 50 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਲਾਸ ਏਜਲਸ ਪੁਲਿਸ ਮੁਖੀ ਜਿਮ ਮੈਕਡੋਨਲ ਨੇ ਕਿਹਾ ਕਿ ਇਹਨਾਂ ਅਪਰਾਧਾਂ ਵਿੱਚ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ੀਆਂ ਨੂੰ ਛੋਟੀਆਂ ਛੋਟੀਆਂ ਅੱਗਾਂ ਲਗਾਉਂਦੇ ਦੇਖਿਆ ਗਿਆ ਜਿਨਾਂ ਨੂੰ ਤੁਰੰਤ ਬੁਝਾ ਦਿੱਤਾ ਗਿਆ। ਲਾਸ ਐਂਜਲੈਸ ਦੀ ਮੇਅਰ ਕੈਨ ਮਾਸ ਨੇ ਆਖਿਆ ਕਿ ਉਸਨੇ ਅੱਗ ਤੋਂ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ ਹੈ। ਇਸ ਸੰਕਟ ਦੇ ਕਾਰਨ ਹੋਲੀਵੁੱਡ ਵਿੱਚ ਕਈ ਪੁਰਸਕਾਰ ਸਮਾਰੋਹ ਮੁਲਤਵੀ ਕਰ ਦਿੱਤੇ ਗਏ ਹਨ। ਆਸਕਰ ਲਈ ਨਾਮਜ਼ਦਗੀਆਂ ਦੋ ਵਾਰ ਮੁਲਤਵੀ ਕਰ ਦਿੱਤੀਆਂ ਗਈਆਂ ਹਨ ਅਤੇ ਕੁੱਝ ਸੰਸਥਾਵਾਂ ਨੇ ਸੰਭਾਵਿਤ ਤਰੀਕ ਦਾ ਐਲਾਨ ਕੀਤੇ ਬਿਨਾਂ ਆਪਣੇ ਪੁਰਸਕਾਰ ਸਮਾਰੋਹ ਵੀ ਮੁਲਤਵੀ ਕਰ ਦਿੱਤੇ ਹਨ।



## ਅਰਪਨ ਲਿਖਾਰੀ ਸਭਾ ਵਾਲਿਆਂ ਨੇ ''ਛੱਡ ਨਾ ਹੱਥਾਂ ਵਿੱਚੋਂ, ਰੰਬੇ, ਕਹੀਆਂ, ਦਾਤੀਆਂ' ਰਾਹੀਂ ਕਿਸਾਨ ਪੁੱਤਰਾਂ ਨੂੰ ਖੇਤੀ ਦਾ ਧੰਦਾ ਜਾਰੀ ਰੱਖਣ ਦਾ ਸੁਨੇਹਾ ਦਿੱਤਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਇਸ ਸਾਲ ਦੀ ਪਹਿਲੀ ਮਹੀਨਾਵਾਰ ਮੀਟਿੰਗ 11 ਜਨਵਰੀ ਨੂੰ ਕੋਸੋ ਹਾਲ ਵਿੱਚ ਹੋਈ, ਜਿਸ ਦੀ ਪ੍ਰਧਾਨਗੀ ਡਾ। ਜੋਗਾ ਸਿੰਘ ਸਹੋਤਾ ਅਤੇ ਜਗਦੇਵ ਸਿੰਘ ਸਿੱਧੂ ਨੇ ਕੀਤੀ। ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਅਤੇ ਨਵਾਂ ਵਰ੍ਹਾ ਮੁਬਾਰਕ ਆਖਦਿਆਂ ਜਰਨੈਲ ਸਿੰਘ ਤੱਗੜ ਨੇ ਅੱਜ ਦੀ ਮੀਟਿੰਗ ਦੇ ਵਿਚਾਰ ਵਟਾਂਦਰੇ ਬਾਰੇ ਗੱਲ ਕਰਦਿਆਂ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਾਰੇ, ਗਦਰੀ ਬਾਬੇ ਸੋਹਨ ਸਿੰਘ ਭਕਨਾ ਬਾਰੇ, ਲੋਹੜੀ- ਮਾਘੀ, ਚਾਲ਼ੀ ਮੁਕਤਿਆਂ ਬਾਰੇ, ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਬਾਰੇ ਅਤੇ ਚੱਲ ਰਹੇ ਕਿਸਾਨੀ ਮੋਰਚੇ ਬਾਰੇ ਮੌਕੇ ਮੁਤਾਬਿਕ ਢੁੱਕਵੇਂ ਸ਼ਬਦਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ।



ਦੋਸਤਾ ਤੂੰ ਦੋਸਤੀ ਦੀ ਸ਼ਾਨ ਵਰਗਾ ਖ਼ਤ ਲਿਖੀਂ'ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਆਪਣੀ ਇਸ ਗ਼ਜ਼ਲ ਰਾਹੀਂ ਸ਼ੁਰੂਆਤ ਕੀਤੀ '। ਲਖਵਿੰਦਰ ਜੌਹਲ ਨੇ ਕਰਨੈਲ ਸਿੰਘ ਪਾਰਸ ਦੀ ਲਿਖੀ ਛੋਟੇ ਸਾਹਿਬਜ਼ਾਦਿਆਂ ਬਾਰੇ ਕਵੀਸ਼ਰੀ 'ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ' ਸੁਣਾ ਕੇ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਪਰਪੱਕ ਗਾਇਕ ਡਾ: ਹਰਮਿੰਦਰਪਾਲ ਸਿੰਘ ਨੇ ਫਿਲਮੀ ਗੀਤ ਤੋਂ ਇਲਾਵਾ ਵਿਅੰਗ ਤੇ ਹਾਸਰਸ ਦੀ ਕਵਿਤਾ 'ਪੰਡਿਤ ਜੀ ਕੀ ਇਹ ਲਾਲ ਮੇਰਾ' ਦੋਗਾਣਾ ਉਸੇ ਅੰਦਾਜ਼ ਵਿੱਚ ਗਾ ਕੇ ਆਸਾ ਸਿੰਘ ਮਸਤਾਨਾ ਅਤੇ ਸੁਰਿੰਦਰ ਕੌਰ ਦੀ ਯਾਦ ਨੂੰ ਸਾਕਾਰ ਕਰ ਦਿੱਤਾ। ਡਾ: ਜੋਗਾ ਸਿੰਘ ਸਹੋਤਾ ਨੇ ਸਾਹਿਰ ਲੁਧਿਆਣਵੀ ਦੀ ਗ਼ਜ਼ਲ 'ਨ ਝਟਕੋ ਜ਼ੁਲਫ਼ ਸੇ ਪਾਨੀ, ਯੇਹ ਮੋਤੀ ਫੂਟ ਜਾਏਂਗੇ', ਇੱਕ ਗੀਤ ਕੈਫ਼ੀ ਆਜ਼ਮੀ ਦਾ ਗੀਤ 'ਮਿਲੇ ਨ ਫੂਲ ਤੋ ਕਾਂਟੋਂ ਸੇ ਦੋਸਤੀ ਕਰ ਲੀ' ਤੋਂ ਇਲਾਵਾ ਹੀਰ ਵਾਰਿਸ ਸ਼ਾਹ ਦੀ ਬੈਂਤ 'ਹੀਰ ਆਖਦੀ ਜੋਗੀਆ ਝੂਠ ਬੋਲੇਂ, ਕੌਣ ਰੁੱਠੜੇ ਯਾਰ ਮਨਾਂਵਦਾ ਈ' ਨੂੰ ਆਪਣੀ ਪੁਰਖ਼ਲੂਸ ਆਵਾਜ਼ ਨਾਲ ਇਉਂ ਪੇਸ਼ ਕੀਤਾ ਕਿ ਸਰੋਤੇ ਮੰਤਰ-ਮੁਗਧ ਹੋਏ ਰਹੇ। ਜਸਵੀਰ ਸਿਹੋਤਾ ਨੇ ਆਪਣੀ ਤਾਜ਼ਾ ਲਿਖੀ ਕਵਿਤਾ 'ਛੱਡਿ? ਨਾ ਹੱਥਾਂ ਵਿੱਚੋਂ, ਰੰਬੇ, ਕਹੀਆਂ, ਦਾਤੀਆਂ' ਰਾਹੀਂ ਕਿਸਾਨ ਪੁੱਤਰਾਂ ਨੂੰ ਖੇਤੀ ਦਾ ਧੰਦਾ ਜਾਰੀ ਰੱਖਣ ਦਾ ਸੁਨੇਹਾ ਦਿੱਤਾ। ਮਾਸਟਰ ਹਰਭਜਨ ਸਿੰਘ ਆਪਣੇ ਸਫ਼ਰਨਾਮੇ ਦਾ ਇੱਕ ਚੈਪਟਰ ਪੜ੍ਹ ਕੇ ਸੁਣਾਉਂਦਿਆਂ ਸਰੋਤਿਆਂ ਨੂੰ ਪੈਰਿਸ ਦੇ ਆਈਫਲ-ਟਾਵਰ ਤੱਕ ਲੈ ਗਿਆ। ਕੁਲਦੀਪ ਕੌਰ ਘਟੌੜਾ ਨੇ ਰੁੱਖਾਂ ਨਾਲ ਸਾਂਝ ਪਾਉਂਦੀ ਕਵਿਤਾ ਸੁਣਾਈ। ਜਨਾਬ ਸਬਾਹ ਸਾਦੀਕ ਦੇ ਉਮਦਾ ਸ਼ੇਅਰਾਂ ਵਿੱਚੋਂ ਇੱਕ ਨਮੂਨਾ ਗ਼ੌਰ-ਏ-ਜ਼ਿਕਰ ਹੈ 'ਆਈਨੇ ਕੇ ਸੌ ਟੁਕੜੇ ਕਰ ਕੇ ਹਮ ਨੇ ਦੇਖੇ ਹੈਂ, ਏਕ ਮੇਂ ਭੀ ਤਨਹਾ ਥੇ ਸੌ ਮੇਂ ਭੀ ਤਨਹਾ ਹੈਂ'ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਸਤਨਾਮ ਢਾਅ ਨੇ ਚਰਨ ਸਿੰਘ ਸਫ਼ਰੀ ਦੀ ਬਹੁਤ ਹੀ ਮਕਬੂਲ ਕਵਿਤਾ 'ਮਾਤਾ ਭਾਗੋ ਜੀ ਦੀ ਵੰਗਾਰ' ਚਾਲ਼ੀ ਮੁਕਤਿਆਂ ਦਾ ਪ੍ਰਸੰਗ ਲੰਮੀ ਭਾਵਪੂਰਤ ਕਵਿਤਾ ਰਾਹੀਂ ਪੇਸ਼ ਕਰ ਕੇ ਖਿਦਰਾਣੇ ਦੀ ਢਾਬ ਦੀ ਜੰਗ ਦਾ ਦ੍ਰਿਸ਼ ਰੂਪਮਾਨ ਕਰ ਦਿੱਤਾ। ਬਹੁ-ਵਿਧਾਈ ਲੇਖਕ ਸਰਦੂਲ ਸਿੰਘ ਲੱਖਾ ਨੇ ਆਪਣੀਆਂ ਲਿਖੀਆਂ ਪੰਜਾਬੀ ਅਤੇ ਅੰਗ੍ਰੇਜ਼ੀ ਦੀਆਂ ਦੋ ਕਵਿਤਾਵਾਂ ਦਾ ਉਚਾਰਨ ਕੀਤਾ।ਪ੍ਰੋ: ਬਲਦੇਵ ਸਿੰਘ ਦੁੱਲਟ ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ: ਮਨਮੋਹਨ ਸਿੰਘ ਦੇ ਜੀਵਨ, ਪ੍ਰਾਪਤੀਆਂ ਅਤੇ ਯੋਗਦਾਨ ਉਪਰ ਭਰਪੂਰ ਰੌਸ਼ਨੀ ਪਾਈ। ਜਗਦੇਵ ਸਿੱਧੂ ਨੇ ਲੋਹੜੀ ਦੀ ਵਿਰਾਸਤੀ ਅਹਿਮੀਅਤ ਨਾਲ ਜੋੜ ਕੇ ਦੁੱਲਾ ਭੱਟੀ ਦੇ ਨਾਬਰੀ, ਦਲੇਰੀ ਅਤੇ ਗ਼ੈਰਤ ਵਾਲ਼ੇ ਕਿਰਦਾਰ ਨੂੰ ਪੰਜਾਬੀ ਸੁਭਾਅ ਦਾ ਪ੍ਰਤੀਕ ਦੱਸਿਆ। ਜਗਦੇਵ ਸਿੰਘ ਸਿੱਧੂ ਨੇ ਅੱਜ ਦੇ ਵਿਚਾਰ ਵਟਾਂਦਰੇ ਬਾਰੇ ਗੱਲ ਕਰਦਿਆਂ ਤਸੱਲੀ ਪ੍ਰਗਟ ਕੀਤੀ ਕਿ ਅੱਜ ਦੀ ਮੀਟਿੰਗ ਵਿੱਚ ਸਾਹਿਤ ਦੇ ਵੰਨ-ਸੁਵੰਨੇ ਰੰਗ ਜਿਵੇਂ ਕਵਿਤਾਵਾਂ, ਗੀਤ, ਲੇਖ, ਕਵੀਸ਼ਰੀ, ਸਫਰਨਾਮਾ, ਗ਼ਜ਼ਲਾਂ ਅਤੇ ਸ਼ੇਅਰ ਸ਼ਾਮਲ ਹੋਣਾ ਸਲਾਹੁਣਯੋਗ ਪ੍ਰਾਪਤੀ ਹੈ। ਜਰਨੈਲ ਤੱਗੜ ਸਲੀਕੇ ਨਾਲ ਕਾਰਵਾਈ ਚਲਾਉਂਦਿਆਂ ਸ਼ੇਅਰ ਵੀ ਪਰੋਸਦਾ ਰਿਹਾ। ਇਨ੍ਹਾਂ ਤੋਂ ਇਲਾਵਾ ਇਸ ਸਾਹਿਤਕ ਵਿਚਾਰ ਚਰਚਾ ਵਿੱਚ ਮਹਿੰਦਰ ਕੌਰ ਕਾਲੀ ਰਾਏ, ਅਵਤਾਰ ਕੌਰ ਤੱਗੜ, ਰਾਵਿੰਦਰ ਕੌਰ ਅਤੇ ਗੁਰਦੀਪ ਸਿੰਘ ਗਹੀਰ ਦੀ ਹਾਜ਼ਰੀ ਵੀ ਜ਼ਿਕਰਯੋਗ ਰਹੀ। ਅਖ਼ੀਰ ਵਿਚ ਪ੍ਰਧਾਨ ਡਾ। ਜੋਗਾ ਸਿੰਘ ਸਹੋਤਾ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ, ਮੀਟਿੰਗ ਨੂੰ ਯਾਦਗਾਰੀ ਦੱਸਦਿਆਂ ਹਾਜ਼ਰੀਨ ਦਾ ਧੰਨਵਾਦ ਕੀਤਾ।









# ਕੈਲਗਰੀ ਤੋਂ ਐਮ ਪੀ ਜੌਰਜ ਚਾਹਲ, ਮਾਰਕ ਕਾਰਨੀ ਨੂੰ ਕਨੇਡਾ ਦਾ ਪ੍ਰਧਾਨ ਮੰਤਰੀ ਬਣਿਆ ਦੇਖਣਾ ਚਾਹੁੰਦਾ ਹੈ।



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 9 ਮਾਰਚ 2025 ਨੂੰ ਹੋ ਰਹੀ ਫੈਡਰਲ ਲਿਬਰਲ ਪਾਰਟੀ ਦੀ ਲੀਡਰਸ਼ਿਪ ਚੋਣ ਤੋਂ ਪਹਿਲਾਂ ਹੀ ਕੈਲਗਰੀ ਦੇ ਇੱਕਲੌਤੇ ਮੌਜੂਦਾ ਲਿਬਰਲ ਐਮਪੀ ਜੌਰਜ ਚਾਹਲ ਨੇ ਮਾਰਕ ਕਾਰਨੀ ਨੂੰ ਪਾਰਟੀ ਦੇ ਨਵੇਂ ਨੇਤਾ ਵੱਜੋਂ ਸਮਰਥਨ ਦੇ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਗਏ ਇੱਕ ਪੱਤਰ ਵਿੱਚ, ਕੈਲਗਰੀ ਸਕਾਈਵਿਊ ਤੋਂ ਐਮਪੀ ਜਾਰਜ ਚਾਹਲ ਨੇ ਕਿਹਾ ਕਿ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੀ ਇਸ ਅਹੁਦੇ ਲਈ ਸਹੀ ਵਿਅਕਤੀ ਹਨ। ਚਾਹਲ ਨੇ ਕਿਹਾ ਕਿ, "ਮੌਜੂਦਾ ਚੁਣੌਤੀਆਂ ਦੇ ਸਮੇਂ, ਮਾਰਕ ਕਾਰਨੀ ਕੋਲ ਉਹਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਮੌਕਿਆਂ ਦਾ ਫਾਇਦਾ ਉਠਾਉਣ ਲਈ ਲੋੜੀਂਦਾ ਅਨੁਭਵ ਅਤੇ ਲੀਡਰਸ਼ਿਪ ਦਾ ਹੁਨਰ ਹੈ।" ਚਾਹਲ ਨੇ ਕਾਰਨੀ ਦੀ ਤੁਲਨਾ ਸਾਬਕਾ ਪ੍ਰਧਾਨ ਮੰਤਰੀ ਲੈਸਟਰ ਬੀ ਪੀਅਰਸਨ ਨਾਲ ਕਰਦਿਆਂ ਉਨ੍ਹਾਂ ਨੂੰ "ਇੱਕ ਮਹਾਨ ਜਨਤਕ ਸੇਵਕ" ਆਖਿਆ। ਚਾਹਲ ਨੇ ਕਿਹਾ, "ਮਾਰਕ ਕਾਰਨੀ ਕੋਈ ਪੇਸ਼ੇਵਰ ਸਿਆਸਤਦਾਨ ਨਹੀਂ ਹੈ, ਉਨ੍ਹਾਂ ਦੀ ਪ੍ਰਤੀਬੱਧਤਾ ਆਪਣੇ ਦੇਸ਼ ਅਤੇ ਦੇਸ਼ਵਾਸੀਆਂ ਪ੍ਰਤੀ ਰਹੀ ਹੈ।"

# ਫਿਰੌਤੀਆਂ ਲੈਣ ਲਈ ਗੋਲੀਬਾਰੀ ਕਰਨ ਵਾਲੇ 7 ਪੰਜਾਬੀ ਪੁਲਿਸ ਦੀ ਬਾਜ਼ ਅੱਖ ਤੋਂ ਬਚ ਨਾ ਸਕੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਓਟਾਰੀਓ ਦੀ ਪੀਲ ਪੁਲੀਸ ਨੇ ਪੈਸੇ ਬਟੋਰਨ ਲਈ ਬਰੈਂਪਟਨ 'ਚ ਇੱਕ ਭਾਰਤੀ ਮੂਲ ਦੇ ਵਪਾਰੀ ਦੇ ਘਰ 'ਤੇ ਦੋ ਵਾਰ ਗੋਲੀਬਾਰੀ ਕਰਨ ਦੇ ਮਾਮਲੇ ਵਿੱਚ ਸੱਤ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਚੋਂ ਤਿੰਨ ਮਨਪ੍ਰੀਤ ਸਿੰਘ, ਦਿਲਪ੍ਰੀਤ ਸਿੰਘ ਤੇ ਹਰਸ਼ਦੀਪ ਸਿੰਘ 'ਤੇ ਦੋਸ਼ ਹਨ ਕਿ ਉਨ੍ਹਾਂ ਨੇ ਲੰਘੀ 30 ਨਵਬੰਰ 2024 ਨੂੰ ਰਾਤ 2 ਵਜੇ ਮੌਂਟਿਨਬੈਰੀ ਰੋਡ ਉੱਤੇ ਮੌਂਟੈਨਿਸ਼ ਰੋਡ ਕੋਲ ਇੱਕ ਵਪਾਰੀ ਦੀ ਰਿਹਾਇਸ਼ 'ਤੇ ਗੋਲੀਆਂ ਚਲਾਈਆਂ ਤੇ ਫਰਾਰ ਹੋ ਗਏ। ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਉਨ੍ਹਾਂ ਦੀ ਪਛਾਣ ਕਰ ਕੇ ਉਨ੍ਹਾਂ ਦੀ ਰਿਹਾਇਸ਼ ਦੀ ਤਲਾਸ਼ੀ ਦੌਰਾਨ ਉੱਥੋਂ ਬੰਦੂਕ ਤੇ ਗੋਲੀ ਸਿੱਕਾ ਮਿਲਿਆ ਹੈ, ਪਰ ਮੁਲਜ਼ਮ ਉੱਥੋਂ ਫਰਾਰ ਹੋ ਚੁੱਕੇ ਸਨ। ਉਸੇ ਘਰ ਉਤੇ 2 ਜਨਵਰੀ ਦੀ ਰਾਤ ਨੂੰ ਫਿਰ ਗੋਲੀਬਾਰੀ ਕੀਤੀ ਗਈ। ਦੋਹੇਂ ਵਾਰ ਹੋਈ ਗੋਲੀਬਾਰੀ ਵਿੱਚ ਘਰ ਦੇ ਮੈਂਬਰ ਸੁਰੱਖਿਅਤ ਰਹੇ, ਪਰ ਉਨ੍ਹਾਂ ਦੇ ਮਨਾਂ 'ਚ ਦਹਿਸ਼ਤ ਪੈਦਾ ਹੋ ਗਈ। ਦੂਜੀ ਗੋਲੀਬਾਰੀ ਪਹਿਲੇ ਸ਼ੱਕੀਆਂ ਦੇ ਜਾਣਕਾਰਾਂ ਵੱਲੋਂ ਕੀਤੇ ਹੋਣ ਦਾ ਸਬੂਤ ਕੈਮਰਿਆਂ 'ਚੋਂ ਮਿਲਣ 'ਤੇ ਇਹ ਸਾਫ਼ ਹੋ ਗਿਆ ਕਿ ਉਹ ਇੱਕੋ ਗਰੋਹ ਦੇ ਮੈਂਬਰ ਹਨ। ਪੁਲੀਸ ਨੇ ਅਦਾਲਤ ਤੋਂ ਤਲਾਸ਼ੀ ਵਰੰਟ ਲੈ ਕੇ ਜਦ ਉਨ੍ਹਾਂ ਦੀ ਰਿਹਾਇਸ਼ ਦੀ ਛਾਣਬੀਣ ਕੀਤੀ ਤਾਂ ਉਥੋਂ ਵੀ ਅਸਲਾ ਤੇ ਗੋਲਾ ਬਾਰੂਦ ਮਿਲ ਗਿਆ। ਪੁਲੀਸ ਨੇ ਹੋਰ ਸਬੂਤ ਇੱਕੱਤਰ ਕਰ ਕੇ ਉਸ ਘਟਨਾ ਦੇ ਸ਼ੱਕੀ ਦੋਸ਼ੀਆਂ ਧਰਮਪ੍ਰੀਤ ਸਿੰਘ, ਮਨਪ੍ਰਤਾਪ ਸਿੰਘ, ਆਤਮਜੀਤ ਸਿੰਘ ਤੇ ਅਰਵਿੰਦਰਪਾਲ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਸਾਰਿਆਂ ਨੂੰ ਅਗਲੀ ਕਾਰਵਾਈ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਏਗਾ। ਇਨ੍ਹਾਂ 'ਚੋਂ ਚਾਰ ਤਾਂ ਪਹਿਲਾਂ ਵੀ ਇੰਜ ਦੀਆਂ ਕਾਰਵਾਈਆਂ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਸਨ, ਜਿਸ ਕਾਰਨ ਉਨ੍ਹਾਂ ਖਿਲਾਫ਼ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਦਾ ਜੁਰਮ ਵੀ ਜੁੜ ਗਿਆ ਹੈ।

# ਅਮਰੀਕਾ ਦੀਆਂ ਅਦਾਲਤਾਂ ਵਿਚ ਟਿਕਟੌਕ ਦੀ ਟਿਕ ਟਿਕ ਹੋ ਰਹੀ ਹੈ




ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਸੁਪਰੀਮ ਕੋਰਟ ਨੇ ਰਾਸ਼ਟਰੀ ਸੁਰੱਖਿਆ ਦੇ ਅਧਾਰ ਤੇ ਟਿਕਟੌਕ ਨੂੰ ਚੀਨੀ ਕੰਪਨੀ ਬਾਏ ਡ੍ਰੈਂਸ ਤੋਂ ਵੱਖ ਕਰਨ ਜਾਂ ਅਮਰੀਕਾ ਚ ਇਸਦੇ ਪਾਬੰਦੀ ਲਗਾਉਣ ਦੇ ਖਾਣੂੰਨ ਨੂੰ ਰੋਕਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਫੈਸਲੇ ਨੂੰ ਟਿਕਟੌਕ ਅਤੇ ਇਸ ਦੇ ਉਪਭੋਗਤਾਵਾਂ ਲਈ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਕਿਉਂਕਿ ਇਸ ਪਲੇਟਫਾਰਮ ਦੀ ਵਰਤੋਂ ਅਮਰੀਕਾ ਦੀ ਲਗਭਗ ਅੱਧੀ ਆਬਾਦੀ ਦੁਆਰਾ ਕੀਤੀ ਜਾਂਦੀ ਹੈ। ਸਰਬ ਸੰਮਤੀ ਨਾਲ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਬਾਈਡਨ ਪ੍ਰਸ਼ਾਸਨ ਦਾ ਪੱਖ ਲਿਆ ਤੇ ਅਪ੍ਰੈਲ ਵਿੱਚ ਜੋ ਬਾਈਡਨ ਦੁਆਰਾ ਹਸਤਾਖਰ ਕੀਤੇ ਗਏ ਵਿਦੇਸ਼ੀ ਨਿਯੰਤਰਿਤ ਐਪਲੀਕੇਸ਼ਨ ਅੱਠ ਤੋਂ ਸੁਰੱਖਿਆ ਕਰਨ ਵਾਲੇ ਅਮਰੀਕੀਆਂ ਨੂੰ ਬਰਕਰਾਰ ਰੱਖਿਆ। ਸੁਪਰੀਮ ਕੋਰਟ ਦੀ ਰਾਏ ਵਿੱਚ ਕਿਹਾ ਗਿਆ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ 170 ਮਿਲੀਅਨ ਤੋਂ ਵੱਧ ਅਮਰੀਕੀਆਂ ਲਈ ਟਿਕਟੌਕ ਪ੍ਰਗਟਾਵੇ ਲਈ ਇੱਕ ਵਿਲੱਖਣ ਅਤੇ ਵਿਆਪਕ ਆਊਟਲੈਟ ਸ਼ਮੂਲੀਅਤ ਦਾ ਇੱਕ ਸਾਧਨ ਅਤੇ ਭਾਈਚਾਰੇ ਦਾ ਇੱਕ ਸਰੋਤ ਪ੍ਰਦਾਨ ਕਰਦਾ ਹੈ। ਅਮਰੀਕਾ ਵਿੱਚ ਟਿਕਟੌਕ ਦੀ ਕਿਸਮਤ ਹੁਣ ਚੁਣੇ ਹੋਏ ਰਾਸ਼ਟਰਪਤੀ ਡੋਨਰ ਟਰੰਪ ਦੇ ਹੱਥ ਵਿੱਚ ਹੈ। ਜਿਸ ਨੇ ਅਸਲ ਵਿੱਚ ਆਪਣੇ ਪਹਿਲੇ ਪ੍ਰਸ਼ਾਸਨ ਦੌਰਾਨ ਟਿਕਟੌਕ ਪਾਬੰਦੀ ਦਾ ਸਮਰਥਨ ਕੀਤਾ ਸੀ ਪਰ ਹੁਣ ਇਸ ਮਾਮਲੇ ਤੇ ਆਪਣਾ ਰੁੱਖ ਬਦਲ ਲਿਆ ਹੈ। ਟਰੰਪ ਨੇ ਰਿਪਬਲੀਕਨ ਮੈਗਾਟੋਨਰ ਜੈਫੀਆਸੀ ਨਾਲ ਮੁਲਾਕਾਤ ਤੋਂ ਬਾਅਦ ਟਿਕਟੌਕ ਬਾਰੇ ਵਧੇਰੇ ਅਨੁਕੂਲਤਾ ਨਾਲ ਗੱਲ ਕਰਨੀ ਸ਼ੁਰੂ ਕੀਤੀ ਹੈ।

# ਅਮਰੀਕਾ ਦੇ ਬੈਟਰੀ ਸਟੋਰ ਵੀ ਅੱਗ ਦੀ ਲਪੇਟ ਵਿੱਚ ਆਏ

ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨ ਅਮਰੀਕਾ 'ਚ ਦੁਨੀਆ ਦੇ ਸਭ ਤੋਂ ਵੱਡੇ ਬੈਟਰੀ ਸਟੋਰੇਜ ਪਲਾਂਟਾਂ ਵਿੱਚੋਂ ਇੱਕ ਵਿੱਚ ਭਿਆਨਕ ਅੱਗ ਲੱਗਣ ਕਾਰਨ ਸੈਂਕੜੇ ਲੋਕਾਂ ਉਸ ਇਲਾਕੇ 'ਚੋਣ ਹਟਾਉਣਾ ਪਿਆ ਅਤੇ ਉੱਤਰੀ ਕੈਲੀਫੋਰਨੀਆ ਵਿੱਚ ਹਾਈਵੇਅ 1 ਦਾ ਇੱਕ ਹਿੱਸਾ ਬੰਦ ਕਰ ਦਿੱਤਾ ਗਿਆ। ਰਿਪੋਰਟ ਅਨੁਸਾਰ, ਅੱਗ ਦੀਆਂ ਲਪਟਾਂ ਅਤੇ ਕਾਲਾ ਧੂੰਆਂ ਉੱਠਿਆ ਜਿਸ ਕਾਰਨ ਲਗਭਗ 1,500 ਲੋਕਾਂ ਨੂੰ ਮੌਸ ਲੈਂਡਿੰਗ ਅਤੇ ਐਲਖੋਰਨ ਸਲੋਹ ਖੇਤਰਾਂ ਨੂੰ ਖਾਲੀ ਕਰਵਾਉਣਾ ਪਿਆ। ਸੈਨ ਫਰਾਂਸਿਸਕੋ ਤੋਂ ਲਗਭਗ 124 ਕਿਲੋਮੀਟਰ ਦੱਖਣ ਵਿੱਚ ਸਥਿਤ ਮੌਸ ਲੈਂਡਿੰਗ ਪਾਵਰ ਪਲਾਂਟ, ਟੈਕਸਾਸ ਦੀ ਕੰਪਨੀ ਵਿਸਟਰਾ ਐਨਰਜੀ ਦੀ ਮਲਕੀਅਤ ਹੈ ਅਤੇ ਇਸ ਵਿੱਚ ਵੱਡੀ ਗਿਣਤੀ 'ਚ ਲਿਥੀਅਮ ਬੈਟਰੀਆਂ ਹਨ। ਇਹ ਬੈਟਰੀਆਂ ਸੂਰਜੀ ਊਰਜਾ ਵਰਗੇ ਨਵਿਆਉਣਯੋਗ ਊਰਜਾ ਸਰੋਤਾਂ ਤੋਂ ਬਿਜਲੀ ਸਟੋਰ ਕਰਨ ਲਈ ਬਹੁਤ ਜ਼ਰੂਰੀ ਹਨ, ਪਰ ਜੇਕਰ ਇਨ੍ਹਾਂ ਨੂੰ ਅੱਗ ਲੱਗ ਜਾਂਦੀ ਤਾਂ ਇਨ੍ਹਾਂ ਨੂੰ ਬੁਝਾਉਣਾ ਬਹੁਤ ਮੁਸ਼ਕਲ ਹੈ।



# ਸੋਨੇ ਦੀ ਖਾਣ ਵਿੱਚ ਫਸੇ ਮਜਦੂਰਾਂ ਵਿੱਚੋਂ ਸੌ ਦੇ ਕਰੀਬ ਮਜਦੂਰਾਂ ਦੀ ਮੌਤ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੱਖਣੀ ਅਫ਼ਰੀਕਾ ਵਿੱਚ ਪਿਛਲੇ 2 ਮਹੀਨਿਆਂ ਤੋਂ ਇੱਕ ਸੋਨੇ ਦੀ ਖਾਣ ਵਿੱਚ ਫਸੇ 100 ਤੋਂ ਵੱਧ ਮਜ਼ਦੂਰਾਂ ਦੀ ਮੌਤ ਹੋ ਗਈ ਹੈ। ਮਿਲੀ ਜਾਣਕਾਰੀ ਅਨੁਸਾਰ, ਖਾਣ ਵਿੱਚ 400 ਤੋਂ ਵੱਧ ਕਾਮੇ ਮੌਜੂਦ ਸਨ। ਇਹ ਸਾਰੇ ਗੈਰ-ਖਾਣੂੰਨੀ ਢੰਗ ਨਾਲ ਸੋਨਾ ਖੁਦਾਈ ਕਰਨ ਲਈ ਖਾਣ ਵਿੱਚ ਦਾਖ਼ਲ ਹੋਏ ਸਨ। ਰਿਪੋਰਟ ਅਨੁਸਾਰ ਮਜ਼ਦੂਰਾਂ ਨੇ ਭੁੱਖ ਅਤੇ ਪਿਆਸ ਕਾਰਨ ਆਪਣੀਆਂ ਜਾਨਾਂ ਗੁਆ ਦਿਤੀਆਂ ਹਨ। ਹੁਣ ਤਕ 13 ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ। ਬਹੁਤ ਸਾਰੇ ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ। ਬਚਾਏ ਗਏ ਕਾਮਿਆਂ ਕੋਲੋਂ ਮਿਲੇ ਸੈੱਲਫੋਨ ਵਿੱਚ ਰਿਕਾਰਡ ਹੋਈਆਂ ਵੀਡੀਜ਼ ਵਿੱਚ ਦਰਜਨਾਂ ਲਾਸ਼ਾਂ ਪੋਲੀਥੀਨ ਵਿੱਚ ਲਪੇਟੀਆਂ ਹੋਈਆਂ ਦਿਖਾਈ ਦੇ ਰਹੀਆਂ ਹਨ। ਖਾਣਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨਾਲ ਜੁੜੀ ਇੱਕ ਸਮਾਜਿਕ ਸੰਸਥਾ, ਮਾਈਨਿੰਗ ਅਫੈਕਟੇਡ ਕਮਿਊਨਿਟੀਜ਼ ਯੂਨਾਈਟਿਡ ਇਨ ਐਕਸ਼ਨ (MACUA) ਦੇ ਅਨੁਸਾਰ, ਪੁਲਿਸ ਨੇ ਪਿਛਲੇ ਸਾਲ ਨਵੰਬਰ ਵਿੱਚ ਗੈਰ-ਕਾਨੂੰਨੀ ਮਾਈਨਿੰਗ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਸੀ ਜਿਸ ਤਹਿਤ ਪੁਲਿਸ ਨੇ ਇਸ ਖਾਣ ਨੂੰ ਸੀਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਲਈ ਮਜ਼ਦੂਰਾਂ ਨੂੰ ਬਾਹਰ ਆਉਣ ਲਈ ਕਿਹਾ ਗਿਆ। ਹਾਲਾਂਕਿ, ਗ੍ਰਿਫ਼ਤਾਰੀ ਦੇ ਡਰੋਂ, ਮਜ਼ਦੂਰਾਂ ਨੇ ਖਾਣ ਵਿੱਚੋਂ ਬਾਹਰ ਆਉਣ ਤੋਂ ਇਨਕਾਰ ਕਰ ਦਿਤਾ। ਇਸ ਤੋਂ ਬਾਅਦ ਇਹ ਮਜ਼ਦੂਰ ਖਾਣ ਵਿੱਚ ਹੀ ਫਸ ਗਏ।













## ਸੰਪਾਦਕੀ



ਪਰਵਾਸ ਵਿਸ਼ਵੀਕਰਨ ਦਾ ਅਹਿਮ ਹਿੱਸਾ ਹੈ, ਤੁਸੀਂ ਇਸ ਨੂੰ ਰੋਕ ਨਹੀਂ ਸਕਦੇ।

-ਮਾਰਗਰੇਟ ਹਾਜ

### ਹੁਣ ਕਾਨੂੰਨ ਥੋੜਾ ਜਾਗਿਆ ਹੈ

ਕੋਲਕਾਤਾ ਦੇ ਆਰਜੀ ਕਾਰ ਹਸਪਤਾਲ ਵਿੱਚ ਇੱਕ ਸਿਖਿਆਰਥੀ ਡਾਕਟਰ ਨਾਲ ਬਲਾਤਕਾਰ ਅਤੇ ਫਿਰ ਕਤਲ ਦੇ ਮਾਮਲੇ ਵਿੱਚ ਅਦਾਲਤ ਨੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਨਾਲ ਪੀੜਤ ਪਰਿਵਾਰ ਅਤੇ ਇਨਸਾਫ਼ ਦੀ ਮੰਗ ਕਰ ਰਹੇ ਲੋਕਾਂ ਨੂੰ ਯਕੀਨਨ ਰਾਹਤ ਮਿਲੀ ਹੈ। ਇਸ ਨਾਲ ਬਲਾਤਕਾਰ ਵਰਗੇ ਮਾਮਲਿਆਂ ਵਿੱਚ ਜਲਦੀ ਸੁਣਵਾਈ ਅਤੇ ਫੈਸਲੇ ਦੀ ਉਮੀਦ ਵੀ ਪੈਦਾ ਹੋਈ ਹੈ। ਪਿਛਲੇ ਸਾਲ ਅਗਸਤ ਵਿੱਚ ਹਸਪਤਾਲ ਦੇ ਕਾਨਫਰੰਸ ਰੂਮ ਵਿੱਚੋਂ ਇੱਕ ਸਿਖਿਆਰਥੀ ਡਾਕਟਰ ਦੀ ਲਾਸ਼ ਮਿਲੀ ਸੀ। ਜਾਂਚ ਵਿੱਚ ਸਾਹਮਣੇ ਆਇਆ ਕਿ ਉਸ ਨਾਲ ਬਲਾਤਕਾਰ ਕੀਤਾ ਗਿਆ ਸੀ। ਇਸ ਨੂੰ ਲੈ ਕੇ ਕਾਫੀ ਹੰਗਾਮਾ ਸ਼ੁਰੂ ਹੋ ਗਿਆ। ਮੁਢਲੀ ਜਾਂਚ ਵਿੱਚ ਹੀ ਮੁਲਜ਼ਮ ਦੀ ਪਛਾਣ ਹੋ ਗਈ ਸੀ। ਫਿਰ ਦੇਸ਼ ਭਰ ਦੇ ਡਾਕਟਰ ਅੰਦੋਲਨ 'ਤੇ ਉਤਰ ਆਏ, ਕਈ ਸ਼ਹਿਰਾਂ 'ਚ ਸਿਵਲ ਸੰਗਠਨਾਂ ਨੇ ਵੀ ਵਿਰੋਧ ਪ੍ਰਦਰਸ਼ਨ ਕੀਤਾ। ਕੋਲਕਾਤਾ ਵਿੱਚ ਡਾਕਟਰਾਂ ਅਤੇ ਨਾਗਰਿਕਾਂ ਨੇ ਇਸ ਘਟਨਾ ਦਾ ਵਿਰੋਧ ਜਾਰੀ ਰੱਖਿਆ। ਫਿਰ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ ਸੀ। ਜਾਂਚ ਵਿੱਚ ਤੇਜ਼ੀ ਲਿਆਂਦੀ ਗਈ ਅਤੇ ਮੁਲਜ਼ਮਾਂ ਖ਼ਿਲਾਫ਼ ਪੁਖਤਾ ਸਬੂਤ ਮਿਲੇ ਹਨ। ਇਸੇ ਆਧਾਰ 'ਤੇ ਅਦਾਲਤ ਨੇ ਆਪਣਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਦੋ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਸੁਣਵਾਈ ਪੂਰੀ ਕਰਦੇ ਹੋਏ ਆਪਣਾ ਫੈਸਲਾ ਸੁਣਾਇਆ। ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਜੇਕਰ ਜਾਂਚ ਏਜੰਸੀਆਂ ਮੁਸਤੈਦੀ ਦਿਖਾਉਂਦੀਆਂ ਹਨ ਅਤੇ ਅਦਾਲਤਾਂ ਬਲਾਤਕਾਰ ਅਤੇ ਕਤਲ ਵਰਗੇ ਮਾਮਲਿਆਂ ਦੀ ਸੁਣਵਾਈ ਗੰਭੀਰਤਾ ਨਾਲ ਕਰਨ ਤਾਂ ਜਲਦੀ ਇਨਸਾਫ਼ ਮਿਲ ਸਕਦਾ ਹੈ। ਬਲਾਤਕਾਰ ਦੇ ਕੇਸਾਂ ਵਿੱਚ ਅਕਸਰ ਦੇਖਿਆ ਜਾਂਦਾ ਹੈ ਕਿ ਦੋਸ਼ੀ ਸਾਬਤ ਨਹੀਂ ਹੁੰਦਾ। ਪੀੜਤਾ ਅਤੇ ਉਸ ਦਾ ਪਰਿਵਾਰ ਇਨਸਾਫ਼ ਤੋਂ ਵਾਂਝਾ ਰਹਿ ਜਾਂਦਾ ਹੈ। ਬਲਾਤਕਾਰ ਦੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਦੀ ਦਰ ਬਹੁਤ ਘੱਟ ਹੈ। ਇਸੇ ਲਈ ਅਜਿਹੇ ਅਪਰਾਧ ਕਰਨ ਵਾਲਿਆਂ ਦਾ ਮਨੋਬਲ ਤੋੜਨਾ ਔਖਾ ਹੈ। ਦਿੱਲੀ 'ਚ ਨਿਰਭਯਾ ਕਾਂਡ ਤੋਂ ਬਾਅਦ ਔਰਤਾਂ ਵਿਰੁੱਧ ਅਪਰਾਧ ਨਾਲ ਸਬੰਧਤ ਕਾਨੂੰਨ ਬਹੁਤ ਸਖ਼ਤ ਕਰ ਦਿੱਤੇ ਗਏ ਸਨ। ਬਲਾਤਕਾਰ ਦੇ ਮਾਮਲਿਆਂ ਵਿੱਚ ਜਾਂਚ ਅਤੇ ਮੁਕੱਦਮੇ ਵਿੱਚ ਤੇਜ਼ੀ ਲਿਆਉਣ ਦੀ ਵਿਵਸਥਾ ਕੀਤੀ ਗਈ ਸੀ। ਪਰ ਉਸ ਦਾ ਵੀ ਕੋਈ ਉਮੀਦ ਅਨੁਸਾਰ ਅਸਰ ਹੁੰਦਾ ਨਜ਼ਰ ਨਹੀਂ ਆ ਰਿਹਾ। ਬਲਾਤਕਾਰ ਦੇ ਮਾਮਲੇ ਹਰ ਸਾਲ ਥੋੜ੍ਹਾ ਵੱਧ ਰਹੇ ਹਨ। ਉਥੋਂ ਦੇ ਪ੍ਰਸ਼ਾਸਨ ਨੇ ਮੁੱਢਲੇ ਤੌਰ 'ਤੇ ਆਰ।ਜੀ। ਕਾਰ ਹਸਪਤਾਲ ਦੀ ਘਟਨਾ ਨੂੰ ਦਬਾਉਣ ਅਤੇ ਛੁਪਾਉਣ ਦੀ ਕੋਸ਼ਿਸ਼ ਕੀਤੀ ਸੀ। ਜੇਕਰ ਉੱਥੋਂ ਦੇ ਡਾਕਟਰੀ ਕਰਮਚਾਰੀਆਂ ਅਤੇ ਜਾਗਰੂਕ ਨਾਗਰਿਕਾਂ ਨੇ ਅੰਦੋਲਨ ਨੂੰ ਤੇਜ਼ ਨਾ ਕੀਤਾ ਹੁੰਦਾ ਤਾਂ ਸ਼ਾਇਦ ਇਸ ਮਾਮਲੇ 'ਤੇ ਇੰਨੀ ਜਲਦੀ ਫੈਸਲਾ ਨਾ ਲਿਆ ਜਾਂਦਾ। ਪੱਛਮੀ ਬੰਗਾਲ ਸਰਕਾਰ ਨੇ ਉਸ ਅੰਦੋਲਨ ਦੇ ਦਬਾਅ ਹੇਠ ਹੀ ਕੇਸ ਦੀ ਨਿਰਪੱਖ ਜਾਂਚ ਵਿੱਚ ਸਹਿਯੋਗ ਕੀਤਾ। ਪੀੜਤ ਪਰਿਵਾਰ ਨੇ ਕਿਸੇ ਵੀ ਤਰ੍ਹਾਂ ਦਾ ਮੁਆਵਜ਼ਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦੀ ਮੰਗ ਸੀ ਕਿ ਇਨਸਾਫ਼ ਦਿੱਤਾ ਜਾਵੇ। ਸੀਬੀਆਈ ਅਤੇ ਹੋਰ ਧਿਰਾਂ ਦੋਸ਼ੀ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕਰ ਰਹੀਆਂ ਸਨ, ਪਰ ਅਦਾਲਤ ਨੇ ਬਹੁਤ ਹੀ ਸਦਭਾਵਨਾ ਭਰੇ ਢੰਗ ਨਾਲ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਆਰਜੀ ਕਾਰ ਸਿਖਿਆਰਥੀ ਡਾਕਟਰ ਕਤਲ ਕੇਸ ਦੀ ਜਾਂਚ ਪ੍ਰਕਿਰਿਆ ਅਤੇ ਮੁਕੱਦਮਾ ਇਸ ਗੱਲ ਦੀ ਇੱਕ ਉਦਾਹਰਣ ਹੈ ਕਿ ਅਜਿਹੇ ਮਾਮਲਿਆਂ ਨੂੰ ਕਿਵੇਂ ਨਜਿੱਠਿਆ ਜਾਣਾ ਚਾਹੀਦਾ ਹੈ। ਅਜਿਹੇ ਮਾਮਲੇ ਅਕਸਰ ਜਾਂਚ ਵਿੱਚ ਅਣਗਹਿਲੀ ਅਤੇ ਮੁਲਜ਼ਮਾਂ ਦੀ ਮਿਲੀਭੁਗਤ ਕਾਰਨ ਸਹੀ ਨਿਆਂ ਤੋਂ ਬਿਨਾਂ ਖਤਮ ਹੋ ਜਾਂਦੇ ਹਨ। ਜਿਨ੍ਹਾਂ ਮਾਮਲਿਆਂ 'ਚ ਪ੍ਰਭਾਵਸ਼ਾਲੀ ਲੋਕ ਦੋਸ਼ੀ ਹੁੰਦੇ ਹਨ, ਉਨ੍ਹਾਂ 'ਚ ਨਿਰਪੱਖ ਜਾਂਚ ਦੀ ਸੰਭਾਵਨਾ ਘੱਟ ਹੁੰਦੀ ਹੈ ਕਿਉਂਕਿ ਅਦਾਲਤਾਂ ਜਾਂਚ ਅਤੇ ਸਬੂਤਾਂ ਦੇ ਆਧਾਰ 'ਤੇ ਹੀ ਫੈਸਲੇ ਲੈਂਦੀਆਂ ਹਨ, ਪਰ ਜਦੋਂ ਉਨ੍ਹਾਂ ਨੂੰ ਸਹੀ ਢੰਗ ਨਾਲ ਪੇਸ਼ ਨਹੀਂ ਕੀਤਾ ਜਾਂਦਾ ਹੈ, ਤਾਂ ਮਾਮਲੇ ਧੁੰਦ 'ਚ ਗੁਆਚ ਜਾਂਦੇ ਹਨ। ਬਲਾਤਕਾਰ ਦੇ ਮਾਮਲਿਆਂ ਵਿੱਚ ਅਕਸਰ ਔਰਤਾਂ ਨੂੰ ਇਨਸਾਫ਼ ਨਹੀਂ ਮਿਲਦਾ ਕਿਉਂਕਿ ਉਨ੍ਹਾਂ ਕੋਲ ਯੋਗ ਵਕੀਲ ਰੱਖਣ ਲਈ ਪੈਸੇ ਅਤੇ ਪ੍ਰਸ਼ਾਸਨ 'ਤੇ ਦਬਾਅ ਬਣਾਉਣ ਦੀ ਸਮਰੱਥਾ ਨਹੀਂ ਹੁੰਦੀ। ਇਸ ਵਿਚ ਸਰਕਾਰਾਂ ਦੀ ਮਜ਼ਬੂਤ ਇੱਛਾ ਸ਼ਕਤੀ ਹੋਣੀ ਵੀ ਜ਼ਰੂਰੀ ਹੈ।

-ਅਮਨਦੀਪ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿਚ ਛਪਦੇ ਇਸ਼ਤਿਹਾਰਾਂ ਸਬੰਧੀ, ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਐਡਿਟ ਜਾਂ ਨਾ ਐਡਿਟ ਕਰਨ ਦਾ ਪੂਰਾ ਅਧਿਕਾਰ ਹੈ। - ਸੰਪਾਦਕ

# ਲੋਕਤੰਤਰ ਉਤੇ ਸਿੱਧਾ ਹਮਲਾ -ਮੁਫ਼ਤ ਰਿਉੜੀਆਂ ਵੰਡਣ ਦੀ ਸਿਆਸਤ



-ਗੁਰਮੀਤ ਸਿੰਘ ਪਲਾਹੀ
-9815802070

ਜਿਹਨਾ ਦੇਸ਼ਾਂ ਵਿੱਚ ਆਮ ਵੋਟਰ ਆਪਣੀ ਤਾਕਤ ਪੂਰੀ ਤਰ੍ਹਾਂ ਸਮਝਦੇ ਹਨ, ਉਥੇ ਉਹ ਸਿਆਸੀ ਨੇਤਾਵਾਂ ਨੂੰ ਆਪਣੀਆਂ ਉਂਗਲੀਆਂ ਉਥੇ ਨਚਾਉਣ ਦਾ ਕੰਮ ਕਰਦੇ ਹਨ। ਕੁਝ ਹੱਦ ਤੱਕ ਭਾਰਤ ਵਿੱਚ ਵੀ ਕੁਝ ਇਹੋ ਜਿਹਾ ਹੋਣ ਲੱਗਿਆ ਹੈ।

ਪਿਛਲੀਆਂ ਕੁਝ ਰਾਸ਼ਟਰੀ, ਸੂਬਾਈ ਚੋਣਾਂ ਵਿੱਚ ਵੇਖਿਆ ਜਾ ਰਿਹਾ ਹੈ ਕਿ ਦੇਸ਼ ਦੀਆਂ ਔਰਤਾਂ ਆਪਣਾ ਵੋਟ ਦੇਣ ਲਈ ਪੂਰੇ ਉਤਸ਼ਾਹ ਨਾਲ ਵੋਟ-ਬੂਥਾਂ 'ਤੇ ਦਿੱਸਦੀਆਂ ਹਨ, ਖ਼ਾਸ ਕਰਕੇ ਉਸ ਵੇਲੇ ਜਦੋਂ ਵੀ ਕਿਸੇ ਸਰਕਾਰ ਨੇ ਉਹਨਾਂ ਦੇ ਨਿੱਜੀ ਖਾਤੇ @ਚ ਰਿਆਇਤਾਂ ਦੇ ਪੈਸੇ ਜਮ੍ਹਾਂ ਕਰਵਾਉਣੇ ਸ਼ੁਰੂ ਕੀਤੇ ਹਨ; ਕਿਸੇ ਨੇ ਲਾਡਲੀ ਭੈਣ, ਯੋਜਨਾ ਅਧੀਨ ਜਾਂ ਕਿਸੇ ਨੇ ਕਿਸੇ ਹੋਰ ਯੋਜਨਾ ਵਿੱਚ। ਕੀ ਇਹ ਸਿੱਧਿਆਂ ਤੌਰ 'ਤੇ ਵੋਟ ਖਰੀਦਣ ਦਾ ਤਰੀਕਾ ਨਹੀਂ? ਕੀ ਔਰਤਾਂ-ਵੋਟਰ ਨੂੰ ਭਰਮਤ ਕਰਨ ਲਈ ਇੱਕ ਜਾਲ ਨਹੀਂ ਵਿਛਾਇਆ ਜਾ ਰਿਹਾ? ਕੀ ਇਹ ਰਾਜ ਨੇਤਾਵਾਂ ਦਾ ਲੋਕਤੰਤਰ ਉੱਤੇ ਸਿੱਧਾ ਹਮਲਾ ਨਹੀਂ? ਕੀ ਇਹ ਸਭ ਲੈਣ-ਦੇਣ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਨਾਲ ਖਿਲਵਾੜ ਨਹੀਂ ਹੈ? ਕੀ ਅਜਿਹਾ ਕਰਕੇ ਲੋਕਤੰਤਰ ਦੀ ਇੱਕ ਹੋਰ ਸੰਸਥਾ ਨੂੰ ਕਮਜ਼ੋਰ ਨਹੀਂ ਕੀਤਾ ਜਾ ਰਿਹਾ?

ਲੋਕਤੰਤਰ ਦੀਆਂ ਸੰਸਥਾਵਾਂ ਨੂੰ ਕੰਮਜ਼ੋਰ ਕਰਨ ਦਾ ਯਤਨ ਦੇਸ਼ ਵਿੱਚ ਲੰਮੇ ਸਮੇਂ ਤੋਂ ਹੋ ਰਿਹਾ ਹੈ। ਪਰ ਪਿਛਲੇ ਦਹਾਕੇ 'ਚ ਇਹ ਚਰਮ ਸੀਮਾਂ ਉਤੇ ਪੁੱਜ ਚੁੱਕਾ ਹੈ। ਸੀ.ਬੀ.ਆਈ, ਈ. ਡੀ ਵਰਗੀਆਂ ਖ਼ੁਦਮੁਖਤਾਰ ਸੰਸਥਾਵਾਂ ਦੇ ਪੈਰਾਂ 'ਚ ਬੇੜੀਆਂ ਪਾ ਦਿੱਤੀਆਂ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਨੂੰ ਸਰਕਾਰੀ ਹੱਥਾਂ 'ਚ ਕਰਨ ਲਈ ਚੋਣ ਕਮਿਸ਼ਨਰ ਦੀ ਨਿਯੁੱਕਤੀ ਕੇਂਦਰ ਸਰਕਾਰ ਨੇ ਆਪਣੇ ਹੱਥ ਲੈ ਲਈ, ਉਸ ਦੀ ਨਿਯੁੱਕਤੀ ਵਿੱਚ ਦੇਸ਼ ਦੀ ਸਰਵ-ਉੱਚ ਅਦਾਲਤ ਦਾ ਦਖ਼ਲ ਬੰਦ ਕਰ ਦਿੱਤਾ ਗਿਆ ਹੈ। ਖ਼ੁਦਮੁਖਤਾਰ ਸੰਸਥਾਵਾਂ ਨੂੰ ਆਪਣੀ ਸੇਧੇ ਚਲਾਉਣ ਲਈ ਅਤੇ ਆਪਣੇ ਅਨੁਸਾਰ ਫ਼ੈਸਲੇ ਕਰਵਾਉਣ ਲਈ ਦੇਸ਼ ਦੀ ਸਰਬ ਉੱਚ ਅਦਾਲਤ ਉਤੇ ਵੀ ਸਮੇਂ-ਸਮੇਂ 'ਤੇ ਤਰ੍ਹਾਂ-ਤਰ੍ਹਾਂ ਦੇ ਪ੍ਰਭਾਵ ਵੇਖੇ ਜਾ ਸਕਦੇ ਹਨ।

ਪਰ ਸਭ ਤੋਂ ਗੰਭੀਰ ਮਸਲਾ ਦੇਸ਼ ਵਿੱਚ ਵੋਟ ਖਰੀਦਣ ਅਤੇ ਵੋਟ ਪ੍ਰਭਾਵਤ ਕਰਨ ਦਾ ਹੈ। ਅਜਿਹਾ ਕਰਨ ਦੇ ਕੁੱਝ ਵਰ੍ਹਿਆਂ, ਇਥੋਂ ਤੱਕ ਕਿ ਕੁਝ ਦਹਾਕਿਆਂ ਤੱਕ ਦੇਸ਼ ਦੀ ਤਰੱਕੀ, ਅਤੇ ਗਰੀਬੀ ਹਟਾਓ, ਜਿਹੇ ਨਾਹਰੇ ਲਗਦੇ ਰਹੇ। ਦੇਸ਼ ਦੇ ਸੰਘੀ ਢਾਂਚੇ ਦੇ ਬਚਾਓ ਅਤੇ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਜਿਹੇ ਵਿਸ਼ਿਆਂ ਮਹਿੰਗਾਈ, ਬੇਰੁਜ਼ਗਾਰੀ ਦੇ ਮਾਮਲਿਆਂ 'ਤੇ ਆਮ ਤੌਰ 'ਤੇ ਸਿਆਸਤ ਕੀਤੀ ਜਾਂਦੀ ਰਹੀ। ਚੋਣਾਂ ਸਮੇਂ ਸਿਆਸੀ ਪਾਰਟੀਆਂ ਵਲੋਂ ਲੁਭਾਉਣੇ ਚੋਣ ਮੈਨੀਫੈਸਟੋ ਜਾਰੀ ਕੀਤੇ ਜਾਂਦੇ ਰਹੇ ਤਾਂ ਕਿ ਲੋਕ ਇਹਨਾਂ ਵੱਲ ਖਿੱਚੇ-ਤੁਰੇ ਆਉਣ

ਇਹ ਉਹ ਸਮਾਂ ਸੀ, ਜਦੋਂ ਸਿਆਸੀ ਪਾਰਟੀਆਂ ਵਿੱਚ ਅੰਦਰੂਨੀ ਲੋਕਤੰਤਰ ਸੀ। ਸਿਆਸੀ ਪਾਰਟੀਆਂ ਦੇ ਮੈਂਬਰਾਂ ਦੀ ਭਰਤੀ ਪਿੰਡ, ਸ਼ਹਿਰ ਪੱਧਰ 'ਤੇ ਹੁੰਦੀ, ਉਥੇ ਇਕਾਈਆਂ ਦੀ ਚੋਣਾਂ ਹੁੰਦੀਆਂ। ਅਹੁਦੇਦਾਰ ਚੁਣੇ ਜਾਂਦੇ। ਰਾਸ਼ਟਰੀ ਪੱਧਰ ਤੱਕ ਸਿਆਸੀ ਪਾਰਟੀਆਂ ਦੀ ਆਪਣੀ ਚੋਣ ਹੁੰਦੀ। ਵੱਡੇ ਨੇਤਾ ਚੁਣੇ ਜਾਂਦੇ। ਪਾਰਟੀਆਂ ਦੀਆਂ ਨੀਤੀਆਂ ਬਣਦੀਆਂ। ਇਹਨਾਂ ਨੀਤੀਆਂ ਦੇ ਅਧਾਰ 'ਤੇ ਲੋਕਾਂ ਨੂੰ ਆਪਣੇ ਵੱਲ ਕਰਨ ਦਾ ਯਤਨ ਹੁੰਦਾ।

ਦੇਸ਼ 'ਚ ਇੰਦਰਾ ਗਾਂਧੀ ਵਲੋਂ ਆਪਣੀ ਗੱਦੀ ਸੁਰੱਖਿਅਤ ਰੱਖਣ ਲਈ ਐਮਰਜੈਂਸੀ ਲਾਉਣ ਨਾਲ ਲੋਕਤੰਤਰ ਦਾ ਵੱਡਾ ਘਾਣ ਹੋਇਆ। ਲੋਕ, ਸਿਆਸੀ ਨੇਤਾ ਸੜਕਾਂ 'ਤੇ ਆਏ। ਵਿਰੋਧੀ ਧਿਰਾਂ ਮਜ਼ਬੂਤ ਹੋਈਆਂ। ਇਲਾਕਾਈ ਪਾਰਟੀਆਂ ਹੋਂਦ ਵਿੱਚ ਆਈਆਂ। ਫਿਰ ਇਹਨਾਂ ਇਲਾਕਾਈ ਪਾਰਟੀਆਂ 'ਚ ਪਰਿਵਾਰਵਾਦ ਦੀ ਸਿਆਸਤ ਉਤਸ਼ਾਹਤ ਹੋਈ। ਪਰਿਵਾਰਵਾਦ ਦੀ ਇਸ ਸਿਆਸਤ ਦਾ ਕੌਮੀ ਪੱਧਰ ਉਤੇ ਵੀ ਪਸਾਰਾ ਹੋਇਆ ਅਤੇ ਇਲਾਕਾਈ ਪੱਧਰ 'ਤੇ ਵੀ।

ਇਸ ਇਲਾਕਾਈ ਸਿਆਸਤ ਨੇ ਦੱਖਣੀ, ਉੱਤਰੀ ਰਾਜਾਂ 'ਚ ਰਿਆਇਤਾਂ ਦੀ ਰਾਜਨੀਤੀ ਨੂੰ ਉਤਸ਼ਾਹਤ ਕੀਤਾ। ਪੰਜਾਬ ਦੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਮੋਟਰਾਂ ਦੀ ਸੁਵਿਧਾ ਦਿੱਤੀ, ਤਾਂ ਕਿ ਵੋਟ ਬੈਂਕ ਪੱਕਾ ਹੋਵੇ। ਪੰਜਾਬ ਇਸਦੀ ਵੱਡੀ ਉਦਾਹਰਨ ਬਣਿਆ। ਅੱਜ ਵੋਟ ਬੈਂਕ ਹਥਿਆਉਣ ਲਈ ਗਰੰਟੀਆਂ ਦੀ ਰਾਜਨੀਤੀ ਪੂਰੀ ਉੱਚਾਈ @ਤੇ ਹੈ। ਪੰਜਾਬ 'ਚ 300 ਯੂਨਿਟ ਮਹੀਨਾ ਮੁਫ਼ਤ ਬਿਜਲੀ ਹੈ। ਹੋਰ ਕਈ ਰਿਆਇਤਾਂ ਹਨ। ਬਜ਼ੁਰਗਾਂ ਲਈ ਪੈਨਸ਼ਨ, ਔਰਤਾਂ ਲਈ ਮੁਫ਼ਤ ਬੱਸ ਸੇਵਾ ਅਤੇ ਹੁਣ ਔਰਤਾਂ ਲਈ 1000-1500 ਰੁਪਏ ਭੱਤਾ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ। ਦੱਖਣੀ ਰਾਜਾਂ ਵਿੱਚ ਤਾਂ ਔਰਤਾਂ ਲਈ ਅਤੇ ਹੋਰ ਵੋਟਰਾਂ ਨੂੰ ਭਰਮਿਤ ਕਰਨ ਲਈ ਕਈ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਜਿਹਨਾਂ ਦੀ ਸ਼ੁਰੂਆਤ ਜੈਲਲਿਤਾ ਮੁੱਖ ਮੰਤਰੀ ਵਲੋਂ ਲੋਕਾਂ ਨੂੰ ਵੱਡੇ-ਵੱਡੇ ਤੋਹਫ਼ੇ ਰਿਆਇਤਾਂ ਵਜੋਂ ਦਿੱਤੇ ਜਾਣ ਨਾਲ ਹੋਈ।

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ 'ਚ ਤਾਂ ਸਿਆਸੀ ਧਿਰਾਂ ਨੇ ਇਸ ਵੇਰ ਹੱਦ ਹੀ ਮੁਕਾ ਦਿਤੀ ਹੈ। ਰਿਆਇਤਾਂ ਦੀ ਝੜੀ ਲਗਾ ਦਿਤੀ ਹੈ। ਕਾਂਗਰਸ ਨੇ 300 ਯੂਨਿਟ ਬਿਜਲੀ ਮੁਫ਼ਤ, 500 ਰੁਪਏ ਦਾ ਗੈਸ ਸਿਲੰਡਰਾਂ, ਭਾਜਪਾ ਨੇ ਔਰਤਾਂ ਲਈ 2500 ਰੁਪਏ ਅਥੇ ਆਪ ਵਲੋਂ ਵੀ ਲਗਭਗ ਇਹੋ ਜਿਹੇ ਵਾਇਦੇ ਕੀਤੇ ਹਨ।

ਪਰ ਸਵਾਲ ਉਠੱਦਾ ਹੈ ਕਿ ਇਹੋ ਜਿਹੀਆਂ ਰਿਆਇਤਾਂ ਦਾ ਭਾਰ ਅਕਸਰ ਕਿਸ ਉਤੇ ਪੈਂਦਾ ਹੈ? ਉਦਹਾਰਨ ਪੰਜਾਬ ਦੀ ਹੀ ਲੈ ਲੈਂਦੇ ਹਨ, ਇਹਨਾਂ ਰਿਆਇਤਾਂ ਕਾਰਨ ਅੱਜ ਪੰਜਾਬ ਦੀ ਆਰਥਿਕਤਾ ਨਿਵਾਣਾਂ ਵੱਲ ਜਾ ਰਹੀ ਹੈ। ਜਦੋਂ ਤੱਕ ਇਸ ਸਰਕਾਰ ਦਾ 2027 'ਚ ਕਾਰਜਕਾਲ ਪੂਰਾ ਹੋਣਾ ਹੈ, ਉਦੋਂ ਤੱਕ ਪੰਜਾਬ ਸਿਰ 5 ਲੱਖ ਕਰੋੜ ਦਾ ਕਰਜ਼ਾ ਖੜਾ ਹੋ ਜਾਣਾ ਹੈ। ਭਾਵ ਪੰਜਾਬ ਦਾ ਹਰ ਵਸ਼ਿੰਦਾ ਔਸਤਨ 5 ਲੱਖ ਦਾ ਕਰਜਾਈ ਹੋ ਜਾਣਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਨੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ, ਲੋਕਾਂ ਦਾ ਜੀਵਨ ਪੱਧਰ ਉਚਾ ਕਰਨਾ ਹੁੰਦਾ ਹੈ। ਉਹਨਾਂ ਦੇ ਬੁਢਾਪੇ ਨੂੰ ਸੁਰੱਖਿਅਤ ਰੱਖਣ ਲਈ ਕੁਝ ਸਕੀਮਾਂ ਚਲਾਉਣੀਆਂ ਹੁੰਦੀਆਂ ਹਨ। ਪਰ ਵੋਟ ਬੈਂਕ ਪੱਕਾ ਕਰਨ ਲਈ ਜਿਹੜੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਉਹ ਬਹੁਤੇ ਲੋਕਾਂ ਦਾ ਕੀ ਸੁਆਰਦੀਆਂ ਹਨ?

ਕੀ ਨੇਤਾ ਲੋਕ ਚਾਹੁੰਦੇ ਹਨ ਕਿ ਮੁਫ਼ਤ ਰਾਸ਼ਨ, ਮੁਫ਼ਤ ਬਿਜਲੀ ਮੁਹੱਈਆਂ ਕਰਨ ਦੀ ਥਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ? ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬੱਚਿਆਂ, ਬਜ਼ੁਰਗਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲਣ, ਸਭ ਲਈ ਚੰਗੀ ਪੜ੍ਹਾਈ ਦਾ ਇੰਤਜ਼ਾਮ ਹੋਵੇ, ਬਜ਼ੁਰਗਾਂ ਦੀ ਸਮਾਜਿਕ ਸੁਰੱਖਿਆ ਲਈ ਚੰਗੀਆਂ ਸਕੀਮਾਂ ਅਤੇ ਪ੍ਰਬੰਧ ਹੋਣ ਅਤੇ ਇਸ ਤੋਂ ਵੱਧ ਇਹ ਕਿ ਸੂਬੇ ਜਾਂ ਦੇਸ਼ ਵਿੱਚ ਚੰਗਾ ਵਾਤਾਵਰਨ ਚੰਗਾ ਬੁਨਿਆਦੀ ਢਾਂਚਾ ਉਸਰੇ, ਜਿਸ ਨਾਲ ਮਨੁੱਖ ਦਾ ਜੀਵਨ ਸੁਆਲਾ ਹੋ ਸਕੇ? ਕਤੱਈ ਨਹੀਂ। ਉਹ ਇਹ ਗੱਲਾਂ ਸਿਰਫ਼ ਕਹਿਣ ਲਈ ਕਰਦੇ ਹਨ, ਇਹਨਾਂ ਤੇ ਅਮਲ ਨਹੀਂ ਕਰਦੇ।

ਅੱਜ ਦੇਸ਼ ਦੇ ਹਾਲਾਤ ਬਿਲਕੁਲ ਭੈੜੇ ਹਨ। ਦੇਸ਼ ਕੂੜੇ ਦਾ ਢੇਰ ਬਣਿਆ ਨਜ਼ਰ ਆਉਂਦਾ ਹੈ। ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ। ਸੜਕਾਂ, ਸਰਕਾਰੀ ਸਕੂਲ ਸਹੂਲਤਾਂ ਅਤੇ ਟੀਚਰਾਂ ਤੋਂ ਬਾਂਝੇ ਹਨ। ਵਾਤਾਵਰਨ ਇੰਜ ਦੂਸ਼ਿਤ ਹੈ ਕਿ ਸਾਹ ਲੈਣਾ ਵੀ ਔਖਾ ਹੈ। ਪਾਣੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦੀ ਭਰਮਾਰ ਹੈ ਅਤੇ ਸਿਹਤ ਸਹੂਲਤਾਂ ਦੀ ਕਮੀ ਹੈ। ਜਿਸਦਾ ਖਮਿਆਜਾ ਕਰੋਨਾ ਕਾਲ ਦੇ ਦਰਮਿਆਨ ਦੇਸ਼ ਭੁਗਤ ਚੁੱਕਾ ਹੈ। ਇਹੋ ਸਭ ਕੁੱਝ ਜਾਣਦਿਆਂ ਵੀ ਦੇਸ਼ ਦੇ ਨੇਤਾਵਾਂ ਦੀ ਪਹਿਲ ਦੇਸ਼ ਨੂੰ ਸੁਆਰਨ ਦੀ ਥਾਂ, ਹਰ ਹੀਲੇ ਵੋਟਰਾਂ ਨੂੰ ਭਰਮਾ ਕੇ ਆਪਣੀ ਗੱਦੀ ਪੱਕੀ ਕਰਨਾ ਬਣੀ ਹੋਈ ਹੈ।

ਇਥੇ ਇਹ ਵਰਨਣ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਲਗਭਗ ਸਾਰੀਆਂ ਪਾਰਟੀਆਂ ਦੇ ਵਿੱਚ ਉਹਨਾਂ ਲੋਕਾਂ ਦੀ ਭਰਮਾਰ ਹੋ ਗਈ ਹੈ, ਜਿਹਨਾਂ ਉਤੇ ਆਪਰਾਧਿਕ ਕੇਸ ਦਰਜ਼ ਹਨ। ਜਿਹੜੇ ਸੇਵਾ ਦੀ ਥਾਂ ਸਿਆਸਤ ਸਾਮ,ਦਾਮ,ਦੰਡ ਨਾਲ ਕਰਨ ਦੇ ਮੁੱਦਈ ਹਨ। ਜਿਹਨਾਂ ਨੇ ਆਪਣਾ ਸਿਆਸਤ ਨੂੰ ਆਪਣਾ ਕਿੱਤਾ ਇਥੋਂ ਤਕਕਿ ਪਰਿਵਾਰਕ ਕਿੱਤਾ ਬਣਾ ਲਿਆ ਹੈ। ਇਹ ਲੋਕ ਸਥਾਨਕ ਸਰਕਾਰਾਂ (ਪੰਚਾਇਤਾਂ, ਨਗਰ ਪਾਲਿਕਾਵਾਂ) ਤੋਂ ਲੈਕੇ ਵਿਧਾਨ ਸਭਾਵਾਂ, ਲੋਕ ਸਭਾ ਤੱਕ ਆਪਣਾ ਧਨ ਕੁਬੇਰਾਂ ਵਾਲਾ ਜਾਲ ਵਿਛਾ ਚੁੱਕੇ ਹਨ। ਜਾਤ, ਧਰਮ ਦੇ ਨਾਂਅ ਉਤੇ ਲੋਕਾਂ ਨੂੰ ਵੰਡਕੇ, ਉਹਨਾਂ ਨੂੰ ਥੋੜੀਆਂ ਬਹੁਤੀਆਂ ਰਿਆਇਤਾਂ ਪਰੋਸਕੇ ਮੰਗਤੇ ਬਨਾਉਣ ਦੇ ਰਾਹ ਪਾ ਰਹੇ ਹਨ।

ਹੈਰਾਨ ਹੋਈਦਾ ਹੈ ਇਹ ਦ੍ਰਿਸ਼ ਵੇਖਕੇ ਕਿ ਜਦੋਂ ਪੰਜਾਬ ਵਰਗੇ ਖੁਸ਼ਹਾਲ ਕਹਿੰਦੇ ਸੂਬੇ 'ਚ ਜਦੋਂ ਇਕ ਰੁਪਏ ਕਿਲੋ (ਲਗਭਗ ਮੁਫ਼ਤ) ਅਨਾਜ ਦੀ ਵੰਡ ਹੁੰਦੀ ਹੈ ਤਾਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਕੀ ਪੰਜਾਬ ਦੇ ਅਣਖੀਲੇ ਮਿਹਨਤੀ ਲੋਕ ਸਚਮੁੱਚ ਇੰਨੇ ਨਿਤਾਣੇ ਹੋ ਗਏ ਹਨ ਕਿ ਉਹਨਾਂ ਦੇ ਸਰੀਰਾਂ 'ਚ ਕੰਮ ਕਰਨ ਦੀ ਤਾਕਤ ਹੀ ਨਹੀਂ ਰਹੀ? ਆਖ਼ਰ ਲੋਕਾਂ ਨੂੰ ਨਿਤਾਣੇ, ਨਿਮਾਣੇ, ਨਿਆਸਰੇ ਬਨਾਉਣ ਦੀਆਂ ਤਰਕੀਬਾਂ ਕਿਹੜੀ ਸਾਜਿਸ਼ ਦਾ ਹਿੱਸਾ ਹਨ, ਇਹ ਸਪਸ਼ਟ ਵੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੂੰ ਗਰੀਬ ਬਣਾ ਦਿਉ। ਮੁਫ਼ਤ ਚੀਜ਼ਾਂ ਦੀ ਆਦਤ ਪਾ ਦਿਓ ਤੇ ਵੋਟਾਂ ਹਥਿਆ ਲਵੋ।

ਦੇਸ਼ ਦੇ ਹਰ ਹਿੱਸੇ, ਹਰ ਸੂਬੇ 'ਚ ਜਿਵੇਂ ਵੋਟਾਂ ਦੀ ਖ਼ਰੀਦੋ-ਫਰੋਖ਼ਤ, ਹੁੰਦੀ ਹੈ, ਉਸ ਦੀ ਉਦਾਹਰਨ ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਵੇਖਣ ਨੂੰ ਮਿਲੀ, ਜਿਥੇ ਹਕੂਮਤੀ ਧੱਕਾ-ਧੌਂਸ ਤਾਂ ਵੇਖਣ ਨੂੰ ਮਿਲੀ ਹੀ, ਜੋ ਪਹਿਲੀਆਂ ਸਰਕਾਰਾਂ ਵੀ ਕਰਦੀਆਂ ਰਹੀਆਂ, ਪਰ ਬਹੁਤੇ ਧਨਾਢ ਲੋਕ ਧੰਨ ਦੇ ਜ਼ੋਰ ਨਾਲ ਪੰਚਾਇਤਾਂ ਦੇ ਮੁੱਖੀ ਬਣ ਬੈਠੇ। ਕੀ ਇਹ ਵੋਟ ਖਰੀਦੋ ਵਰਤਾਰਾ, ਲੋਕਾਂ ਨੂੰ ਰਿਆਇਤਾਂ ਦੇ ਕੇ ਵੋਟਾਂ ਉਗਰਾਹੁਣ ਵਰਗਾ ਹੀ ਨਹੀਂ? ਕੀ ਇਹ ਵਰਤਾਰਾ ਭਾਰਤੀ ਲੋਕਤੰਤਰ ਉਤੇ ਸਿੱਧਾ ਹਮਲਾ ਨਹੀਂ ਹੈ? ਹੁਣੇ ਜਿਹੀਆਂ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਿਸਾਨ ਧਿਰ ਨੂੰ ਇਕ ਪਾਸੇ ਧੱਕ ਕੇ ਦੂਜੀਆਂ ਧਿਰਾਂ ਦਾ ਧਰੁਵੀਕਰਨ ਕੀ ਜਾਤ, ਬਰਾਦਰੀ ਦੀ ਸਿਆਸਤ ਨਹੀਂ? ਕੀ ਇਹ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਨਿਕਾਰਨ ਤੁਲ ਨਹੀਂ

ਧਰਮ ਦੀ ਰਾਜਨੀਤੀ, ਜਾਤ ਬਰਾਦਰੀ ਦਾ ਬੋਲਬਾਲਾ ਭਾਰਤੀ ਸੰਵਿਧਾਨ ਦੀ ਰੂਹ ਦੇ ਉੱਲਟ ਹੈ। ਇਹ ਵਰਤਾਰਾ ਦਿਨੋਂ ਦਿਨ ਵੱਧ ਰਿਹਾ ਹੈ। ਇਸ ਸਬੰਧੀ ਚਿੰਤਤ ਹੁੰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਸਰਕਾਰੀ ਖਜ਼ਾਨੇ 'ਚੋਂ ਮੁਫ਼ਤ ਰਿਉੜੀਆਂ ਵੰਡਣ ਦੀ ਸਿਆਸਤ ਉਤੇ ਦੁੱਖ ਪ੍ਰਗਟ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਨੂੰ ਕਿਹਾ ਕਿ ਇਸ ਵਰਤਾਰੇ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੇ। ਗੱਲ ਚੋਣਾਂ ਦੌਰਾਨ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਹੋਵੇ ਜਾਂ ਫਿਰ ਵੱਧ ਤੋਂ ਵੱਧ ਸਮੇਂ ਤੱਕ ਸੱਤਾ 'ਚ ਬਣੇ ਰਹਿਣ ਦੀ, ਮੁਫ਼ਤ ਦਾ ਸਬਜ਼ਬਾਗ ਦਿਖਾਉਣਾ ਸਿਆਸੀ ਸਫ਼ਲਤਾ ਦਾ ਸ਼ਾਰਟਕੱਟ ਬਣ ਗਿਆ ਹੈ। ਇਹਨਾ ਮੁਫ਼ਤ ਰਿਆਇਤਾਂ ਨੂੰ ਜਿੱਤ ਦੀ ਗਰੰਟੀ ਮੰਨਿਆ ਜਾਣ ਲੱਗਾ ਹੈ। ਲੇਕਿਨ ਆਰਥਿਕ ਤੌਰ 'ਤੇ ਇਸ ਦੀ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ। ਮੁੱਦਾ ਮਹੱਤਵਪੂਰਨ ਹੈ, ਕਿਉਂਕਿ ਮੁਫ਼ਤ ਰਿਉੜੀਆਂ ਵੰਡਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਅਸਫ਼ਲ ਹੋ ਚੁੱਕੀਆਂ ਹਨ। ਸੁਪਰੀਮ ਕੋਰਟ ਦੇ ਦਖਲ ਦੇ ਬਾਵਜੂਦ ਵੀ ਇਸ 'ਤੇ ਕਾਬੂ ਨਹੀਂ ਪਾ ਜਾ ਸਕਿਆ। ਖ਼ੈਰ ਪਾਉਣ ਦੀ ਇਸ ਪ੍ਰਵਿਰਤੀ ਨੇ ਚੋਣ ਮੈਨੀਫੈਸਟੋ ਸਿਰਫ਼ ਕਾਗਜ਼ ਦਾ ਟੁੱਕੜਾ ਬਣਾਕੇ ਰੱਖ ਦਿੱਤੇ ਹਨ। ਸੱਤਾ ਚ ਆਉਣ ਤੋਂ ਬਾਅਦ ਸਿਆਸੀ ਦਲ ਸਭ ਵਾਇਦੇ ਭੁੱਲ ਜਾਂਦੇ ਹਨ।

ਮੁਫ਼ਤਖੋਰੀ ਦੀ ਰਾਜਨੀਤੀ ਦਾ ਆਰੰਭ ਭਾਵੇਂ ਦੱਖਣੀ ਰਾਜਾਂ ਤੋਂ ਹੋਇਆ, ਪਰ 2019 ਚ ਆਮ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕਿਸਾਨ ਸਨਮਾਨ ਨਿਧੀ ਯੋਜਨਾ ਦੇ ਰੂਪ ਚ ਹਰ ਸਾਲ 6000 ਰੁਪਏ ਦੇਣਾ ਸ਼ੁਰੂ ਕੀਤਾ ਅਤੇ ਕੋਵਿਡ ਦੇ ਦਿਨਾਂ ਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ਼ ਵੰਡਿਆ ਜਾਣ ਲੱਗਾ, ਜੋ ਹੁਣ ਤੱਕ ਵੀ ਜਾਰੀ ਹੈ, ਇਸ ਨਾਲ ਹੋਰ ਸਿਆਸੀ ਦਲਾਂ ਉਤੇ ਦਬਾਅ ਵੱਧ ਗਿਆ ਕਿ ਉਹ ਚੋਣ ਜਿੱਤਣ ਲਈ ਕਿਉਂ ਨਾ ਸਰਕਾਰ ਵਾਂਗਰ ਵੱਡੀਆਂ-ਵੱਡੀਆਂ ਮੁਫ਼ਤ ਰਿਆਇਤਾਂ ਦਾ ਐਲਾਨ ਕਰਨ।

ਮੁਫ਼ਤ ਰਿਉੜੀਆਂ ਵੰਡਣ ਦੀ ਕੋਹੜ-ਪ੍ਰਵਿਰਤੀ ਨੂੰ ਰੋਕਣ ਲਈ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਨਾਉਣ ਦੀ ਲੋੜ ਹੈ ਤਾਂ ਕਿ ਉਹ ਆਪਣੇ ਵਲੋਂ ਕੀਤੀਆਂ ਘੋਸ਼ਨਾਵਾਂ ਪ੍ਰਤੀ ਜਵਾਬਦੇਹ ਹੋਣ। ਸੁਪਰੀਮ ਕੋਰਟ ਨੇ 5 ਜੁਲਾਈ 2013 ਨੂੰ ਇੱਕ ਅਹਿਮ ਫ਼ੈਸਲੇ ਚ ਚੋਣ ਕਮਿਸ਼ਨ ਨੂੰ ਸਾਰੇ ਸਿਆਸੀ ਦਲਾਂ ਨਾਲ ਗੱਲਬਾਤ ਕਰਕੇ ਘੋਸ਼ਣਾ ਪੱਤਰ ਦੇ ਬਾਰੇ ਇੱਕ ਕਾਨੂੰਨੀ ਗਾਈਡਲਾਈਨਜ਼ ਤਿਆਰ ਕਰਨ ਨੂੰ ਕਿਹਾ ਸੀ। ਉਸਦੇ ਬਾਅਦ ਤਤਕਾਲੀਨ ਚੋਣ ਕਮਿਸ਼ਨ ਨੇ ਸਿਆਸੀ ਦਲਾਂ ਦੀ ਮੀਟਿੰਗ ਬੁਲਾਈ। ਇਸ ਮੀਟਿੰਗ ਚ 6 ਰਾਸ਼ਟਰ ਦਲ ਅਤੇ 24 ਖੇਤਰੀ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ। ਪਰ ਉਹਨਾ ਸਰਿਆਂ ਨੇ ਇੱਕ ਸੁਰ ਵਿੱਚ ਚੋਣ ਘੋਸ਼ਣਾ ਪੱਤਰ ਨੂੰ ਲੈ ਕੇ ਚੋਣ ਕਮਿਸ਼ਨ ਦੇ ਦਖ਼ਲ ਨੂੰ ਖ਼ਾਰਜ਼ ਕਰ ਦਿੱਤਾ।

ਦੇਸ਼ ਚ ਜਿਸ ਢੰਗ ਨਾਲ ਚੋਣਾਂ ਤੋਂ ਪਹਿਲਾਂ ਮੁਫ਼ਤ ਚੀਜ਼ਾਂ ਮੁਹੱਈਆ ਕਰਨ ਦੇ ਐਲਾਨਾਂ ਦਾ ਦੌਰ ਚੱਲਿਆ ਹੋਇਆ ਹੈ ਅਤੇ ਸੱਤਾ ਪ੍ਰਾਪਤੀ ਬਾਅਦ ਮੁਫ਼ਤ ਰਿਉੜੀਆਂ ਵੰਡੀਆਂ ਜਾ ਰਹੀਆਂ ਹਨ, ਉਹ ਅਸਲ ਅਰਥਾਂ ਚ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਹੀਆਂ ਹਨ। ਇਹ ਸਿੱਧਿਆਂ ਲੋਕਤੰਤਰ ਉਤੇ ਵੱਡਾ ਹਮਲਾ ਸਾਬਤ ਹੋ ਰਹੀਆਂ ਹਨ, ਕਿਉਂਕਿ ਕਿਸੇ ਨਾ ਕਿਸੇ ਢੰਗ ਨਾਲ ਵੋਟਰ ਇਸ ਨਾਲ ਲਾਲਚ ਵੱਸ ਹੋਕੇ ਪ੍ਰਭਾਵਤ ਹੁੰਦਾ ਹੈ।

ਸਮੱਸਿਆ ਇਹ ਹੈ ਕਿ ਦੇਸ਼ 'ਚ ਮਹਿੰਗਾਈ, ਬੇਰੁਜ਼ਗਾਰੀ ਨੇ ਆਮ ਲੋਕਾਂ ਨੂੰ ਅਤਿ ਗਰੀਬੀ ਵੱਲ ਧੱਕ ਦਿੱਤਾ ਹੈ। ਉਸ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਉਸਨੂੰ ਕਿਸੇ ਵੀ ਮੁਫ਼ਤ ਦੀ ਚੀਜ਼ ਦੀ ਪ੍ਰਾਪਤੀ ਲਈ ਬੇਬਸ ਤੇ ਮਜ਼ਬੂਰ ਕਰ ਦਿੱਤਾ ਗਿਆ ਹੈ।

ਇਹੋ ਜਿਹੀ ਸਥਿਤੀ ਅੱਜ ਦੇ ਦੇਸ਼ ਦੇ ਹਾਕਮਾਂ ਅਤੇ ਸਵਾਰਥੀ ਸਿਆਸਤਦਾਨਾਂ ਨੂੰ ਰਾਸ ਆਉਂਦੀ ਹੈ। ਉਹਨਾਂ ਅਸਿੱਧਿਆਂ ਤੌਰ 'ਤੇ ਵੋਟਾਂ ਖਰੀਦਣ ਦਾ ਢੰਗ ਮੁਫ਼ਤ ਰਿਉੜੀਆਂ ਵੰਡਣਾ ਤਹਿ ਕਰ ਲਿਆ ਹੈ। ਜਿਹੜਾ ਸਿੱਧਿਆਂ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਇੱਕ ਵੱਡੀ ਸੱਟ ਅਤੇ ਲੋਕਤੰਤਰ 'ਤੇ ਧੱਬਾ ਹੈ।

# ਅਮਰੀਕਾ ਵਿੱਚ ਬੀਮਾ ਕੰਪਨੀਆਂ ਦਾ ਅਨੈਤਿਕ ਵਰਤਾਰਾ

ਕੇਵਲ ਸਿੰਘ ਰੱਤੜਾ
ਸੰਪਰਕ: 82838-30599

ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਵਿੱਚ ਦੱਖਣੀ ਕੈਲੀਫੋਰਨੀਆ ਨੇ ਵਧੀਆਂ ਹੋਈਆਂ ਅੱਗਾਂ ਦੇ ਕਾਰਨ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ, ਖ਼ਾਸ ਤੌਰ 'ਤੇ ਲਾਸ ਏਂਜਲਸ ਖੇਤਰ ਵਿੱਚ। ਇਨ੍ਹਾਂ ਕੁਦਰਤੀ ਆਫ਼ਤਾਂ ਦੇ ਵਾਧੇ ਨਾਲ ਬਹੁਤ ਸਾਰੇ ਨਾਗਰਿਕਾਂ ਨੂੰ ਜਿਸ ਨਤੀਜੇ ਦਾ ਸਾਹਮਣਾ ਕਰਨਾ ਪਿਆ ਹੈ: ਉਹ ਹੈ ਉਹਨਾਂ ਦੇ ਘਰਾਂ ਦੀਆਂ ਬੀਮਾ ਪਾਲਿਸੀਆਂ ਦੀ ਰੱਦਗੀ (ਕੈਂਸਲੇਸ਼ਨ)। ਬੀਮਾ ਕੰਪਨੀਆਂ ਜੋ ਆਰਥਿਕ ਜੋਖਿ ?ਮ ਦੇ ਪ੍ਰਬੰਧ ਲਈ ਤਿਆਰ ਕੀਤੀਆਂ ਗਈਆਂ ਹਨ, ਨੇ ਉੱਚ-ਜੋਖਿ ?ਮ ਵਾਲੇ ਖੇਤਰਾਂ ਲਈ ਕਵਰੇਜ ਘਟਾਉਣ ਦਾ ਫੈਸਲਾ ਲਿਆ ਹੈ ਜਿਸ ਕਾਰਨ ਬਹੁਤ ਸਾਰੇ ਘਰਾਂ ਦੇ ਮਾਲਕ ਆਰਥਿਕ ਅਸਮਾਨਤਾ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਪਾਲਿਸੀਆਂ ਨੂੰ ਰੱਦ ਕਰਨ ਦੇ ਕਾਰਨ ਕੀ ਹਨ, ਇਸ ਦੇ ਰਿਹਾਇਸ਼ੀਆਂ ਲਈ ਕੀ ਅਸਰ ਹਨ ਅਤੇ ਇਸ ਵਧਦੇ ਸੰਕਟ ਨੂੰ ਹੱਲ ਕਰਨ ਲਈ ਸੰਭਾਵੀ ਉਪਾਅ ਕੀ ਹੋ ਸਕਦੇ ਹਨ, ਇਸ ਬਾਰੇ ਵਿਚਾਰ ਕੀਤੀ ਜਾਵੇਗੀ।

ਜਲਵਾਯੂ ਚਿਤਾਵਨੀ, ਸ਼ਹਿਰੀ ਵਿਸਥਾਰ ਅਤੇ ਜੰਗਲਾਂ ਦੇ ਮਾੜੇ ਪ੍ਰਬੰਧਨ ਕਾਰਨ ਕੈਲੀਫੋਰਨੀਆ ਵਿੱਚ ਅੱਗਾਂ ਦੀ ਗਿਣਤੀ ਅਤੇ ਤੀਬਰਤਾ ਵਿੱਚ ਵਾਧਾ ਹੋਇਆ ਹੈ। ਵਧਦੇ ਗਲੋਬਲ ਤਾਪਮਾਨ ਨੇ ਸੁੱਕੇ ਸਮਿਆਂ ਨੂੰ ਲੰਮਾ ਕੀਤਾ ਹੈ, ਸੁੱਕੇ ਪੌਦਿਆਂ ਅਤੇ ਘਾਹ-ਫੂਸ ਦੀ ਗਿਣਤੀ ਵਧਾ ਦਿੱਤੀ ਹੈ ਜਿਸ ਨੇ ਗਰਮੀ ਦੀਆਂ ਲਹਿਰਾਂ ਨੂੰ ਵਧਾ ਦਿੱਤਾ ਹੈ। ਇਸ ਵਰਤਾਰੇ ਨੇ ਵਿਸ਼ਾਲ ਇਲਾਕੇ ਵਿੱਚ ਹੋਰ ਜਿ ?ਆਦਾ ਅਤੇ ਲੰਮੇ ਸਮੇਂ ਤੱਕ ਚਲਣ ਵਾਲੀਆਂ ਅੱਗਾਂ ਲਈ ਕਾਰਨ ਪੈਦਾ ਕੀਤੇ ਹਨ ਅਤੇ ਨਿਵਾਸੀਆਂ ਲਈ ਬੇਹੱਦ ਖ਼ਤਰਨਾਕ ਹਾਲਾਤ ਪੈਦਾ ਕੀਤੇ ਹਨ। ਇਹੀ ਵਰਤਾਰਾ ਪੱਛਮੀ ਕੈਨੇਡਾ ਵਿਚਲੇ ਜੰਗਲਾਂ ਵਿੱਚ ਵੀ ਲਗਭਗ ਹਰ ਸਾਲ ਵਾਪਰਦਾ ਹੈ। ਜੰਗਲੀ ਅੱਗਾਂ ਨਾਲ ਨਜਿੱਠਣਾ ਕੋਈ ਬੱਚਿਆਂ ਦੀ ਖੇਡ ਨਹੀਂ ਹੁੰਦੀ। ਸੜਕੀ ਆਵਾਜਾਈ ਹੁੰਦੀ ਨਹੀਂ ਅਤੇ ਹੈਲੀਕਾਪਟਰ ਰਾਹੀਂ ਪਾਣੀ ਤੇ ਹੋਰ ਘੋਲਾਂ ਦਾ ਛਿੜਕਾਓ ਬਹੁਤ ਔਖਾ ਹੋ ਜਾਂਦਾ ਹੈ ਪਰ ਲਾਸ ਏਂਜਲਸ ਦੇ ਮਹਿੰਗੇ ਇਲਾਕੇ ਵਿੱਚ ਅੱਗ ਨੇ ਬਹੁਤ ਭਾਰੀ ਘਰਾਂ ਅਤੇ ਵਪਾਰਕ ਥਾਵਾਂ ਦਾ ਨੁਕਸਾਨ ਕੀਤਾ ਹੈ ਜੋ ਅਜੇ ਵੀ ਜਾਰੀ ਹੈ। ਲਾਸ ਏਂਜਲਸ ਖੇਤਰ ਆਪਣੇ ਅੱਗ ਪ੍ਰਭਾਵਿਤ ਪਹਾੜੀ ਖੇਤਰਾਂ ਅਤੇ ਸ਼ਹਿਰੀ ਵਿਕਾਸ ਦੇ ਨਾਲ ਖ਼ਾਸ ਤੌਰ 'ਤੇ ਖਤਰਨਾਕ ਬਣ ਗਿਆ ਹੈ। ਸਿਰਫ 2023 ਵਿੱਚ ਕੈਲੀਫੋਰਨੀਆ ਨੇ 4000 ਤੋਂ ਵੱਧ ਅੱਗਾਂ ਦਾ ਸਾਹਮਣਾ ਕੀਤਾ ਜਿਸ ਨਾਲ ਹਜ਼ਾਰਾਂ ਘਰ ਨਸ਼ਟ ਹੋਏ ਅਤੇ ਅਰਬਾਂ ਡਾਲਰ ਦਾ ਨੁਕਸਾਨ ਹੋਇਆ। ਇਨ੍ਹਾਂ ਨੂੰ ਘਟਾਉਣ ਲਈ ਰਾਜ ਤੇ ਕੇਂਦਰੀ ਏਜੰਸੀਆਂ ਦੀਆਂ ਕੋਸਿ ?ਸ਼ਾਂ ਹੋ ਰਹੀਆਂ ਹਨ ਪਰ ਟਾਊਨਸਿ ?ਪ ਦੀ ਦੁਬਾਰਾ ਰਚਨਾ ਦੀ ਲਾਗਤ ਨੇ ਬੀਮਾ ਕੰਪਨੀਆਂ 'ਤੇ ਭਾਰੀ ਦਬਾਅ ਪਾਇਆ ਹੈ।

ਹਰ ਬੀਮਾ ਕੰਪਨੀ ਲਾਭ ਪ੍ਰਾਪਤ ਕਰਨ ਲਈ ਕਾਰੋਬਾਰ ਵਿੱਚ ਉਤਰਦੀ ਹੈ। ਉਹ ਕਿਸੇ ਵੀ ਜਾਇਦਾਦ ਦੀ ਕੀਮਤ ਨੂੰ ਆਧਾਰ ਬਣਾ ਕੇ ਕਿਸ਼ਤਾਂ (ਈਐੱਮਆਈ) ਵਸੂਲਦੀ ਹੈ। ਕੋਈ ਵੀ ਕਲੇਮ ਨਾ ਆਉਣ ਦੀ ਸੂਰਤ ਵਿੱਚ ਸਾਲ ਬਾਅਦ ਨੋ ਕਲੇਮ ਬੋਨਸ ਦੀ ਰਿਆਇਤ ਦੇ ਦਿੰਦੀ ਹੈ। ਜਦੋਂ ਕਿਸੇ ਜਾਇਦਾਦ ਦੇ ਬੀਮੇ ਦਾ ਜੋਖਿ ?ਮ ਬਹੁਤ ਵਧ ਜਾਂਦਾ ਹੈ ਤਾਂ ਉਹ ਪ੍ਰੀਮੀਅਮ (ਕਿਸ਼ਤ) ਵਧਾ ਸਕਦੀਆਂ ਹਨ, ਸਖ਼ਤ ਨਿਯਮ ਲਾਗੂ ਕਰ ਸਕਦੀਆਂ ਹਨ ਜਾਂ ਪਾਲਿਸੀਆਂ ਰੱਦ ਕਰ ਸਕਦੀਆਂ ਹਨ, (ਜੇਕਰ ਪਾਲਿਸੀ ਸ਼ਰਤਾਂ ਵਿੱਚ ਇਹ ਨੁਕਤਾ ਲਿਖਿਆ ਹੋਵੇ)। ਅਜਿਹੇ ਖੇਤਰਾਂ ਜਿਵੇਂ ਲਾਸ ਏਂਜਲਸ ਵਿੱਚ ਅੱਗ ਨਾਲ ਸਬੰਧਿਤ ਨੁਕਸਾਨਾਂ ਦੀ ਭਾਰੀ ਮਾਤਰਾ ਨੇ ਬੀਮਾ ਕੰਪਨੀਆਂ ਲਈ ਮੁਨਾਫ਼ੇ ਵਿੱਚ ਬਣੇ ਰਹਿਣ ਅਤੇ ਅੱਗੇ ਤੋਂ ਕਵਰੇਜ ਦੇਣ ਨੂੰ ਮੁਸ਼ਕਿਲ ਬਣਾ ਦਿੱਤਾ ਹੈ। ਕੈਲੀਫੋਰਨੀਆ ਕਾਨੂੰਨ ਬੀਮਾ ਕੰਪਨੀਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਸੰਭਾਵੀ ਦਾਅਵਿਆਂ ਨੂੰ ਕਵਰ ਕਰਨ ਲਈ ਪ੍ਰਾਪਤ ਰਾਖਵਾਂ ਫੰਡ ਰੱਖਣ ਹਾਲਾਂਕਿ ਅੱਗ ਦੇ ਜੋਖਿ ?ਮਾਂ ਦੀ ਵਧੀ ਲਾਗਤ ਨੇ ਪ੍ਰੀਮੀਅਮ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਰਕਮ ਨੂੰ ਪਾਰ ਕਰ ਦਿੱਤਾ ਹੈ ਜਿਸ ਨਾਲ ਕਈ ਕੰਪਨੀਆਂ ਦੀ ਆਰਥਿਕ ਸਥਿਰਤਾ ਖ਼ਤਰੇ ਵਿੱਚ ਪਈ ਹੈ। ਨਤੀਜੇ ਵਜੋਂ ਬੀਮਾਕਰਤਾਵਾਂ ਨੇ ਉੱਚ-ਜੋਖਿ ?ਮ ਵਾਲੇ ਖੇਤਰਾਂ ਵਿੱਚ ਆਪਣੀ ਕਵਰੇਜ ਬਾਰੇ ਪੁਨਰ-ਵਿਚਾਰ ਕੀਤਾ ਹੈ ਜਿਸ ਨਾਲ ਘਰ ਦੇ ਮਾਲਕਾਂ ਲਈ ਪਾਲਿਸੀਆਂ ਦੀ ਵਿਆਪਕ ਰੱਦਗੀ (ਕੈਂਸਲੇਸ਼ਨ) ਹੋਈ ਹੈ।

ਪ੍ਰਾਈਵੇਟ ਬੀਮਾ ਕੰਪਨੀਆਂ ਦੁਆਰਾ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਪਾਲਿਸੀਆਂ ਰੱਦ ਕਰਨ ਲਈ ਕਈ ਕਾਰਕ ਜਿ ?ਮੇਵਾਰ ਹਨ। ਬਿਨਾਂ ਬੀਮੇ ਦੇ, ਘਰ ਦੇ ਮਾਲਕਾਂ ਨੂੰ ਅੱਗ ਦੇ ਘਟਨਾ ਵਿੱਚ ਆਪਣੇ ਘਰ ਦੀ ਦੁਬਾਰਾ ਮੁਰੰਮਤ ਜਾਂ ਨਿਰਮਾਣ ਦੀ ਲਾਗਤ ਖੁਦ ਹੀ ਉਠਾਉਣੀ ਪੈਂਦੀ ਹੈ। ਇਹ ਬੋਝ ਕਈਆਂ ਲਈ ਅਸਹਿ ਹੈ ਜੋ ਉਨ੍ਹਾਂ ਦੀ ਆਰਥਿਕ ਸਥਿਰਤਾ ਅਤੇ ਭਵਿੱਖ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ ਅਤੇ ਬਸ ਇਹੀ ਨਹੀਂ, ਬਿਨਾਂ ਬੀਮੇ ਦੇ ਘਰ ਵੇਚਣਾ ਜਾਂ ਗਿਰਵੀ ਲੈਣਾ ਵੀ ਕਾਫ਼ੀ ਮੁਸ਼ਕਿਲ ਬਣ ਜਾਂਦਾ ਹੈ। ਬਹੁਤ ਸਾਰੇ ਵਪਾਰਕ ਬੈਂਕ ਅਤੇ ਫਾਇਨੈਂਸਿੰਗ ਸਥਾਨ ਘਰੇਲੂ ਬੀਮੇ ਦੇ ਬਿਨਾਂ ਗਿਰਵੀ ਨੂੰ ਮਨਜ਼ੂਰੀ ਨਹੀਂ ਦਿੰਦੇ। ਇਸ ਕਾਰਨ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਜਾਇਦਾਦਾਂ ਦੀਆਂ ਕੀਮਤਾਂ ਡਿੱਗ ਰਹੀਆਂ ਹਨ। ਕਿਰਾਏਦਾਰਾਂ ਲਈ ਵੀ ਬੀਮਾ ਦੀ ਰੱਦਗੀ ਨਾਲ ਕਿਰਾਏ ਵਧ ਰਹੇ ਹਨ ਕਿਉਂਕਿ ਮਕਾਨ ਮਾਲਕ ਆਪਣੇ ਵਧੇ ਹੋਏ ਖ਼ਰਚੇ ਜਾਂ ਜੋਖਿ ?ਮਾਂ ਨੂੰ ਕਿਰਾਏਦਾਰਾਂ 'ਤੇ ਪਾ ਰਹੇ ਹਨ। ਇਸ ਨਾਲ ਲਾਸ ਏਂਜਲਸ ਵਿੱਚ ਮੌਜੂਦਾ ਮਕਾਨ ਮਾਲਕਾਂ (ਬਿਲਡਰ ਕੰਪਨੀਆਂ) ਅਤੇ ਕਿਰਾਏਦਾਰਾਂ ਨੂੰ ਰਿਹਾਇਸ਼ੀ ਸੰਕਟ ਵਿੱਚ ਹੋਰ ਡੂੰਘਾ ਸੁੱਟ ਦਿੱਤਾ ਹੈ ਪਰ ਬੀਮਾ ਕੰਪਨੀਆਂ ਦਾ ਆਪਣੇ ਤੌਰ 'ਤੇ ਹੀ ਮਕਾਨ ਪਾਲਸੀਆਂ ਨੂੰ ਰੱਦ ਕਰਨਾ ਅਨੈਤਿਕ ਕਦਮ ਹੈ। ਆਖਿਰ ਕੋਈ ਵਿਅਕਤੀ ਬੀਮਾ ਕਰਵਾਉਂਦਾ ਹੀ ਕਿਉਂ ਹੈ? ਚਿੰਤਾ ਮੁਕਤ ਹੋਣ ਲਈ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਦਾ ਬੋਝ ਉਸ ਦੇ ਪਰਿਵਾਰ ਨੂੰ ਦੀਵਾਲੀਆ ਨਾ ਬਣਾ ਦੇਵੇ। ਕਿਸੇ ਵੀ ਜੋਖਿ ?ਮ ਨੂੰ ਆਂਕਣ ਦਾ ਜਿ ?ਮਾ ਬੀਮਾ ਕੰਪਨੀ ਦਾ ਹੈ। ਸਥਾਨਕ ਸਰਕਾਰ ਦੇ ਕਾਨੂੰਨ ਨੂੰ ਇਸ ਤਰ੍ਹਾਂ ਦੀ ਮਨਮਰਜ਼ੀ ਨਹੀਂ ਚੱਲਣ ਦੇਣੀ ਚਾਹੀਦੀ। ਕੰਪਨੀਆਂ ਸਟੇਟ ਜਾਂ ਫੈਡਰਲ ਸਰਕਾਰ ਤੋਂ ਵਿੱਤੀ ਹਾਲਾਤ ਦੱਸ ਕੇ ਮਦਦ ਲਵੇ ਪਰ ਹਰ ਹਾਲਤ ਵਿੱਚ ਨਾਗਰਿਕਾਂ ਦੇ ਨਾਲ ਖੜ੍ਹੇ।

ਰੀਇੰਸ਼ੋਰੈਂਸ ਕੰਪਨੀਆਂ ਨੂੰ ਵੀ ਆਪਣੇ ਪ੍ਰੀਮੀਅਮ ਰਿਵਿਊ ਕਰਨ ਦੀ ਲੋੜ ਪੈ ਸਕਦੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਨ ਨਿਊਸਮ ਨੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸੂਬੇ ਦਾ ਦੌਰਾ ਕਰਨ ਦੀ ਬੇਨਤੀ ਕੀਤੀ ਹੈ ਤਾਂ ਕਿ ਲੋਕਾਂ ਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਈ ਜਾ ਸਕੇ। ਅੱਗ ਪ੍ਰਭਾਵਿਤ ਖੇਤਰਾਂ ਵਿੱਚ ਬੀਮੇ ਦੀ ਰੱਦਗੀ ਨੇ ਨਿੱਜੀ ਉਦਯੋਗ ਅਤੇ ਜਨਤਕ ਸੁਰੱਖਿਆ ਦੇ ਵਿਚਕਾਰ ਵਧਦੇ ਤਣਾਅ ਨੂੰ ਉਜਾਗਰ ਕੀਤਾ ਹੈ।

ਮਸਲਾ ਹੱਲ ਕਰਨ ਲਈ ਬਹੁ-ਪੱਖੀ ਵਿਧੀਆਂ ਦੀ ਲੋੜ ਹੈ ਜਿਹੜੀਆਂ ਬੀਮਾ ਕੰਪਨੀਆਂ, ਘਰੇਲੂ ਮਾਲਕਾਂ ਅਤੇ ਸਮਾਜ ਦੇ ਵਿਆਪਕ ਹਿੱਸੇ ਦੀਆਂ ਲੋੜਾਂ ਨੂੰ ਸਾਰਿਆਂ ਦੇ ਭਲੇ ਲਈ ਸਮਝਦਾਰੀ ਨਾਲ ਸੰਤੁਲਿਤ ਕਰ ਸਕਣ। ਕੁਝ ਸੰਭਾਵੀ ਹੱਲ ਹੇਠਾਂ ਦਿੱਤੇ ਗਏ ਹਨ:

1) ਸਟੇਟ ਫੰਡਿਡ ਬੀਮਾ ਪ੍ਰੋਗਰਾਮ: ਕੈਲੀਫੋਰਨੀਆ ਦੀ 'ਫੇਅਰ ਐਕਸੈਸ ਟੂ ਇਨਸ਼ੋਰੈਂਸ ਰਿਕੁਾਇਰਮੈਂਟਸ' ਯੋਜਨਾ ਉਨ੍ਹਾਂ ਮਾਲਕਾਂ ਲਈ ਆਖਿ ?ਰੀ ਬਦਲ ਵਜੋਂ ਕੰਮ ਕਰਦੀ ਹੈ ਜਿਹਨਾਂ ਨੂੰ ਨਿੱਜੀ ਮਾਰਕੀਟ ਵਿੱਚ ਕਵਰੇਜ ਨਹੀਂ ਮਿਲਦਾ। ਇਸ ਯੋਜਨਾ ਨੂੰ ਵਧਾਉਣਾ ਅਤੇ ਵਾਧੂ ਫੰਡ ਮੁਹੱਈਆ ਕਰਨਾ ਯਕੀਨੀ ਬਣਾ ਸਕਦਾ ਹੈ ਕਿ ਸਾਰੇ ਨਿਵਾਸੀਆਂ ਨੂੰ ਘੱਟੋ-ਘੱਟ ਬੁਨਿਆਦੀ ਕਵਰੇਜ ਮਿਲੇ।

2) ਜੋਖਿ ?ਮ ਘਟਾਉਣ ਲਈ ਪ੍ਰੇਰਨਾ: ਸਰਕਾਰ ਅਤੇ ਬੀਮਾ ਕੰਪਨੀਆਂ ਘਰੇਲੂ ਮਾਲਕਾਂ ਨੂੰ ਅੱਗ ਰੋਕੂ ਉਪਕਰਨ ਲਾਗੂ ਕਰਨ ਲਈ ਪ੍ਰੇਰ ਸਕਦੀਆਂ ਹਨ, ਜਿਵੇਂ ਸੁੱਕੀ ਵਸਤਾਂ ਜਾਂ ਘਾਹ ਨੂੰ ਹਟਾਉਣਾ, ਅੱਗ ਰੋਕੂ ਛੱਤਾਂ ਬਣਾਉਣੀਆਂ ਅਤੇ ਘਰ ਦੇ ਆਲੇ-ਦੁਆਲੇ ਸੁਰੱਖਿਆ ਵਾਲੇ ਖਾਲੀ ਖੇਤਰ ਬਣਾਉਣਾ।

3) ਘਰਾਂ ਦੇ ਨਕਸ਼ੇ ਨੂੰ ਹਵਾ ਦੇ ਰੁਖ਼ ਮੁਤਾਬਕ ਬਣਾਉਣਾ।

4) ਹਰੇ ਰੁੱਖਾਂ ਦਾ ਘੇਰਾ, ਅੱਗ ਨੂੰ ਅੱਗੇ ਵਧਣ ਤੋਂ ਰੋਕਣ ਦੀ ਰਫ਼ਤਾਰ ਨੂੰ ਘੱਟ ਕਰਨਾ। ਸਭ ਤੋਂ ਵੱਧ ਹੈਰਾਨੀ ਸਰਦੀਆਂ ਦੇ ਮੌਸਮ ਵਿੱਚ ਅੱਗ ਦੀਆਂ ਘਟਨਾਵਾਂ ਦਾ ਵਾਪਰਨਾ ਹੈ। ਇਸ ਦੀ ਗਹਿਰਾਈ ਨਾਲ ਛਾਣਬੀਣ ਹੋਣੀ ਚਾਹੀਦੀ ਹੈ। ਇਨ੍ਹਾਂ ਪ੍ਰਬੰਧਾਂ ਨਾਲ ਬੀਮੇ ਦੇ ਵਧੇ ਖ਼ਰਚਿਆਂ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

5) ਜਲਵਾਯੂ ਐਕਸ਼ਨ ਪਲਾਨ: ਇਸ ਚਿਤਾਵਨੀ ਦੇ ਮੂਲ ਕਾਰਨਾਂ ਨੂੰ ਹੱਲ ਕਰਨਾ, ਅੱਗ ਘਟਨਾਵਾਂ ਦੀ ਗਿਣਤੀ ਅਤੇ ਤੀਬਰਤਾ ਨੂੰ ਘਟਾਉਣ ਲਈ ਅਤਿ ਜ਼ਰੂਰੀ ਹੈ। ਇਸ ਵਿੱਚ ਨਵੀਨੀਕਰਨ ਯੋਗ ਊਰਜਾ ਵਿੱਚ ਨਿਵੇਸ਼, ਗ੍ਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣਾ ਹੈ।

6) ਜੰਗਲ ਪ੍ਰਬੰਧਨ ਵਿੱਚ ਸੁਧਾਰ: ਜੰਗਲਾਂ ਦਾ ਸਹੀ ਪ੍ਰਬੰਧਨ ਅੱਗ ਨੂੰ ਫੈਲਣ ਤੋਂ ਰੋਕਣ ਲਈ ਬਹੁਤ ਮਹੱਤਵਪੂਰਨ ਹੈ।

ਸਰਕਾਰਾਂ, ਬੀਮਾ ਕੰਪਨੀਆਂ ਅਤੇ ਸਥਾਨਕ ਭਾਈਚਾਰਿਆਂ ਨੂੰ ਇੱਕਠੇ ਹੋਣ ਅਤੇ ਅਜਿਹੇ ਨਵੇਂ ਹੱਲ ਖੋਜਣ ਦੀ ਲੋੜ ਹੈ ਜਿਹੜੇ ਜੋਖਿ ?ਮ ਪ੍ਰਬੰਧਨ ਅਤੇ ਸਸਤੀ ਤੇ ਸਹੀ ਬੀਮਾ ਕਵਰੇਜ ਦੀ ਲੋੜ ਨੂੰ ਸੰਤੁਲਿਤ ਕਰ ਸਕਣ। ਲਾਸ ਏਂਜਲਸ ਨਿਵਾਸੀਆਂ ਲਈ ਬੀਮਾ ਪਾਲਿਸੀਆਂ ਦੀ ਰੱਦਗੀ, ਜਲਵਾਯੂ ਚਿਤਾਵਨੀ ਅਤੇ ਕੁਦਰਤੀ ਆਫ਼ਤਾਂ ਦੇ ਵਧਦੇ ਕਹਿਰ ਦੀ ਖੁਲ੍ਹੀ ਯਾਦ ਦਿੰਦੀ ਹੈ; ਬੀਮਾ ਕੰਪਨੀਆਂ ਲਈ ਆਰਥਿਕ ਟਿਕਾਊਪਣ ਦੀ ਲੋੜ ਜ਼ਰੂਰੀ ਹੈ, ਕਵਰੇਜ ਨੂੰ ਵਾਪਸ ਲੈਣਾ ਘਰ ਦੇ ਮਾਲਕਾਂ ਨੂੰ ਅਸੁਰੱਖਿਅਤ ਛੱਡ ਰਿਹਾ ਹੈ ਅਤੇ ਸਮਾਜਿਕ ਨਿਆਂ ਤੇ ਸਮਰੱਥ ਹੱਲਾਂ ਲਈ ਸਵਾਲ ਉਠਾ ਰਿਹਾ ਹੈ। ਅਸੰਭਵ ਨੁਕਸਾਨ ਅਨੁਪਾਤ ਬੀਮਾ ਕੰਪਨੀਆਂ ਲਈ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਨੁਕਸਾਨ ਅਨੁਪਾਤ ਲਗਭਗ ਅਸੰਭਵ ਹੋ ਸਕਦੇ ਹਨ।

ਰੀਇੰਸ਼ੋਰੈਂਸ ਜੋ ਬੀਮਾ ਕੰਪਨੀਆਂ ਲਈ ਬੀਮਾ ਹੈ, ਉਹਨਾਂ ਨੂੰ ਐਮਰਜੈਂਸੀ ਹਾਲਾਤ ਦੇ ਜੋਖਿ ?ਮ ਨੂੰ ਸਾਂਝਾ ਕਰਨ ਦਿੰਦਾ ਹੈ ਹਾਲਾਂਕਿ ਜਿਵੇਂ ਅੱਗਾਂ ਜਿ ?ਆਦਾ ਤਬਾਹੀ ਵਾਲੀਆਂ ਹੋ ਰਹੀਆਂ ਹਨ, ਰੀਇੰਸ਼ੋਰੈਂਸ ਦੀ ਲਾਗਤ ਵੀ ਵਧ ਰਹੀ ਹੈ। ਇਸ ਵਾਧੂ ਖ਼ਰਚ ਨੇ ਬੀਮਾ ਕੰਪਨੀਆਂ ਦੀ ਸਮਰੱਥਾ ਨੂੰ ਹੋਰ ਘਟਾ ਦਿੱਤਾ ਹੈ। ਕੈਲੀਫੋਰਨੀਆ ਦੇ ਕਾਨੂੰਨ ਬੀਮਾ ਪ੍ਰੀਮੀਅਮ ਵਧਾਉਣ ਵਿੱਚ ਸੀਮਿਤ ਕਰਨ ਵਿੱਚ ਬਹੁਤ ਸਖ਼ਤ ਹਨ ਹਾਲਾਂਕਿ ਇਹ ਨਿਯਮ ਗ੍ਰਾਹਕਾਂ ਦੀ ਰੱਖਿਆ ਕਰਨ ਦੀ ਕੋਸਿ ?ਸ਼ ਕਰਦੇ ਹਨ ਪਰ ਇਸ ਨਾਲ ਬੀਮਾ ਕੰਪਨੀਆਂ ਲਈ ਜੋਖਿ ?ਮਾਂ ਦੀ ਅਸਲੀ ਲਾਗਤ ਨੂੰ ਦਰਸਾਉਣ ਵਾਲੇ ਦਰਾਂ ਵਿੱਚ ਸੋਧ ਕਰਨਾ ਮੁਸ਼ਕਿਲ ਬਣਦਾ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

# ਤੁਸੀਂ ਜੀਤੋ ਦੇ ਮੁੰਡੇ ਨੂੰ ਯਾਦ ਕਰੋਂਗੇ ਕਹਿਣ ਵਾਲਾ ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ




ਮਿੱਟੀ ਨੂੰ ਫ਼ਰੋਲ ਜੋਗੀਆ ਵਾਲਾ ਅਸ਼ੋਕ ਬਾਂਸਲ,ਮੁਲਾਕਾਤੀ ਪ੍ਰੋ: ਗੁਰਦੀਪ ਸਿੰਘ ਅਤੇ ਜੀਤੋ ਦਾ ਮੁੰਡਾ ਏਸ ਵੇਲੇ ਮਾਨਸਾ ਦਾ ਡੀ ਸੀ ਸਰਦਾਰ ਕੁਲਵੰਤ ਸਿੰਘ

**ਗੁਰਦੀਪ ਸਿੰਘ**
**ਗੁਰੂ ਨਾਨਕ ਕਾਲਜ, ਬੁਢਲਾਡਾ**
62804-77383

ਬੰਦੇ ਅੰਦਰ ਧਰਤੀਆਂ ਹੁੰਦੀਆਂ ਨੇ, ਆਪਣੀਆਂ ਆਪਣੀਆਂ ਤੇ ਬੰਦਿਆਂ ਦੇ ਅਸਮਾਨ ਵੀ ਆਪਣੇ ਆਪਣੇ ਹੁੰਦੇ ਨੇ। ਇਨ੍ਹਾਂ ਧਰਤੀਆਂ ਤੇ ਅਸਮਾਨ ਚੋਂ ਧਰਤੀ ਦੇ ਉੱਪਰਲੇ ਕੜ ਤੇ ਬੰਦਾ ਤੁਰਦੈ, ਪਰ ਉਸ ਦਾ ਅੰਦਰ ਸੁਪਨਿਆਂ ਥਾਣੀਂ ਅਸਮਾਨ ਤੇ ਤੁਰਦੈ। ਤਿੰਨਾਂ ਦੀ ਸਾਂਝ ਐ, ਨਾ ਧਰਤੀ 'ਚ ਸਿਊਣ ਐ, ਨਾ ਅਸਮਾਨ 'ਚ ਤੇ ਨਾ ਹੀ ਬੰਦੇ 'ਚ। ਇਹ ਬੰਦੈ ਜਿਹੜਾ ਕਦੇ ਅਸਮਾਨ ਨੂੰ ਢੂੰਡਣ ਦੀ ਸੋਚਦੈ, ਕਦੇ ਧਰਤੀ ਨੂੰ। ਸਦੀਆਂ ਇਸ ਗੱਲ ਦੀ ਗਵਾਹੀ ਨੇ ਕਿ ਇਹ ਕਰਦਿਆਂ ਬੰਦਾ ਉੱਧੜ ਜਾਂਦੈ। ਉਸ ਉਧੇੜ ਨੂੰ ਬੁਣਦਾ ਬੁਣਦਾ ਤੁਰ ਜਾਂਦੈ। ਇਸ ਤੁਰੇ ਬੰਦੇ ਦੀ ਦੁਨੀਆਂ ਗਵਾਹੀ ਦਿੰਦੀ ਐ, ਚੰਗੀ ਦੀ ਚੰਗੀ ਤੇ ਮੰਦੇ ਦੀ ਮੰਦੀ। ਊਂ ਜਿਹੜੇ ਬੰਦੇ ਨੇ ਚੰਗੀ ਧਰਤੀ ਵਿਚ ਆਪਣੀ ਖਾਲਸ ਪੁਲਾਂਘ ਨਾਲ ਓਰਾ ਕੱਢਿਆ ਹੁੰਦੈ, ਉਹ ਧਰਤੀ ਛੇਤੀ ਛੇਤੀ ਉਹਨੂੰ ਭੁੱਲਦੀ ਨੀ। ਉਹਦਾ ਮੁੱਲ ਮੋੜਦੀ ਐ।

ਨਵਤੇਜ ਭਾਰਤੀ ਦੀ ਗੱਲ ਯਾਦ ਆਉਂਦੀ ਐ। ਉਹ ਕਹਿੰਦੈ - ਪੰਜਾਬੀ ਓਪਰੇ ਨਾਲ ਬੋਲਦੇ ਨਹੀਂ ਸਕੀਰੀ ਕੱਢ ਲੈਂਦੇ ਨੇ, ਫਿਰ ਗੱਲਾਂ ਕਰਦੇ ਨੇ। ਐਥੋਂ ਗੱਲ ਅੱਗੇ ਤੋਰਦੇ ਆਂ ਐਂ ਲੱਗਦੈ ਉਹ ਲੋਕ ਗੱਲਾਂ ਵਿੱਚ ਉਹਦੇ ਅੰਦਰ ਦੀ ਧਰਤੀ ਨੂੰ ਬੁੱਝਦੇ ਨੇ। ਇਹ ਬੁੱਝਦਿਆਂ ਬੁੱਝਦਿਆਂ ਆਪਣੇ ਅੰਦਰ ਦੀਆਂ ਧਰਤੀਆਂ/ਟਿਕਾਣਿਆਂ ਨੂੰ ਗੱਲਾਂ ਰਾਹੀਂ ਵਟਾ ਲੈਂਦੇ ਨੇ। ਉਹ ਮਿੰਟਾਂ ਸਕਿੰਟਾਂ ਵਿੱਚ ਆਪਣੇ ਅੰਦਰ ਦੇ ਮੋਹ ਨਾਲ ਆਪਣੀਆਂ ਦੇਹਾਂ ਗੁੰਨ ਲੈਂਦੇ ਨੇ। ਇਹ ਪਿੰਡ ਦਾ ਜਿਊਣ ਐ। ਸ. ਕੁਲਵੰਤ ਸਿੰਘ, ਮੋਗਿਓਂ ਬਦਲ ਕੇ ਮਾਨਸਾ ਡਿਪਟੀ ਕਮਿਸ਼ਨਰ ਆਏ। ਮੈਂ ਉਨ੍ਹਾਂ ਨੂੰ ਜਾਣਦਾ ਸੀ, ਦੋਸਤਾਂ ਰਾਹੀਂ, ਸੋਸ਼ਲ ਮੀਡੀਆ ਰਾਹੀਂ। ਅਚਾਨਕ ਮੋਗੇ ਤੋਂ ਬਾਈ ਗੁਰਮੀਤ ਦਾ ਸੁਨੇਹਾ ਮਿਲਿਆ- ਉਧੰਨਭਾਗ ਤੁਹਾਡੇ, ਐਥੇ ਜੀਤੋ ਦੇ ਮੁੰਡੇ ਨੂੰ ਯਾਦ ਕਰਦੇ ਨੇ ਲੋਕ।" ਜੀਤੋ ਦੇ ਮੁੰਡੇ ਆਲੀ ਗੱਲ ਮੇਰੇ ਹਿਸਾਬੋਂ ਬਾਹਰ ਰਹੀ। ਇਸ ਗੱਲ ਦੀ ਥਾਹ ਪਾਉਣ ਲਈ ਮੈਂ ਦਫਤਰ ਗਿਆ, ਬਿਨ੍ਹਾਂ ਕੰਮ ਤੋਂ। ਦਫਤਰ ਦੇ ਬਾਹਰ ਸਹਿਜ ਮਾਹੌਲ, ਏਹ ਏਨ੍ਹਾਂ ਦਫਤਰਾਂ 'ਚ ਘੱਟ ਹੀ ਹੁੰਦੈ।

ਉਕੀ ਕੰਮ ਹੈ?"- ਮੇਰੇ ਮੋਢੇ ਪਾਇਆ ਝੋਲਾ ਵੇਖ ਗੇਟ ਤੇ ਬੈਠੇ ਮੁਲਾਜ਼ਮ ਨੇ ਪੁੱਛਿਆ।

ਉਕੋਈ ਵੀ ਨਹੀਂ ਮਿਲਣਾ ਹੈ, ਬੱਸ।"- ਮੈਂ ਕਿਹਾ।

ਗੱਲ ਆਈ ਗਈ ਹੋ ਗਈ, ਹੋਣੀ ਸੀ। ਕੁਝ ਕੁ ਮਿੰਟਾਂ ਬਾਅਦ ਅੰਦਰੋਂ ਸੁਨੇਹਾ ਆਇਆ। ਮੈਂ ਜਦੋਂ ਹਾਜ਼ਰ ਹੋਇਆ ਤਾਂ ਉਨ੍ਹਾਂ ਨੇ ਹੱਥ ਮਿਲਦਿਆਂ ਮੈਂ ਸਮਝ ਗਿਆ ਕਿ ਇਹ ਹੱਥ 'ਚ ਕਿਰਤ ਦੇ ਹੁਸਨ ਦੀ ਮਹਿਕ ਐ। ਪਹਿਲੇ ਦੋ ਚਾਰ ਮਿੰਟਾਂ 'ਚ ਮੈਂ ਜਾਣ ਗਿਆ, ਕੁਲਵੰਤ ਸਿੰਘ ਅੰਦਰ ਧਰਤੀ ਐ, ਪੰਜ ਦਰਿਆਈ। ਮਿੱਟੀ ਦੀ ਓਸ ਰਹਿਤਲੀ ਕੋਰ ਵਿਚ ਉਸਦੇ ਪੈਰ ਨੇ, ਜਿੱਥੇ ਪ੍ਰੇਮ ਐ। ਇਸ ਮਿੱਟੀ ਦੇ ਮਹਿਕ ਦਿਆਂ ਪਾਣੀਆਂ ਚ ਉਸਦਾ ਅੰਦਰ ਗੁੱਝਿਆ ਹੋਇਐ। ਵਗਦੇ ਦਰਿਆਵਾਂ ਦੇ ਨਿੱਤਰੇ ਜਲੌਅ ਦਾ ਰੰਗ ਉਸਦੀਆਂ ਗੱਲਾਂ ਵਿਚੋਂ ਲੱਭਦੈ। ਗੱਲਾਂ ਜਿਸ ਤੇ ਸਵਾਰ ਹੋ ਕੇ ਸਾਹਮਣਾ ਬੰਦਾ ਰਾਵੀ ਦੇ ਪਾਣੀਆਂ ਤੇ ਅਣਵੰਡੇ ਪੰਜਾਬ ਦੀ ਤਸਵੀਰ ਵੇਖਦੈ। ਚਾਰ ਦਸੰਬਰ ਨੂੰ ਉਹ ਪਿੰਡ ਆਏ, ਘਰ ਬੈਠਿਆਂ ਉਨ੍ਹਾਂ ਇਹ ਗੱਲ ਸੁਣਾਈ। ਬਾਅਦ ਵਿੱਚ ਸਕੂਲ ਵਿੱਚ ਬੱਚਿਆਂ ਨਾਲ ਗੱਲਾਂ ਕਰਦਿਆਂ ਉਨ੍ਹਾਂ ਸੁਣਾਈ। ਗੱਲ ਐ-

ਉਮੈਂ ਛੋਟਾ ਜਿਹਾ ਸੀ, ਤੁਹਾਡੇ ਤੋਂ ਵੀ ਛੋਟਾ। ਸਾਡੇ ਪਿੰਡ ਗੱਡੀਆਂ ਵਾਲੇ ਆਏ ਸੀ। ਗੱਡੀਆਂ ਵਾਲੇ ਜਿਹੜੇ ਉਹ ਖਾਨਾਬਦੋਸ਼ ਹੁੰਦੇ ਆ। ਹੁਣ ਸ਼ਾਇਦ ਨਹੀਂ ਆਉਂਦੇ, ਉਹ ਬੰਦੇ ਕਿਤੇ ਪੱਕਾ ਘਰ ਨਹੀਂ ਬਣਾਉਂਦੇ, ਇਕ ਗੱਡੀ ਜ੍ਹੀ 'ਤੇ ਰੇੜੀ ਜੀ ਤੇ ਆਪਣਾ ਸਮਾਨ ਰੱਖਦੇ ਆ, ਤੁਰੇ ਰਹਿੰਦੇ ਆ। ਫਿਰ ਕਿਤੇ ਜਿੱਥੇ ਉਹਨਾਂ ਦਾ ਜੀਅ ਕਰਦੈ ਉਸ ਜਗ੍ਹਾ 'ਤੇ ਰਹਿ ਜਾਂਦੇ ਨੇ- ਦੋ, ਚਾਰ, ਪੰਜ ਦਿਨ। ਉੱਥੇ ਰਹਿੰਦੇ ਆ ਫੇਰ ਅੱਗੇ ਚੱਲ ਪੈਂਦੇ ਆ। ਇਸ ਤਰ੍ਹਾਂ ਉਹ ਸਾਰਾ ਜੀਵਨ ਬਤੀਤ ਕਰ ਦਿੰਦੇ ਆ। ਉਹ ਸਾਡੇ ਪਿੰਡ ਆਏ ਸੀਗੇ ਉਹ ਉਸ ਪਿੰਡ ਦੇ ਵਿੱਚ ਆ ਕੇ ਉਹ ਮੰਗਦੇ ਨਹੀਂ। ਪਿੰਡ 'ਚੋਂ ਪੁੱਛਕੇ ਕਿਸੇ ਦਾ ਵੀ ਕੋਈ ਕੰਮ ਕਰਦੇ ਆ, ਕਿਸੇ ਦਾ ਮੰਨ ਲਵੋ ਕੋਈ ਲੋਹੇ ਦੀ ਬਣਾ ਤੀ, ਇਹੋ ਜਿਹੇ ਕੰਮ ਕਰਦੇ ਆ। ਉਨ੍ਹਾਂ ਦੀ ਇਕ ਔਰਤ ਸਾਡੇ ਘਰੇ ਆਈ (ਮੈਂ ਸੱਤ ਅੱਠ ਸਾਲ ਦਾ ਸੀ) ਉਹਨੇ ਮੇਰੇ ਮਾਂ ਨੂੰ ਪੁੱਛਿਆ-

ਉਭੈਣ ਤੁਹਾਡੇ ਘਰੇ ਲੋਹਾ ਹੈਗਾ?"

ਮਾਂ ਕਹਿੰਦੀ- ਉਹਾਂ ਹੈਗਾ, ਮਾੜਾ ਮੋਟਾ ਕੁਝ ਨਾ ਕੁਝ ਤਾਂ ਕਿੱਲ ਪੱਤੀ ਨਿਕਲ ਹੀ ਆਉਂਦੈ।"

ਮੇਰੀ ਮੰਮੀ ਦਾ ਨਾਂ ਸੁਰਜੀਤ ਕੌਰ ਐ, ਮੇਰੀਆਂ ਤਾਈਆਂ ਚਾਚੀਆਂ ਦਾਦੀ ਮੇਰੀ ਮਾਂ ਨੂੰ ਜੀਤੋ ਹੀ ਕਹਿੰਦੀਆਂ ਨੇ। ਜਿਹੜੀ ਉਹ ਆਂਟੀ ਆਈ ਸੀ, ਜਿਹੜੀ ਲੋਹਾ ਮੰਗਦੀ ਸੀ ਕੋਈ ਚੀਜ਼ ਬਣਾਉਣ ਨੂੰ। ਉਹਨੂੰ ਮੰਮੀ ਨੇ ਲੋਹਾ ਦੇਤਾ ਤੇ ਮੰਮੀ ਨੇ ਉਹਨੂੰ ਮੋੜ ਕੇ ਕਹਿਤਾ- ਉਏਨੂੰ ਵਧੀਆ ਜਿਹਾ ਬਣਾਦੀ, (ਜੋ ਵੀ ਮੇਰੀ ਮੰਮੀ ਨੇ ਬਣਵਾਉਣਾ ਸੀ)

ਉਹ ਕਹਿੰਦੀ- ਉਭੈਣ ਐਹੋ ਜਿਹਾ ਬਣਾਉਂਗੀ, ਤੂੰ ਜੀਤੋ ਨੂੰ ਯਾਦ ਰੱਖੇਂਗੀ (ਉਹਦਾ ਨਾਂ ਵੀ ਜੀਤੋ ਸੀ ਜਿਹੜੀ ਆਈ ਸੀ)

ਉਹ ਉਸੇ ਰਾਤ ਨੂੰ ਉਹ ਚਲੇ ਗਏ ਤੇ ਅਸੀਂ ਅੱਜ ਤੱਕ ਵੀ ਜੀਤੋ ਨੂੰ ਯਾਦ ਕਰਦੇ ਆਂ ਜਿਵੇਂ ਮੈਂ ਭੁਪਾਲ ਦੇ ਸਕੂਲ 'ਚ ਖੜ੍ਹਾ ਯਾਦ ਕਰ ਰਿਹਾਂ। ਇਹ ਮੈਂ ਪਹਿਲਾਂ ਕਿਤੇ ਕਹਿ ਕੇ ਆਇਆ ਸੀਗਾ, ਤੁਹਾਨੂੰ ਵੀ ਕਹਿਣਾ ਅੱਜ ਤੋਂ ਬਾਅਦ ਤੁਸੀਂ ਜੀਤੋ ਦੇ ਮੁੰਡੇ ਨੂੰ ਯਾਦ ਕਰੋਂਗੇ।"

ਜਦੋਂ ਉਨ੍ਹਾਂ ਇਹ ਗੱਲ ਸੁਣਾਈ, ਮੇਰੇ ਅੰਦਰ ਬਾਈ ਗੁਰਮੀਤ ਆਲੀ ਗੱਲ ਖੁੱਲ ਗਈ।

ਮੈਂ ਤੇ ਅਸ਼ੋਕ ਬਾਂਸਲ ਮਿਲਣ ਗਏ। ਘਰ ਵਰਗਾ ਮਾਹੌਲ ਜਿਵੇਂ ਸਾਂਝੇ ਟੱਬਰ 'ਚ ਵਿਹਲੇ ਹੋ ਰਾਤ ਨੂੰ ਗੱਲਾਂ ਮਾਰਦੇ ਨੇ ਮਲਵਈਏ। ਗੱਲਾਂ ਅਮਰਗੜ੍ਹ ਦੀਆਂ ਚੱਲੀਆਂ, ਅਮਰਗੜ੍ਹੋ ਰਾਣਾ ਤੇ ਹਾਂਸ ਯਾਦ ਕੀਤੇ। ਝੂੰਦਾ ਪਿੰਡ ਬੋਲਦਿਆਂ ਫਿਜ਼ਾ 'ਚੋਂ ਹਰਿੰਦਰ ਸਿੰਘ ਮਹਿਬੂਬ ਦੀ ਮਹਿਕ ਆਈ। ਉੱਥੋਂ ਝੂੰਦਾ ਪਿੰਡ ਦੀ ਲਾਇਬਰੇਰੀ ਦੀ ਗੱਲ ਤੁਰੀ, ਗੱਲ ਤੁਰਦੀ ਤੁਰਦੀ ਰਾਵੀ ਦੇ ਪਾਣੀ ਤੇ ਟਿਕ ਗਈ, ਜਿਵੇਂ ਸ਼ਾਮ ਨੂੰ ਛਿਪਦਾ ਸੂਰਜ ਧਰਤੀ ਦੀ ਵੱਖੀ ਵਿੱਚ ਟਿਕ ਜਾਂਦੈ। ਸਮਾਂ ਦੀ ਜਿਉਂ ਗੰਢ ਬੱਝ ਗਈ। ਸਾਹਮਣੇ ਕੋਨੇ ਵਿੱਚ ਉਨ੍ਹਾਂ ਦੋ ਜਣੇ ਬੈਠੇ ਸੀ, ਉਨ੍ਹਾਂ ਦੇ ਨਵੋਦਿਆਂ ਸਕੂਲ ਦੇ ਦੋਸਤ ਸਨ। ਜਿੱਥੇ ਅਸੀਂ ਗੱਲ ਲੈ ਗਏ ਸੀ, ਜਾਂ ਤਾਂ ਉੱਥੇ ਹੀ ਗੱਲ ਖਤਮ ਕਰਕੇ ਉੱਠਿਆ ਜਾ ਸਕਦਾ ਸੀ ਜਾਂ ਫੇਰ ਏਦੂੰ ਗਹਾਂ ਦੀ ਗੱਲ ਤੋਰਨੀ ਸੀ। ਐਦੂੰ ਗਾਹਾਂ ਦੀ ਗੱਲ ਤਾਂ ਸੰਗੀਤ ਦੀ ਹੋ ਸਕਦੀ ਐ। ਸੰਗੀਤ ਜਿਸ ਚੋਂ ਪੰਜਾਬ ਸਮਝ ਪੈਂਦੈ। ਕੁਲਵੰਤ ਸਿੰਘ ਨੇ ਸਕੂਲ ਦਾ ਵੇਲਾ ਯਾਦ ਕਰਦਿਆਂ ਉਹ ਕਲਾਕਾਰ ਲੜਕੀ ਨੂੰ ਗਾਉਣ ਲਈ ਕਿਹਾ। ਉਹਦੀ ਚੋਣ ਨੇ ਗੱਲ ਸਿਰੇ ਲਾ ਦਿੱਤੀ। ਗੀਤ ਬਹਾਨੇ ਜਿਵੇਂ ਰਾਵੀ ਦੇ ਪਾਣੀ 'ਚੋਂ ਬੁੱਕ ਭਰਕੇ ਅਸਮਾਨ ਬੰਨੀਂ ਉਛਾਲ ਦਿੱਤਾ ਹੋਵੇ, ਤੇ ਧਰਤੀ ਦੀ ਵੱਖੀ 'ਚ ਟਿਕਿਆ ਸੂਰਜ ਰਾਵੀ ਰੰਗਾ ਹੋ ਗਿਆ ਹੋਵੇ। ਉਹ ਰੰਗ ਦੀ ਮਹਿਕ ਸਾਡੇ ਅੰਦਰ ਤੱਕ ਉਤਰ ਗਈ ਹੋਵੇ, ਏਹ ਅੰਦਰ ਉੱਤਰੀ ਮਹਿਕ ਸ਼ਾਇਦ ਸਦੀਆਂ ਤੱਕ ਨਾ ਲਹੇ। ਐਂ ਲੱਗਿਆ ਜਿਉਂ ਗੀਤ ਦੀ ਲੈਅ ਤੇ ਚੜ੍ਹ ਅਸੀਂ ਸਾਰੇ ਰਾਵੀ ਦੇ ਕਿਨਾਰੇ ਬੈਠ ਗਏ ਹੋਈਏ। ਇਹ ਕਿਤੇ ਕਿਤੇ ਵਾਪਰਦੈ। ਉਸ ਗੀਤ ਰਾਹੀਂ ਓਪਰਾਪਣ ਜਿਵੇਂ ਸਕੀਰੀ ਚ ਗੰਢਿਆ ਗਿਆ ਹੋਵੇ। ਬੋਲ ਸੀ- ਜੇ ਐਥੋਂ ਕਦੀ ਰਾਵੀ ਲੰਘ ਜਾਵੇ/ ਹਯਾਤੀ ਪੰਜਆਬੀ ਬਣ ਜਾਵੇ/ ਮੈਂ ਬੇੜੀਆਂ ਹਜ਼ਾਰ ਤੋੜ ਲਾਂ/ ਮੈਂ ਪਾਣੀ ਵਿਚੋਂ ਸਾਹ ਨਿਚੋੜ ਲਾਂ... ਰਾਵੀ ਸਾਡੇ ਅੰਦਰ ਘੁਲ ਗਈ ਹੋਵੇ। ਪਾਣੀ ਦੀ ਅਵਾਜ਼ ਤੇ ਸਾਡੇ ਸਾਹ ਇਕੋ ਸੁਰ ਚ ਹੋਣ। ਫਿਜ਼ਾਵਾਂ ਜਿਉਂ ਰਾਵੀ ਦਾ ਪਾਣੀ ਹੋ ਗਈਆਂ ਹੋਣ, ਸਾਡੇ ਸਾਹਾਂ ਚੋਂ ਜਿਉਂ ਰਾਵੀ ਦਾ ਪਾਣੀ ਧੜਕ ਰਿਹਾ ਹੋਵੇ, ਵਾਰਸ ਦੇ ਆਖਣ ਵਾਂਗੂੰ 'ਰਾਗ ਨਿਕਲੇ ਜਿਉਂ ਜ਼ੀਲ ਦੀ ਤਾਰ ਵਿੱਚੋਂ।' ਗੀਤ ਦੇ ਬੋਲਾਂ ਨੇ ਜਿਉਂ ਪਾਣੀਆਂ ਦੇ ਸਾਹ ਨਿਚੋੜ ਲਏ ਹੋਣ। ਏਨੇ ਸਿਖਰ ਦੀ ਗੱਲ ਤੋਂ ਬਾਅਦ ਅਗਲਾ ਵਾਕ ਬੋਲਣ ਲਈ ਉਸਤੋਂ ਅਸਲੀ ਗੱਲ ਚਾਹੀਦੀ ਸੀ। ਐਂ ਵੀ ਲੱਗਿਆ ਏਦੂੰ ਗਹਾਂ ਤਾਂ ਗੱਲ ਅਸੰਭਵ ਐ।

ਉਜਦੋਂ ਰਾਵੀ ਦਾ ਜ਼ਿਕਰ ਹੁੰਦੈ ਤਾਂ ਅੰਦਰ ਕੁਝ ਲਰਜਦੈ। ਇਹ ਸਿਰਫ ਰਾਵੀ ਤੇ ਸਤਲੁਜ ਦਰਿਆ ਦੇ ਜ਼ਿਕਰ ਤੇ ਹੁੰਦੈ। ਮੈਂ ਜਦੋਂ ਉੱਥੇ ਸੀ ਤਾਂ ਵਿਹਲਾ ਹੋ ਕੰਢੇ ਤੇ ਬੈਠ ਜਾਂਦਾ। ਇਹ ਤਾਂ ਵੀ ਐ ਕਿ ਇਹ ਦੋਵੇਂ ਦਰਿਆ ਪਾਰ ਜਾਂਦੇ ਨੇ।"- ਇਹ ਗੱਲ ਕੁਲਵੰਤ ਸਿੰਘ ਨੇ ਕਹੀ।

ਇਹ ਗੱਲ ਜਦੋਂ ਕਹੀ ਮੇਰੇ ਤੇ ਅਸ਼ੋਕ ਦੀ ਅੱਖ ਚੋਂ ਜਿਵੇਂ ਪਾਣੀ ਛੱਲ ਛਲਕ ਕੇ ਅਸਮਾਨ ਚ ਜਾ ਰਲੀ ਹੋਵੇ ਤੇ ਤਾਰ ਬਣ ਚੜ੍ਹ ਗਈ ਹੋਵੇ। ਤਖੱਲਸ ਉਨ੍ਹਾਂ ਦਾ ਧੂਰੀ ਐ, ਜਰਮ ਐ ਦੌਲਤਪੁਰਾ ਦਾ। ਪੰਜਾਬ ਦੀ ਸੁਰਤਿ ਵਿੱਚ ਇਹ ਦੌਲਤਪੁਰਾ ਰਹਿਣੈ, ਭਾਵੇਂ ਕਾਗਜ਼ਾਂ 'ਚ ਲੱਖ ਬਰੜਵਾਲ ਬਣ ਜਾਵੇ। ਸਾਡੀ ਸੁਰਤਿ ਨੇ ਦੌਲਤ ਦੇ ਜਿਹੜੇ ਅਰਥ ਕੀਤੇ ਨੇ ਉਸ ਵਿੱਚ ਕਿਤੇ ਵੀ 'ਪੈਸੇ' ਦੀ ਮੱਸ ਨਹੀਂ। ਪੈਸੇ ਦੀ ਮੱਸ ਆਉਣ ਨਾਲ ਦੌਲਤ ਦੀ ਥਾਂ ਪੂੰਜੀ ਬਣਦੀ ਐ। ਪੂੰਜੀ ਜੋੜੀ ਜਾਂਦੀ ਐ, ਕਮਾਈ ਨਹੀਂ। ਕਮਾਉਂਦਾ ਤਾਂ ਬੰਦਾ ਦੌਲਤ ਐ। ਇਹੀ ਦੌਲਤ ਓਪਰਿਆਂ ਦੀ ਸਕੀਰੀ ਬਣਦੀ ਐ। ਇਹ ਸਕੀਰੀ ਏਥੇ ਕਿਸੇ ਕਿਸੇ ਦੀ ਰਲਦੀ ਐ। ਇਸ ਦੌਲਤ ਦਾ ਸਿਖਰ ਲੁਟਾਉਣ 'ਚ ਐ।



ਪ੍ਰੋ: ਗੁਰਦੀਪ ਸਿੰਘ ਅਤੇ ਡਿਪਟੀ ਕਮਿਸ਼ਨਰ ਸਰਦਾਰ ਕੁਲਵੰਤ ਸਿੰਘ

ਲੌਂਗੋਵਾਲ ਨਵੋਦਿਆਂ ਵਿੱਚ ਪੜ੍ਹਦਿਆਂ ਪੜ੍ਹਦਿਆਂ ਉਹ ਨਿਆਣਮੱਤੀਆਂ ਤੋਂ ਸਿਆਣਮੱਤੀਆਂ ਚ ਗਿਐ। ਇਹ ਸਿਆਣਮੱਤੀਆਂ ਦੀ ਆਪਣੀ ਸਿਮਰਤੀ ਹੁੰਦੀ ਐ। ਇਹੀ ਸਿਮਰਤੀ ਬੰਦੇ ਨੂੰ ਜਿਉਂਦਾ ਰੱਖਦੀ ਐ। ਨੌਵੀਂ ਚ ਪੜ੍ਹਦੇ ਪੇਂਡੂ ਜੁਆਕ ਨਿਆਣਮੱਤੀਆਂ ਨੂੰ ਜਿਊਂਦੇ ਨੇ। ਇਨ੍ਹਾਂ ਸਮਿਆਂ ਵਿਚ ਮੱਸ ਉਨ੍ਹਾਂ ਤੇ ਸਿਆਣਮੱਤੀਆਂ ਦੀ ਚੜ੍ਹ ਰਹੀ ਹੁੰਦੀ ਐ। ਨੌਵੀਂ ਚ ਪੜ੍ਹਦਿਆਂ ਨਵੋਦਿਆਂ ਦੇ ਸਹਾਇਕ ਡਾਇਰੈਕਟਰ ਨੇ ਜੁਆਕਾਂ ਤੋਂ ਸੁਆਲ ਪੁੱਛਿਆ। ਸੱਚੀ ਗੱਲ ਐ ਉਦੋਂ ਡਰ ਲੱਗਦਾ ਹੁੰਦੈ, ਐਂ ਵੀ ਲੱਗਦਾ ਹੁੰਦੈ ਜੇ ਨਾ ਦੱਸਿਆ ਗਿਆ ਰਹਿਣੀ ਨ੍ਹੀਂ। ਸੁਆਲ ਤਾਂ ਔਖਾ ਹੋਣੈ-

ਉਸੁਆਲ ਦਾ ਉੱਤਰ ਮੇਰੇ ਤੋਂ ਦੱਸਿਆ ਗਿਆ।"- ਕੁਲਵੰਤ ਸਿੰਘ ਕਹਿੰਦੇ।

ਉਸਾਡਾ ਇਹ ਬੇਟਾ ਆਈ. ਏ. ਐੱਸ. ਬਣੂੰ।"- ਉਦੂੰ ਬਾਅਦ ਨਵੋਦਿਆਂ ਦੇ ਪ੍ਰਿੰਸੀਪਲ ਕੇ. ਸੀ. ਸ਼ਰਮਾਂ ਨੇ ਇਹ ਗੱਲ ਕਹੀ।

ਨੌਵੀਂ ਵਿੱਚ ਪੜ੍ਹਦਿਆਂ ਟਾਵੇਂ ਜੁਆਕ ਨੂੰ ਪਤਾ ਹੁੰਦੈ, ਆਈ. ਏ. ਐੱਸ. ਕੀ ਹੁੰਦੈ? ਗੱਲ ਆਈ ਗਈ ਹੋਣੀ ਸੀ, ਹੋ ਗਈ ਪਰ ਕੁਲਵੰਤ ਸਿੰਘ ਦੇ ਅੰਦਰ ਜਿਉਂ ਰਹੇ ਸੁਪਨੇ ਦੇ ਇਸ ਗੱਲ ਨੇ ਜਿਵੇਂ ਸੁਰਮ ਸਲਾਈ ਪਾ ਦਿੱਤੀ ਹੋਵੇ। ਗੱਲ ਐਂ ਬਣੀ ਕਿ ਇਕ ਦਿਨ ਕੇ. ਸੀ. ਸ਼ਰਮਾਂ ਦਾ ਮੂਡ ਠੀਕ ਸੀ। ਕੁਲਵੰਤ ਸਿੰਘ ਆਪਣੇ ਅੰਦਰ ਦੀ ਗੁੰਝਲ ਹੱਲ ਕਰਨੀ ਚਾਹੁੰਦਾ ਸੀ।

ਉਸਰ ਜਿਹੜਾ ਤੁਸੀਂ ਆਈ.ਏ.ਐੱਸ. ਕਹਿ ਰਹੇ ਸੀ ਇਹ ਕੀ ਹੁੰਦੈ?" ਕੁਲਵੰਤ ਸਿੰਘ ਨੇ ਪੁੱਛਿਆ।

ਉਜਿਹੜੇ ਆਪਣੇ ਸਕੂਲ ਵਿੱਚ ਡੀ. ਸੀ. ਆਉਂਦੇ ਹੁੰਦੇ ਨੇ, ਇਹ ਆਈ. ਏ. ਐੱਸ. ਨੇ।"- ਕੇ. ਸੀ. ਸ਼ਰਮਾਂ ਕਹਿਣ ਲੱਗੇ।

ਏਦੂੰ ਬਾਅਦ ਕੁਲਵੰਤ ਸਿੰਘ ਨੇ ਆਈ. ਏ. ਐੱਸ. ਬਣਨ ਦਾ ਸੁਪਨਾ ਲਿਆ। ਚੜ੍ਹਦੀ ਉਮਰ ਦੇ ਖਿਆਲ ਵਿਚ ਸੁਪਨਾ ਜਿਆਦਾ ਉੱਗਦੈ, ਬੱਸ ਸੁਪਨਾ ਲੈਣ ਵਾਲੇ ਦਾ ਪੈਰ ਧਰਤੀ ਤੇ ਰਹੇ। ਪੈਰ ਧਰਨ ਲਈ ਧਰਤੀ ਸਭ ਨੂੰ ਵਿਹਲ ਨ੍ਹੀਂ ਦਿੰਦੀ। ਗੱਲ ਏਹੋ ਜਿਹੀ ਐ। ਦਸਵੀਂ ਦੇ ਪੇਪਰ ਹੋਏ, ਅਗਲੀ ਕਲਾਸਾਂ ਵਿਚ ਪੜ੍ਹਨ ਲਈ ਪੈਸਿਆਂ ਦੀ ਲੋੜ ਐ। ਇਹ ਗੱਲ ਸੁਣਦਿਆਂ/ ਪੜ੍ਹਦਿਆਂ ਅੰਦਰ ਕਿੰਨਾ ਕੁਝ ਟੁੱਟਦੈ/ਫੁੱਟਦੈ। ਕੁਲਵੰਤ ਸਿੰਘ ਕਹਿੰਦੇ- ...ਓਦੋਂ ਮੈਂ ਦਸਵੀਂ ਦੇ ਇਮਤਿਹਾਨ ਦੇ ਕੇ ਫਰੀ ਸਾਂ... ਪੜ੍ਹਨ ਦਾ ਆਮ ਨਾਲੋਂ ਥੋੜਾ ਜ਼ਿਆਦਾ ਸ਼ੌਕ ਹੋਣ ਕਰਕੇ ਨਤੀਜਾ ਆਉਣ ਤੋਂ ਪਹਿਲਾਂ ਹੀ ਲੁਧਿਆਣੇ ਤੋਂ ਗਿਆਰਵੀਂ ਦੀਆਂ ਕਿਤਾਬਾਂ ਲੈ ਆਇਆ ਪਰ ਘਰ ਦੇ ਹਾਲਾਤ ਨੂੰ ਧਿਆਨ 'ਚ ਰੱਖਕੇ ਘੱਟੋ-ਘੱਟ ਕਿਤਾਬਾਂ ਦੇ ਖਰਚੇ ਪੂਰੇ ਕਰਨ ਲਈ ਵੀ ਆਹੀ ਦੋ-ਤਿੰਨ ਮਹੀਨੇ ਵਰਤੇ ਜਾ ਸਕਦੇ ਸਨ। ਡਰ ਲੱਗਦਾ ਸੀ ਕਿ ਜ਼ਿਆਦਾ ਮਹਿੰਗੀਆਂ ਕਿਤਾਬਾਂ ਕਰਕੇ ਹੀ ਮੈਨੂੰ ਪੜਨੋਂ ਨਾ ਹਟਾ ਲਿਆ ਜਾਵੇ ਕਿਉਂਕਿ ਆਂਢੀ ਗੁਆਂਡੀ ਮੇਰੇ ਘਰਦਿਆਂ ਨੂੰ ਆਮ ਹੀ ਮੱਤਾਂ ਦਿੰਦੇ ਰਹਿੰਦੇ ਸਨ ਕਿ ਇਹਦਾ ਕੱਦਕਾਠ ਚੰਗਾ ਹੈ, ਇਹਨੂੰ ਦਸਵੀਂ ਕਰਾ ਕੇ ਫੌਜ 'ਚ ਭਰਤੀ ਕਰਾ ਦਿਓ। ਮੈਂ ਤਾਂ ਇੰਜਨੀਅਰ ਬਣਨਾ ਸੀ ਪਰ ਇਸਦੀ ਕਿਸੇ ਨੂੰ ਸਮਝ ਹੀ ਨਹੀਂ ਸੀ ਮੇਰਾ ਪੱਖ ਪੂਰਨਾ ਤਾਂ ਬੜੀ ਦੂਰ ਦੀ ਗੱਲ ਸੀ। ਮੈਂ ਮਾਂ ਨਾਲ ਸਲਾਹ ਕੀਤੀ ਕਿ ਮੈਂ ਦਿਹਾੜੀ ਨਾ ਚਲਿਆ ਜਾਇਆ ਕਰਾਂ ਦਰਸ਼ਨ ਨਾਲ।(ਦਰਸ਼ਨ ਨੂੰ ਅਸੀਂ ਮਾਮਾ ਕਿਹਾ ਕਰਦੇ ਸਾਂ, ਉਹ ਰਫਿਊਜੀ ਸਨ। ਇਹਨਾਂ ਦੇ ਬਜ਼ੁਰਗ ਪਿੱਛੋਂ ਗੁਜਰਾਂਵਾਲੇ ਤੋਂ ਜ਼ਮੀਨਾਂ ਛੱਡਕੇ ਆਏ ਸਨ ਤੇ ਏਧਰ ਮਜ਼ਦੂਰੀ ਕਰਨੀ ਪਈ) ਖੈਰ ਮਾਂ ਤੋਂ ਹਰੀ ਝੰਡੀ ਮਿਲਣ 'ਤੇ ਮੈਂ ਮੇਰੇ ਨਾਨਕਿਆਂ ਤੋਂ ਸਾਈਕਲ ਲਿਆਂਦਾ ਤੇ ਮੈਂ ਓਸ ਦੇ ਡੰਡੇ ਉਪਰ ਰੋਟੀ ਵਾਲਾ ਡੱਬਾ ਬੰਨਕੇ ਪਿੱਛੇ ਕੈਰੀਅਰ ਦੀ ਕੁੜਿਕੀ ਜਿਹੀ 'ਚ ਫਿਜਿਕਸ ਦੀ ਕਿਤਾਬ ਫਸਾ ਕੇ ਦਰਸ਼ਨ ਮਾਮੇ ਨਾਲ ਦਿਹਾੜੀ ਜਾਣਾ ਸ਼ੁਰੂ ਕਰ ਦਿੱਤਾ। ਦੁਪਹਿਰ ਤੱਕ ਮਿਸਤਰੀ ਨਾਲ ਕੰਮ ਕਰਾਉਂਦਾ ਤੇ ਦੁਪਹਿਰੇ ਜਦੋਂ ਰੋਟੀ ਖਾ ਕੇ ਬਾਕੀ ਮਿਸਤਰੀ-ਮਜ਼ਦੂਰ ਕੁਛ ਦੇਰ ਲਈ ਸੌਂ ਜਾਂਦੇ (ਗਰਮੀਆਂ ਵਿਚ ਇਹ ਸਮਾਂ ਥੋੜਾ ਜ਼ਿਆਦਾ ਲੰਮਾ ਹੁੰਦਾ ਹੈ) ਤਾਂ ਮੈਂ ਕਿਸੇ ਦਰਖਤ ਦੀ ਛਾਂ ਲੱਭਕੇ ਪੜ੍ਹਨਾ ਸ਼ੁਰੂ ਕਰ ਦਿੰਦਾ। ਕਈ ਦਿਨ ਮੇਰਾ ਇਹ ਰੁਟੀਨ ਸਹੀ ਚੱਲਦਾ ਰਿਹਾ।

ਮਿਸਤਰੀ ਨੇ ਮੈਥੋਂ ਪੁੱਛਿਆ- ਉਕਾਕਾ ਆਹ ਐਨੀ ਮੋਟੀ ਕਿਤਾਬ ਕਿਹੜੀ ਕਲਾਸ ਦੀ ਪੜਦਾ ਹੁੰਨੈ?"

ਉਗਿਆਰਵੀਂ ਦੀ।"- ਮੈਂ ਕਿਹਾ।

ਉਅਜੇ ਕਿਹੜਾ ਦਸਵੀਂ ਦਾ ਰਿਜਲਟ ਆਇਐ? ਕੀ ਪਤਾ ਫੇਲ਼ ਹੋਜੇਂ। ਪਤੰਦਰਾ ਗਿਆਰਵੀਂ ਦੀਆਂ ਕਿਤਾਬਾਂ ਤੇ ਤੂੰ ਘਰਦਿਆਂ ਦੇ ਐਂਵੇਂ ਐਨੇ ਪੈਸੇ ਫੂਕਤੇ।"- ਮਿਸਤਰੀ ਨੇ ਕਿਹਾ।

ਮੈਨੂੰ ਫੇਲ੍ਹ ਹੋਣ ਦੀ ਗੱਲ ਸੁਣਨਾ ਬਹੁਤ ਚੁਭਿਆ ਪਰ ਉਹਨੂੰ ਸਿਰਫ ਇੰਨਾ ਕਹਿ ਸਕਿਆ- ਉਮੈਂ ਟੌਪਰਜ 'ਚ ਹੋਉਂਗਾ, ਇਹ ਵੀ ਪਤਾ ਨੀ ਫਸਟ ਈ ਆਜਾਂ।"

ਉਹਨੂੰ ਮੇਰਾ ਨਿਆਣੇ ਪੜਾਕੂ ਜਿਹੇ ਦਾ ਏਦਾਂ ਜਵਾਬ ਦੇਣਾ ਚੰਗਾ ਨਾ ਲੱਗਿਆ। ਸੋ ਆਥਣੇ ਮੈਨੂੰ ਕੱਲ ਨੂੰ ਕੰਮ ਤੋਂ ਹਟਣ ਦਾ ਹੁਕਮ ਸੁਣਾ ਦਿੱਤਾ। ਬਿਲਕੁਲ ਜਿਵੇਂ ਅੱਜਕੱਲ ਕੰਪਨੀਆਂ ਕਿਸੇ ਨੂੰ ਫਾਇਰ ਕਰਦੀਆਂ ਨੇ। ਮੈਂ ਅਗਲੇ ਦਿਨ ਤੋਂ 'ਕੱਲਾ ਲੇਬਰ ਚੌਂਕ ਜਾਣ ਲੱਗਿਆ। ਇਕ ਅੱਧਾ ਦਿਨ ਦੇ ਨਾਗੇ ਤੋਂ ਸਿਵਾਏ। ਮੈਨੂੰ ਸਾਰੇ ਦਿਨ ਕੰਮ ਮਿਲਦਾ ਰਿਹਾ। ਚੰਗਾ ਮਾੜਾ ਸਮਾਂ ਬੀਤ ਹੀ ਜਾਂਦਾ।

ਸਮਝ ਪੈਂਦੈ ਕਿ ਬੰਦਾ ਆਪਣੇ ਅੰਦਰ ਦੀ ਧਰਤੀ ਨੂੰ ਜਿਊਣ ਲਈ ਕਿਵੇਂ ਬੁਣਤੀਆਂ ਬੁਣਦੈ। ਇਸ ਤੋਂ ਬਾਅਦ ਕੁਲਵੰਤ ਸਿੰਘ ਨੇ ਗਿਆਰਵੀਂ ਕਰੀ ਨਵੋਦਿਆ ਸੰਗਰੂਰ ਤੋਂ ਤੇ ਬਾਰਵ੍ਹੀਂ ਕਰੀ ਮੁਕਸਰੋਂ। ਪਿੰਡ ਦਾ ਜੁਆਕ ਜਦੋਂ ਬਾਰਵ੍ਹੀਂ ਪਾਸ ਕਰਦੈ ਉਦੂੰ ਬਾਅਦ ਉਹ ਖੌਜਲਦੈ, ਆਪਣੇ ਆਪ ਨਾਲ। ਸੈਂਕੜੇ ਦਿਸ਼ਾਵਾਂ 'ਚੋਂ ਆਪਣੇ ਆਪ ਲਈ ਇਕ ਚੁਣ ਲੈਂਦੈ। ਫੇਰ ਪਿੱਛੇ ਮੁੜਕੇ ਨਹੀਂ ਵੇਖਦਾ। ਸ਼ਹਿਰ ਦੇ ਜੁਆਕਾਂ ਦੀ ਥਾਂ ਉਨ੍ਹਾਂ ਦੇ ਮਾਂ ਬਾਪ ਖੌਜਲਦੇ ਨੇ। ਉਨ੍ਹਾਂ ਲਈ ਰਾਹ ਬਣਾਏ ਪਏ ਹੁੰਦੇ ਨੇ, ਉਨ੍ਹਾਂ ਨੇ ਸਿਰਫ ਪੈਰ ਧਰਨਾ ਹੁੰਦੈ। ਪੇਂਡੂ ਜੁਆਕਾਂ ਨੇ ਆਪਣੀ ਪੁਲਾਂਘ ਨਾਲ ਰਾਹ ਵੀ ਲੱਭਣਾ ਹੁੰਦੈ। ਫਾਇਦਾ ਇਹ ਹੋ ਜਾਂਦੈ ਕਿ ਇਹ ਪੁਲਾਂਘ ਰਾਹ ਵੇਖ ਕੇ ਭਰਦੇ ਨੇ। ਏਦੂੰ ਬਾਅਦ ਇੰਜਨੀਅਰ ਕਰੀ, ਫੇਰ ਸੌਫਟਵੇਅਰ ਪ੍ਰੋਫੈਸਨਲ ਦੀ ਪ੍ਰਾਈਵੇਟ ਨੌਕਰੀ। ਪੇਂਡੂ ਜੁਆਕਾਂ ਦੇ ਨੌਕਰੀ ਨਾਗਵਲ ਨ੍ਹੀਂ ਪਾ ਸਕਦੀ, ਉਨ੍ਹਾਂ ਦੇ ਸਾਹਾਂ ਚ ਪੂੰਜੀ ਨ੍ਹੀਂ ਘੁਲੀ ਹੁੰਦੀ। ਕੁਲਵੰਤ ਨੂੰ ਲੱਗਿਆ ਗੱਲ ਬਣ ਨ੍ਹੀਂ ਰਹੀ, ਗੱਲ ਤਾਂ ਸਿਵਲ ਦੀ ਤਿਆਰੀ ਦੀ ਸੀ। ਫੇਰ ਛੱਡ ਛਡਾ ਕੇ ਤਿਆਰੀ ਕੀਤੀ। 2006 ਵਿੱਚ ਭਰਤੀ ਹੋਇਆ ਐਫ. ਸੀ. ਆਈ. ਵਿੱਚ। ਨਿਆਣਮੱਤੀਆਂ ਚ ਲਏ ਸੁਪਨੇ ਬੰਦੇ ਨੂੰ ਨਿਰਉਮਰਾ ਰੱਖਦੇ ਨੇ। ਨਿਰਉਮਰਾ ਬੰਦੇ ਚ ਸਿੱਖਣ ਦੀ ਲਲਕ ਹੁੰਦੀ ਐ। ਉਹ ਅੰਦਰਲੇ ਦੁਆਰ ਖੁਲ੍ਹੇ ਰੱਖਦੈ। ਸੁਪਨਿਆਂ ਦੀ ਹਾਕ ਦੇਹੀ ਦੀ ਸੁਆਹ ਚੋਂ ਵੀ ਸੁਣ ਜਾਂਦੀ ਐ, ਸ਼ਰਤ ਇਹੀ ਕਿ ਸੁਆਹ ਫਰੋਲਦਾ ਬੰਦਾ ਨਿਰਉਮਰਾ ਹੋਵੇ। ਇਸ ਨਿਰਉਮਰ ਚ ਨਿਆਣਮੱਤੀਆਂ ਹੁੰਦੀਆਂ ਨੇ। ਕੁਲਵੰਤ ਸਿੰਘ ਦੱਸਦੈ- ਉ10 ਅਕਤੂਬਰ 2006 ਨੂੰ ਪਹਿਲੀ ਜੁਆਇਨਿੰਗ ਸੀ, ਜੁਆਇੰਨ ਕੀਤਾ ਚੰਡੀਗੜ੍ਹ। ਉੱਥੋਂ ਜ਼ਿਲਾ ਮਿਲਿਆ ਸੰਗਰੂਰ 11 ਅਕਤੂਬਰ ਨੂੰ ਸੰਗਰੂਰ ਜੁਆਇੰਨ ਕੀਤਾ। ਉੱਥੋਂ ਕਿਹਾ ਗਿਆ ਤੁਸੀਂ 12 ਨੂੰ ਸੁਨਾਮ ਜੁਆਇੰਨ ਕਰੋ। ਹੁਣ ਗੱਲ ਇਹ ਕਿ 13 ਅਕਤੂਬਰ ਨੂੰ ਸਿਵਲ ਸਰਵਿਸਸ ਦਾ ਮੇਨ ਦੇਣਾ ਸੀ। ਮੈਂ ਦੋ ਅਰਜ਼ੀਆਂ ਲੈ ਕੇ ਗਿਆ। ਪਹਿਲੀ ਜੁਆਇਨਿੰਗ ਦੀ, ਦੂਜੀ ਛੁੱਟੀ ਦੀ। ਮੈਥੋਂ ਛੁੱਟੀ ਵਾਲੀ ਅਰਜ਼ੀ ਪਹਿਲਾ ਦਿੱਤੀ ਗਈ। ਮਨੇਜਰ ਮੈਨੂੰ ਕਹਿੰਦੇ ਪਹਿਲਾਂ ਜੁਆਇਨ ਕਰੋ, ਛੁੱਟੀ ਫੇਰ ਮਿਲੂਗੀ।" ਇਸ ਗੱਲ ਤੋਂ ਉਨ੍ਹਾਂ ਨੂੰ ਪਤਾ ਲੱਗਿਆ ਇਹ ਬੰਦਾ ਸਿਵਲ ਸਰਵਿਸਸ ਦੀ ਤਿਆਰੀ ਕਰਨ ਵਾਲੈ। ਏਥੇ ਦੋ ਗੱਲਾਂ ਦੱਸਦੇ ਆਂ। ਕੁਲਵੰਤ ਸਿੰਘ ਦੇ ਨੇੜਲਿਆਂ ਨੂੰ ਕਨਸੋ ਮਿਲ ਗਈ ਸੀ ਕਿ ਏਹ ਡੀ. ਸੀ. ਬਣੂੰਗਾ ਪੱਕਾ। ਇਹ ਕਿਸੇ ਦੇ ਜਨੂੰਨ ਦੀ ਥਾਹ ਪਾਉਣ ਵਰਗੀ ਗੱਲ ਐ।

ਪਹਿਲੀ ਗਵਾਹੀ 3

ਗੱਲ ਕੁਝ ਏਸ ਤਰ੍ਹੈ- ਕੋਟਕਪੂਰੇ ਦੇ ਫਾਟਕ ਵਾਂਗੂੰ ਧੂਰੀ ਦਾ ਫਾਟਕ ਬੰਦ ਰਹਿੰਦਾ ਸੀ। ਕੇਰਾਂ ਓਸ ਸਾਇਕਲ ਲੰਘਾਉਣ ਵਾਲੀ ਜੁਗਾ ਵਿੱਚ ਉਸਦੇ ਪਿਤਾ ਜੀ ਸਾਈਕਲ ਲੰਘਾ ਰਹੇ ਸਨ ਕਿ ਅਜੇ ਸਾਇਕਲ ਦਾ ਮੂਹਰਲਾ ਟਾਇਰ ਹੀ ਆਇਆ ਸੀ ਕਿ ਸਾਹਮਣੇ ਤੋਂ ਕਿਸੇ ਮੁੰਡੇ ਨੇ ਆਪਣੇ ਮੋਟਰ ਸਾਇਕਲ ਦਾ ਅਗਲਾ ਚੱਕਾ ਫਸਾ ਦਿੱਤਾ। ਓਸ ਵੇਲੇ ਗੱਡੀ ਦੇ ਆਉਣ ਤੋਂ ਪਹਿਲਾਂ ਲੰਘਣ ਦੀ ਹਰ ਕਿਸੇ ਨੂੰ ਕਾਹਲ਼ ਹੋਣ ਕਾਰਨ ਇਹ ਵਰਤਾਰਾ ਆਮ ਹੀ ਹੁੰਦਾ ਹੈ...ਓਥੇ ਤੂੰ ਤੂੰ-ਮੈਂ ਮੈਂ ਵੀ... ਉਹ ਮੁੰਡਾ ਕਹੇ ਕਿ ਅੰਕਲ ਸਾਇਕਲ ਪਿੱਛੇ ਕਰ ਮੈਨੂੰ ਲੰਘਣ ਦੇਹ ਪਹਿਲਾਂ। ਭਾਰ ਹੋਣ ਕਾਰਨ ਸਾਇਕਲ ਪਿਛਾਂਹ ਨਾ ਹੋ ਸਕਿਆ....ਓਸ ਮੁੰਡੇ ਨੇ ਆਪਣੀ ਅੜੀ ਨਾ ਛੱਡੀ। ਇਤਫਾਕਨ....ਡੈਡੀ ਦੇ ਪਿੱਛੇ ਉਜਾਗਰ ਸਿੰਘ ਅੰਕਲ ਵੀ ਫਾਟਕ ਦੇ ਅੰਦਰਲੇ ਪਾਸੇ ਖੜ੍ਹੇ ਸਨ। ਉਹਨਾਂ ਨੇ ਰੋਅਬਦਾਰ ਅਵਾਜ਼ 'ਚ ਓਸ ਮੁੰਡੇ ਨੂੰ ਫਟਕਾਰਿਆ-

ਉਓ ਕਾਕਾ.... ਆਪਣਾ ਮੋਟਰ ਸਾਇਕਲ ਪਿੱਛੇ ਕਰ ..ਤੈਨੂੰ ਪਤਾ ਵੀ ਆ...ਇਹ ਬੰਦਾ ਹੋਣ ਵਾਲੇ ਡੀ. ਸੀ. ਦਾ ਬਾਪ ਆ...ਚੱਲ ਪਿਛਾਂਹ ਕਰ... ਲੰਘਣ ਦੇ"- ਮੁੰਡਾ ਪਿੱਛੇ ਹਟ ਗਿਆ।

**ਦੂਜੀ ਗਵਾਹੀ**

ਕੁਲਵੰਤ ਸਿੰਘ ਦੇ ਘਰ ਅਖਬਾਰ ਨਹੀਂ ਸੀ ਆਉਂਦਾ। ਉਹ ਘਰ ਤੋਂ ਤਿੰਨ ਕਿਲੋਮੀਟਰ ਦੂਰ ਸਾਈਕਲ ਚਲਾ ਜੇ ਧੂਰੀ ਦੇ ਬੱਸ ਅੱਡੇ ਤੋਂ ਲਿਆਉਂਦੇ। ਉਸ ਸਮੇਂ ਉਸਦਾ ਰਿਸ਼ਤੇ 'ਚ ਲੱਗਦਾ ਮਾਮਾ ਗੰਨਮੈਨ ਹੋਇਆ ਕਰਦੇ ਸਨ। ਇਕ ਦਿਨ ਧੂਰੀਓਂ ਅਖਬਾਰ ਲੈਕੇ ਆਉਂਦੇ ਟਾਇਮ ਉਹਨਾਂ ਕੋਲ ਖੜ੍ਹ ਗਏ। ਅਕਸਰ ਜਿਵੇਂ ਕੋਈ ਸਾਇਕਲ ਸਵਾਰ ਕਾਹਲ਼ 'ਚ ਹੁੰਦੇ ਸਮੇਂ ਇਕ ਲੱਤ ਸਾਇਕਲ ਤੋਂ ਲਾਹੇ ਬਗੈਰ ਹੀ ਗੱਲਾਂ ਕਰਨ ਲੱਗ ਜਾਂਦੈ। ਕੁਲਵੰਤ ਸਿੰਘ ਵੀ ਬਿਲਕੁਲ ਓਵੇਂ ਮਾਮਾ ਜੀ ਨਾਲ਼ ਗੱਲੀਂ ਲੱਗ ਗਿਆ। ਇਹ ਧਿਆਨ ਹੀ ਨਾ ਰਿਹਾ ਐੱਸ. ਡੀ. ਐੱਮ. ਰੈਜੀਡੈਂਸ ਦੇ ਗੇਟ ਦੇ ਬਿਲਕੁਲ ਵਿਚਕਾਰ ਖੜ੍ਹੇ ਆਂ। ਜਦੋਂ ਮਾਮੇ ਭਾਣਜੇਦੀ ਗੱਲ ਤੁਰ ਪਵੇ, ਲੰਮੀ ਹੋ ਜਾਂਦੀ ਐ। ਗੱਲੀਂ ਗੱਲੀਂ ਗੱਲਾਂ ਪੜ੍ਹਾਈ ਦੀਆਂ ਚੱਲ ਪਈਆਂ।

ਉਤੇਰੀ ਪੜ੍ਹਾਈ ਤਾਂ ਪੂਰੀ ਹੋ ਗਈ ਅੱਗੇ ਕੀ ਕਰੇਂਗਾ?

ਮੇਰਾ ਦੋ ਟੂਕ ਜਿਹਾ ਜਵਾਬ ਸੀ ਕਿ ਉਬਾਹਰ ਜਾਊਂਗਾ।"

ਕੁਲਵੰਤ ਸਿੰਘ ਕਹਿੰਦੇ- ਉਹ ਮੈਨੂੰ ਸਮਝਾਉਣ ਲੱਗ ਗਏ ਕਿ ਛੱਡ ਪਰੇ ਬਾਹਰ ਜਾਣ ਨੂੰ ...ਐਥੇ ਈ ਆਈਏਐੱਸ/ਪੀਸੀਐੱਸ ਬਣ...ਇਹਦੀ ਰੀਸ ਨੀ। ਇਸਤੋਂ ਪਹਿਲਾਂ ਕਿ ਮੈਂ ਉਹਨਾਂ ਨਾਲ ਹੋਰ ਜ਼ਿਰ੍ਹਾ ਕਰ ਪਾਉਂਦਾ ਉਹਨਾਂ ਨਾਲਦੇ ਦੂਸਰੇ ਗੰਨਮੈਨ ਦੀ ਨਿਗਾਹ ਮੇਰੇ 'ਤੇ ਪੈ ਗਈ। ਉਹ ਭੱਜਾ ਆਇਆ। ਉਕਾਕਾ ਸਾਇਕਲ ਸਾਈਡ ਕਰਲੈ...ਜ਼ਮਾਂ ਗੇਟ ਦੇ ਵਿਚਾਲ਼ੇ ਖੜ੍ਹਾਈਂ ਖੜ੍ਹਾਂ...ਸਾਹਬ ਆਜੂ...ਗਾਹਲਾਂ ਦੇਊ"

ਉਓਏ ਕੁਛਨੀ ਹੁੰਦਾ ....ਕਿਧਰੇ ਨੀ ਆਉਂਦਾ ਸਾਬ੍ਹ...ਇਹ ਮੇਰਾ ਭਾਣਜਾ ਵੀ ਕਿਸੇ ਦਿਨ ਸਾਹਬ ਬਣਕੇ ਆਊਗਾ"- ਮੇਰੇ ਕੁਛ ਵੀ ਬੋਲਣ ਤੋਂ ਪਹਿਲਾਂ। ਮਾਮਾ ਜੀ ਨੇ ਉਹਦੇ ਨਾਲ਼ ਲੜਨ ਵਾਲ਼ੇ ਅੰਦਾਜ਼ 'ਚ ਜਵਾਬ ਦਿੱਤਾ।

ਤੁਰਨ ਵਾਲੇ ਬੰਦੇ ਨੂੰ ਰਾਹ ਬਣ ਜਾਂਦੇ ਨੇ। ਇਹ ਰਾਹ ਸੀ ਕਿ ਉੱਥੇ ਸਮਾਂ ਮਿਲਿਆ, ਪੜ੍ਹਨ ਦਾ। ਪਹਿਲੇ ਢਾਈ ਵਰ੍ਹਿਆਂ ਬਾਅਦ ਅਗਲੇ ਤਿੰਨ ਵਰ੍ਹੇ ਇਨਕਮ ਟੈਕਸ ਵਿਭਾਗ ਵਿੱਚ ਰਿਹਾ। ਅੱਗੇ ਤੋਂ ਅੱਗੇ ਤੇ ਫਿਰ ਦੋ ਇੰਟਰਵਿਊ ਤੋਂ ਬਾਅਦ ਡੀ. ਸੀ. ਬਣਿਆ। ਵਿਚ ਵਿਚਾਲੇ ਇਕ ਕਿੱਸੈ- ਹਫਤਾ ਕੁ ਜੇਲ ਜਾਣ ਦਾ। ਇਸ ਕਿੱਸੇ ਦਾ ਆਪਣਾ ਭਾਂਤ ਦਾ ਦਰਦ ਐ, ਆਪਣੀ ਭਾਂਤ ਦਾ ਹਾਸਲ ਐ। ਸੰਵੇਦਨ ਬੰਦੇ ਨੂੰ ਰੰਜਿਸ਼ 'ਚ ਹੋਈ ਜੇਲ ਸਿਆਣੇ ਬੰਦੇ ਅੰਦਰ ਜ਼ੁਰਮ ਦੀ ਥਾਂ ਸੁੱਚਤਾ ਭਰ ਦਿੰਦੀ ਐ। ਏਥੇ ਉਹ ਕਿਤਾਬਾਂ ਮੰਗਵਾ ਕੇ ਪੜ੍ਹਦੈ। ਇਹ ਪੜ੍ਹਨ ਵਿੱਚ ਗਹਿਰੀ ਰਮਜ਼ ਐ। ਇਹੀ ਰਮਜ਼ ਉਸਨੂੰ ਪਿੰਡ ਨਾਲ ਜੋੜੀ ਬੈਠੀ ਐ। ਉਸਨੂੰ ਇਸੇ ਵਿਚੋਂ ਸਮਝ ਆਇਆ ਕਿ ਜੇਲ ਚ ਜਾਣ ਵਾਲੇ ਸਾਰੇ ਜ਼ੁਰਮ ਨ੍ਹੀਂ ਕਰਦੇ। ਉਸ ਅੰਦਰ ਇਹ ਗੱਲ ਘੁਲੀ ਐ ਤਾਹੀਂ ਉਹ ਸਾਹਮਣੇ ਦੀ ਗੱਲ ਸੁਣ ਕੇ ਆਪਣੀ ਗਵਾਹੀ ਤਿਆਰ ਕਰਦੈ।

ਉਸ ਅੰਦਰ ਇਹ ਕਹਿਣ ਦੀ ਜੁਰਅਤ ਐ 'ਕੋਈ ਨੀ।' ਤੇ ਬਦਲ ਵਜੋਂ 'ਉਹ ਜਾਣੇ'। ਇਹ ਦੋਵੇਂ ਸ਼ਬਦ ਉਸਦੇ ਅੰਦਰ ਨੂੰ ਅਫਸਰੀ ਚ ਨਹੀਂ ਬਦਲਣ ਦਿੰਦੇ। ਇਹ ਗੱਲ ਉਸ ਅੰਦਰ ਬੈਠੇ ਸਾਹਿਤਕ ਮੱਸ ਵਾਲੇ ਪਾਠਕ ਦੀ ਦੇਣ ਐ ਤੇ ਪੰਜਾਬ ਭਾਸ਼ਾ ਵਿੱਚ ਕੀਤੀ ਸਿਵਲ ਸਰਵਿਸਸ ਦੀ। ਦਫਤਰ ਵਿੱਚ ਲੇਟ ਆਏ ਕਰਮਚਾਰੀ ਲਈ ਇਹ ਸ਼ਬਦ ਘਿਓ ਦਾ ਕੰਮ ਕਰਦੈ। ਪੰਜਾਬੀ ਵਿੱਚ ਆਈ.ਏ.ਐੱਸ. ਇਨ੍ਹਾਂ ਤੋਂ ਪਹਿਲਾਂ ਵਰਿੰਦਰ ਸ਼ਰਮਾਂ ਹਨ, ਜਿਹੜੇ ਮਾਨਸਾ ਰਹਿ ਕੇ ਗਏ। ਉਨ੍ਹਾਂ ਅੰਦਰ ਦੇ ਬੰਦੇ ਦੀਆਂ ਦੋ ਗਵਾਹੀਆਂ ਏਥੇ ਸਾਂਝੀਆਂ ਕਰਨੀਆਂ ਨੇ (ਇਸ ਤਰ੍ਹਾਂ ਦੀਆਂ ਦਰਜਨਾਂ ਹਨ)

ਪਹਿਲੀ ਗਵਾਹੀ

ਗੱਲ ਤਰਨਤਾਰਨ ਜ਼ਿਲ੍ਹੇ ਦੀ ਐ। ਉਨ੍ਹਾਂ ਨੂੰ ਵਿਦਿਆਰਥੀਆਂ ਦੀ ਮਦਦ ਕਰਨ ਵਾਲੇ ਅਧਿਆਪਕ ਮੁਕਤਾ ਰਤਨਮ ਦਾ ਫੋਨ ਆਉਂਦੈ। ਜਿਹੜੀ ਸਕੀਰੀ ਦੀ ਪਹਿਲਾ ਗੱਲ ਕੀਤੀ ਐ, ਇਨ੍ਹਾਂ ਦੀ ਉਹੀ ਐ। ਮੁਕਤਾ ਰਤਨਮ ਕੁਲਵੰਤ ਸਿੰਘ ਨੂੰ ਬੇਟਾ ਕਹਿੰਦੇ ਨੇ। ਸਕਰੀਨ ਤੇ ਮੁਕਤਾ ਰਤਨਮ ਦਾ ਨਾਮ ਪੜ੍ਹਦਿਆਂ ਇਹ ਬੈਠ ਗਏ, ਕਿਸੇ ਜਰੂਰੀ ਮੀਟਿੰਗ ਵਿੱਚ ਜਾਣਾ ਸੀ। ਗੱਲ ਸ਼ੁਰੂ ਹੋਈ-

ਉਕੁਲਵੰਤ ਬੇਟੇ ਫਰੀ ਹੋ... ਤੁਮਸੇ ਕੁਛ ਬਾਤ ਕਰਨੀ ਹੈ।"

ਉਹਾਂਜੀ ਮੈਮਝਸਭ ਠੀਕ ਹੈ?"

ਉਹਾਂ ਵੈਸੇ ਤੋ ਸਭ ਠੀਕ ਹੈ....ਏਕ ਬੇਟੀ ਹੈ ਅਪਨੇ ਵਿਦਿਆਲਿਆ ਕੀ...ਵੋਹ ਪੜ੍ਹਾਈ ਛੋੜ ਰਹੀ ਹੈ।"

ਉਕਿਉਂ? ਅਭੀ ਸਕੂਲ ਮੇਂ ਹੈ? ਕੌਨਸੀ ਕਲਾਸ ਮੇਂ ਪੜ੍ਹ ਰਹੀ ਹੈ ਵੋਹ?"

ਉਨਹੀਂ ਵੋਹ ਪਲੱਸ ਟੂ ਕਰਕੇ ਐਮ.ਬੀ.ਬੀ.ਐੱਸ. ਕਰ ਰਹੀ ਹੈ।"

ਉਇਤਨਾ ਅੱਛਾ ਕੋਰਸ ਕਰ ਰਹੀ ਹੈ। ਐਮ.ਬੀ.ਬੀ.ਐੱਸ. ਮੇਂ ਐਡਮਿਸ਼ਨ ਕੇ ਲੀਏ ਤੋ ਇਤਨਾ ਕੰਪੀਟੀਸ਼ਨ ਹੋਤਾ ਹੈ ਫਿਰ ਕਿਓਂ ਛੋੜ ਰਹੀ ਹੈ?"

ਉਬਸ ਉਸਕੀ ਫੀਸ ਕਾ ਇੰਤਜ਼ਾਮ ਨਹੀਂ ਹੋ ਪਾ ਰਹਾ। ਪਿਛਲੇ ਸਾਲ ਕੀ ਭੀ ਨਹੀਂ ਦੀ ਜਾ ਸਕੀ। ਘਰ ਵਾਲੇ ਕੋਈ ਛੋਟਾ ਮੋਟਾ ਕਾਮ ਕਰਤੇ ਹੈਂ।"

ਉਕਿਤਨੀ ਫੀਸ ਹੈ?"

ਉਵੋਹ ਤੋ ਮੁਝੇ ਨਹੀਂ ਪਤਾ ਹੈ ਅਭੀ ਪੂਰਾ।"

ਉਅਭੀ ਉਸ ਲੜਕੀ ਸੇ ਮੇਰੀ ਬਾਤ ਹੋ ਸਕਤੀ ਹੈ?"

ਉਅਭੀ ਤੋ ਵੋਹ ਅਪਨੇ ਘਰ ਹੋਗੀ।"

ਉਮੈਮ ਆਪ ਐਸਾ ਕਰੇਂ ਉਸਕੋ ਅਪਨੇ ਪਾਸ ਬੁਲਾ ਲੇਂ ਔਰ ਮੇਰੀ ਬਾਤ ਕਰਵਾ ਦੇਂ। ਕਰ ਲੇਂਗੇ ਉਸਕੀ ਫੀਸ ਕਾ ਕੁਛ ਨਾ ਕੁਛ। ਉਸਕੋ ਆਪ ਬੋਲਦੇਂ ਕਿ ਨਹੀਂ ਛੋੜਨੀ ਪੜ੍ਹੇਗੀ।"

ਵੇਖੀਏ ਤਾਂ ਇਹ ਫੀਸ ਜਿਆਦਾ ਹੁੰਦੀ ਐ। ਦੂਜੇ ਦਿਨ ਮੁਕਤਾ ਮੈਡਮ ਨੇ ਉਸਨੂੰ ਬੁਲਾਕੇ ਕੁਲਵੰਤ ਸਿੰਘ ਨਾਲ ਗੱਲ ਕਰਵਾਈ ਤਾਂ ਪਤਾ ਲੱਗਿਆ ਕਿ ਉਸਦੀ ਕਾਫੀ ਸਾਰੀ ਫੀਸ ਰਹਿੰਦੀ ਸੀ ਦੇਣ ਵਾਲੀ। ਉਸਦੇ ਪਿੰਡ ਦਾ ਪਤਾ ਕੀਤਾ ਤਾਂ ਕਿ ਥੋੜ੍ਹੀ ਪੁੱਛਗਿੱਛ ਕੀਤੀ ਜਾ ਸਕੇ। ਹਾਲਾਤ ਉਹੀ ਸਨ ਜੋ ਮੁਕਤਾ ਮੈਡਮ ਨੇ ਦੱਸੇ ਸਨ। ਉਸ ਬੱਚੀ ਨੂੰ ਭਰੋਸਾ ਦਿੱਤਾ ਕਿ ਹੁਣ ਇਹ ਉਸਦੀ ਨਹੀਂ ਬਲਕਿ ਮੇਰੀ ਚਿੰਤਾ ਸੀ ਕਿ ਉਸਦੀ ਫੀਸ ਦਾ ਪ੍ਰਬੰਧ ਕਿਵੇਂ ਕਰਨਾ ਹੈ। ਉਸਦਾ ਕੰਮ ਫੀਸ ਦੀ ਤਾਰੀਖ ਤੋਂ ਹਫਤਾ ਕੁ ਪਹਿਲਾਂ ਮੈਨੂੰ ਯਾਦ ਕਰਵਾਉਣਾ ਹੈ ਬਸ। ਨਵੋਦਿਆ ਵਿਦਿਆਲੇ ਬਰਾਵ੍ਹੀਂ ਤੱਕ ਇਹ ਰੋਲ ਬਾਖੂਬੀ ਨਿਭਾਉਂਦੇ ਹਨ ਪਰ ਬਾਅਦ ਵਿਚ ਕਿੰਨੇ ਹੀ ਪਿੰਡਾਂ ਨਾਲ ਸਬੰਧ ਰੱਖਣ ਵਾਲੇ ਬੱਚੇ ਅਗਲੀ ਪੜ੍ਹਾਈ ਬਾਰੇ ਫੈਸਲੇ ਲੈਣ ਵੇਲੇ ਥੋੜ੍ਹੇ ਕੰਨਫਿਊਜ ਹੋ ਜਾਂਦੇ ਹਨ, ਖਾਸ ਕਰਕੇ ਜਿਹਨਾਂ ਘਰਾਂ ਵਿੱਚ ਉਚੇਰੀ ਸਿਖਿਆ ਦੀ ਕੋਈ ਉਦਾਹਰਨ ਨਾ ਹੋਵੇ। ਕੁਲਵੰਤ ਸਿੰਘ ਲਿਖਦੇ ਨੇ ਕਿ ਉਮੇਰਾ ਸੁਫਨਾ ਹੈ ਕਿ ਕਦੇ ਸਮਰੱਥ ਹੋਕੇ ਮੈਂ ਅਜਿਹੀ 'ਨਵੋਦਿਆ ਯੂਨੀਵਰਸਿਟੀ' ਬਣਾਵਾਂ।" ਉਹ ਕੁੜੀ ਹੁਣ ਕੁਝ ਬਣ ਗਈ ਹੋਣੀ ਐ। ਇਨ੍ਹਾਂ ਨੇ ਪਠਾਨਕੋਟ ਦੇ ਆਪਣੇ ਦੋ ਵਿਸ਼ਵਾਸ਼ਪਾਤਰਾਂ ਨਾਲ ਇਹ ਗੱਲ ਸਾਂਝੀ ਕੀਤੀ, ਦੋਵਾਂ ਨੇ ਹੀ ਖੁਲੇ ਦਿਲ ਨਾਲ ਮੌਕੇ 'ਤੇ ਮੱਦਦ ਕੀਤੀ, ਬਾਕੀ ਆਪਣੇ ਕੋਲੋਂ ਕਰਕੇ ਅਗਲੇ ਦਿਨ ਉਸਦੀ ਫੀਸ ਜਮਾਂ ਕਰਵਾ ਦਿੱਤੀ।

ਦੂਜੀ ਗਵਾਹੀ

ਸ. ਕੁਲਵੰਤ ਸਿੰਘ ਤਰਨਤਾਰਨ ਪੌਣੇ ਦੋ ਸਾਲ ਡੀਸੀ ਰਹੇ। ਸ਼ਨੀਵਾਰ ਦਾ ਦਿਨ ਇਹ ਥੋੜ੍ਹਾ ਲੇਟ ਪਾਰਕ ਵੱਲ ਨਿਕਲੇ ਤਾਂ ਵੇਖਿਆ ਗੇਟ ਵੜਦੇ ਸਾਰ ਸੱਜੇ ਹੱਥ ਬੀਬੀਆਂ ਕੰਮ 'ਚ ਰੁੱਝੀਆਂ ਹੋਈਆਂ ਨੇ। ਨਾਲ ਛੋਟੀ ਬੱਚੀ ਐ, ਜੋ ਸ਼ਾਇਦ ਕੰਮ 'ਤੇ ਪਹਿਲੇ ਦਿਨ ਆਈ ਸੀ ਤੇ ਅੱਠਵੀਂ ਨੌਂਵੀਂ ਦੀ ਵਿਦਿਆਰਥਣ ਜਾਪਦੀ ਸੀ। ਅੀਜਹੇ ਬੱਚਿਆ ਨੂੰ ਵੇਖ ਬੰਦੇ ਅੰਦਰ ਸਿਮਰਤੀਆਂ ਜਾਗਦੀਆਂ ਨੇ।

ਕੁਲਵੰਤ ਸਿੰਘ ਨੇ ਪੁੱਛਿਆ- ਉਤੂੰ ਸਕੂਲ ਨਹੀਂ ਗਈ ਅੱਜ?"

ਉਹ ਇਕਦਮ ਡਰ ਗਈ ਬਸ ਅੱਧਾ ਕੁ ਵਾਕ ਬੋਲੀ- ਉਹਟਗੀ ਜੀ।"

ਉਹਦੇ ਡਰ ਨੂੰ ਭਾਂਪਦੇ ਹੋਏ ਮੈਂ ਅੱਗੇ ਤੁਰ ਪਿਆ ਪਰ ਉਹਦਾ ਇਸ ਤਰਾਂ ਡਰਨਾ ਮੈਨੂੰ ਕਈ ਵਰੇ ਪੁਰਾਣੀ ਕਿਸੇ ਡੂੰਘੀ ਯਾਦ 'ਚ ਧੱਕ ਗਿਆ। ਇਹ ਯਾਦ ਅਸੀਂ ਪਹਿਲੇ ਹਿੱਸੇ ਵਿੱਚ ਲਿਖੀ ਐ। ਅਗਲੇ ਦਿਨ ਜਦੋਂ ਕੁਲਵੰਤ ਸਿੰਘ ਉੱਥੇ ਗਏ ਤਾਂ ਜਿਵੇਂ ਕੁੜੀ ਡਰ ਗਈ ਬਿਨ੍ਹਾਂ ਸੁਆਲ ਪੁੱਛੇ ਉਹ ਅਪਣੇ ਆਪ ਹੀ ਵਾਕ ਬੋਲਦੀ ਐ-

ਉਸਰ ਜੀ, ਮੈਂ ਪਲੱਸ ਟੂ ਕਰਕੇ ਛੱਡੀ ਆ ਜੀ ਪੜਾਈ।"

ਜਿਵੇਂ ਕਨਵਿੰਸ ਕਰ ਰਹੀ ਹੋਵੇ ਕਿ ਮੈਂ ਬਾਲਮਜ਼ਦੂਰੀ ਨਹੀਂ ਕਰ ਰਹੀ। ਮੈਨੂੰ ਕੰਮ ਤੋਂ ਨਾ ਹਟਾਇਓ। ਮੈਂ ਉਸਦੇ ਚਿਹਰੇ ਉੱਪਰਲੇ ਡਰ ਨੂੰ ਕੰਮ ਤੋਂ ਹਟਣ ਵਾਲਾ ਡਰ ਹੀ ਸਮਝਿਆ ਸੀ, ਉਹਨੇ ਮੇਰਾ ਸ਼ੱਕ ਪੱਕਾ ਕਰ ਦਿੱਤਾ ਸੀ।

ਉਫਿਰ ਤੂੰ ਅੱਗੇ ਨੀ ਪੜ੍ਹਨਾ?"

ਉਨਾਅਅਜੀ। ਘਰਦੇ ਕਹਿੰਦੇ। ਨਹੀਂ ਪੜ੍ਹਾਇਆ ਜਾਣਾ...।"

ਉਘਰਦਿਆਂ ਦੀ ਛੱਡ। ਤੂੰ ਦੱਸ ਕੀ ਕਰਨਾ ਚਾਹੁੰਨੀ ਐਂ ਅੱਗੇ?"

ਉਕਨੇਡਾ ਜਾਣਾ ਚਾਹੁੰਨੀ ਆਂ ਮੈਂ ਤਾਂ..."

ਇਹ ਕਹਿੰਦਿਆਂ ਉਹਦੀਆਂ ਅੱਖਾਂ 'ਚ ਚਮਕ ਜਿਹੀ ਲਿਸ਼ਕੀ। ਗੱਲ ਉਹਦੇ ਬਿਲਕੁਲ ਧੁਰ ਅੰਦਰੋਂ ਆਉਣ ਕਰਕੇ ਜਾਂ ਮੇਰੇ ਤੇ ਕੁਛ ਯਕੀਨ ਆ ਗਿਆ ਸੀ ਕਿ ਮੈਂ ਸੱਚੀਓਂ ਉਹਦੀ ਮੱਦਦ ਕਰਾਂਗਾ। ਮੈਨੂੰ ਕੈਨੇਡਾ ਵਾਲੀ ਉਮੀਦ ਨਹੀਂ ਸੀ ਪਰ ਬੋਲਿਆ ਕੁਝ ਨਾ।

ਉਏਥੇ ਨੀ ਕੁਛ ਕਰ ਸਕਦੀ ?ਕੋਈ ਗਰੈਜੂਏਸ਼ਨ ਵਗੈਰਾ। ਉਹ ਕਰਕੇ ਫੇਰ ਚਲੀ ਜਾਈਂ ਕਨੇਡਾ।"

ਉਕਰ ਸਕਦੀ ਆਂ ਜੀ ਜੇ ਕੋਈ ਕਰਾਉਣ ਵਾਲਾ ਹੋਵੇ..."

ਉਤੂੰ ਕੱਲ ਨੂੰ ਆਪਣੇ ਸਰਟੀਫਿਕੇਟ ਲੈਕੇ ਆਈਂ।"

ਉਠੀਕ ਆ ਜੀ।"

ਅਗਲੇ ਦਿਨ ਸਵੇਰੇ ਹੀ ਉਹ ਆਪਣੇ ਪਿਤਾ ਜੀ ਨਾਲ ਆ ਗਈ। ਮੈ ਉਹਦੇ ਕਾਗਜ਼ ਦੇਖੇ ਮੈਨੂੰ ਪਿਆਰ ਵੀ ਆਇਆ ਤੇ ਤਰਸ ਵੀ। ਪਿਆਰ ਇਸ ਕਰਕੇ ਕਿ ਉਸਦੇ ਸਰਟੀਫਿਕੇਟਸ 'ਤੇ ਸਕੂਲ ਦਾ ਉਹੀ ਨਾਮ ਸੀ ਜੋ ਮੇਰੇ ਸਰਟੀਫਿਕੇਟਸ ਉਪਰ ਹੈ- ਨਵੋਦਿਆ ਵਿਦਿਆਲਿਆ। ਤਰਸ ਇਸ ਕਰਕੇ ਕਿ ਬੇਹੱਦ ਚੰਗੇ ਨੰਬਰ ਹੋਣ ਦੇ ਬਾਵਜੂਦ ਵੀ ਉਸਦੀ ਪੜ੍ਹਾਈ ਰੁਕ ਸਕਦੀ ਆ। ਮਨ ਹੀ ਮਨ ਨਿਸ਼ਚਾ ਕੀਤਾ ਤੇ ਕਿਹਾ- ਉਓ ਕਮਲੀ ਆਪਾਂ ਤਾਂ ਇਕੋ ਸਕੂਲ ਆਲੇ ਆਂ। ਆਪਾਂ ਹਾਰਨ ਵਾਲਿਆਂ 'ਚੋਂ ਥੋੜ੍ਹੇ ਆਂ।"

ਉਆਪਾਂ ਅੱਗੇ ਪੜ੍ਹਾਈ ਕਰਨੀ ਆ। ਮੈਂ ਤੇਰੇ ਨਾਲ ਆਂ। ਚੱਕ ਦਿਆਂਗੇ ਫੱਟੇ.. ਤੂੰ ਡਰੀਂ ਨਾ।"- ਇਹ ਸੁਣਦਿਆਂ ਉਹ ਹੌਂਸਲੇ 'ਚ ਹੋ ਗਈ।

ਇਸ ਹੱਲਾਸ਼ੇਰੀ ਤੇ ਮਦਦ ਨਾਲ ਉਹ ਗ੍ਰੈਜੂਏਸ਼ਨ ਕਰ ਗਈ। ਇਹ ਧਰਤੀ ਦੀ ਕਿਸੇ ਖੂੰਜੇ ਡਿੱਗੇ ਦਾਣਿਆਂ ਨੂੰ ਮਿੱਟੀ ਰਲਾਉਣ ਵਰਗੀ ਗੱਲ ਐ। ਜਿਹੜੇ ਪਾਣੀਆਂ ਤੇ ਮਿੱਟੀ ਬਿਨ੍ਹਾਂ ਉੱਗਣੋਂ ਰਹਿ ਜਾਂਦੇ ਨੇ। ਸਮਰੱਥ ਹੁੰਦੇ ਨੇ ਉੱਗਣ ਦੇ। ਉਹ ਜਿਊਂਦੇ ਜੀ ਮਾਣ ਦਿਵਾਉਣਾ ਚਾਹੁੰਦੈ। ਸ਼ਾਇਦ ਉਸਦਾ ਸ਼ਿਅਰ ਇਥੋਂ ਨਿਕਲਿਐ- ਉਕਾਹਦਾ ਮਾਣ ਹੈ ਕਬਰਾਂ ਅੰਦਰ ਸੁੱਤੀਆਂ ਪਈਆਂ ਹਸਤੀਆਂ ਸੌ ਸੌ।"

# ਟਰੰਪ ਦੀ ਟੀਮ 'ਚ ਪੰਜ ਭਾਰਤੀ ਅਮਰੀਕਨਾ ਦੀ ਬੱਲੇ-ਬੱਲੇ

**ਅਮਰੀਕਾ ਦੀ ਕੋਵਿਡ ਪਾਲਿਸੀ ਦਾ ਕਰਿਟਿਕ ਰਿਹਾ ਹੈ। ਜੈ ਭੱਟਾਚਾਰੀਆ ਨੈਸ਼ਨਲ ਬਿਓਰੋ ਆਫ਼ ਇਕਨਾਮਿਕਸ ਰਿਸਰਚ ਐਂਡ ਐਨ ਇਨਸਟੀਚਿਊਟ ਆਫ਼ ਹੈਲਥ ਕੈਪੀਟੋਲ ਦਾ ਪ੍ਰੋਫ਼ੈਸਰ ਅਤੇ ਰਿਸਰਚ ਐਸੋਸੀਏਟ ਰਿਹਾ ਹੈ। ਉਹ ਪ੍ਰਾਇਮਰੀ ਯੂ.ਐਸ.ਪਬਲਿਕ ਫ਼ੰਡ ਮੈਡੀਕਲ ਰਿਸਰਚ ਲਈ 47.3 ਬਿਲੀਅਨ ਬਜਟ ਵਾਲੇ ਕੰਮ ਦੀ ਸੁਪਰਵੀਜਨ ਕਰਨਗੇ। ਇਸ ਸੰਸਥਾ ਦੀਆਂ 27 ਇਨਸਟੀਚਿਊਟ ਹਨ। ਉਨ੍ਹਾਂ ਆਰਟਸ ਵਿੱਚ ਬੀ.ਏ.ਆਨਰਜ਼ ਤੇ ਐਮ.ਏ ਪਾਸ ਕੀਤੀਆਂ, ਫਿਰ 1997 ਵਿੱਚ ਸਟੈਨਫ਼ੋਰਡ ਯੂਨੀਵਰਸਿਟੀ ਦੇ ਸਕੂਲ ਆਫ਼ ਮੈਡੀਸਨ ਤੋਂ ਡਿਗਰੀ ਕੀਤੀ। 2000 ਵਿੱਚ ਇਕਨਾਮਿਕਸ ਵਿੱਚ ਡਾਕਟਰੇਟ ਕੀਤੀ ਸੀ। ਜਯੰਤ ਭੱਟਾਚਾਰੀਆ ਦਾ ਜਨਮ 1968 ਵਿੱਚ ਕਲਕੱਤਾ ਵਿਖੇ ਹੋਇਆ। ਉਸਨੇ ਮੁੱਢਲੀ ਪੜ੍ਹਾਈ ਕਲਕੱਤਾ ਵਿੱਚੋਂ ਪ੍ਰਾਪਤ ਕੀਤੀ। ਉਸਨੇ ਆਪਣਾ ਕੈਰੀਅਰ 1998 ਵਿੱਚ ਆਰਥ ਸ਼ਾਸਤਰੀ ਦੇ ਤੌਰ ਤੇ ਸ਼ੁਰੂ ਕੀਤਾ। ਉਹ 2006 ਤੋਂ 2008 ਤੱਕ ਰਿਸਰਚ ਫ਼ੈਲੋ ਰਹੇ।**



ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072











ਅਮਰੀਕਾ ਦੇ ਨਵੇਂ ਚੁਣੇ ਗਏ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ 20 ਜਨਵਰੀ ਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਜਾ ਰਹੇ ਹਨ। ਉਨ੍ਹਾਂ ਦੀ ਟੀਮ ਵਿੱਚ ਫਿਲਹਾਲ 5 ਭਾਰਤੀ ਮੂਲ ਦੇ ਅਮਰੀਕੀਆਂ ਲੈਫ਼.ਕਰਨਲ ਤੁਲਸੀ ਗਵਾਰਡ, ਵਿਵੇਕ ਗਨਪਥੀ ਰਾਮਾਸਵਾਮੀ, ਸ੍ਰੀ ਰਾਮ ਕ੍ਰਿਸ਼ਨਨ, ਜੈ (ਜਯੰਤ) ਭੱਟਾਚਾਰੀਆ ਅਤੇ ਹਰਮੀਤ ਕੌਰ ਢਿਲੋਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਪੰਜਾਂ ਵਿੱਚ ਦੋ ਇਸਤਰੀਆਂ ਤੁਲਸੀ ਗਵਾਰਡ ਅਤੇ ਹਰਮੀਤ ਕੌਰ ਢਿਲੋਂ ਹਨ। ਭਾਰਤੀ ਮੂਲ ਦੇ ਅਮਰੀਕਨ ਕਸ਼ਯਪ ਪ੍ਰਮੋਦ ਵਿਨੋਦ ਪਟੇਲ ਜੋ ਅਮਰੀਕਾ ਵਿੱਚ ਕੈਸ਼ ਪਟੇਲ ਦੇ ਨਾਮ ਨਾਲ ਜਾਣੇ ਜਾਂਦੇ ਹਨ, ਉਨ੍ਹਾਂ ਨੂੰ ਫ਼ੈਡਰਲ ਬਿਓਰੋ ਆਫ਼ ਇਨਵੈਸਟੀਗੇਸ਼ਨ (ਐਫ਼.ਬੀ.ਆਈ.) ਦਾ ਡਾਇਰੈਕਟਰ ਨਿਯੁਕਤ ਕੀਤਾ ਹੈ। ਅਮਰੀਕਾ ਦੇ ਪ੍ਰਬੰਧਕੀ ਢਾਂਚੇ ਵਿੱਚ ਇਹ ਸਭ ਤੋਂ ਉਚਾ ਅਹੁਦਾ ਹੈ। ਕੈਸ਼ ਪਟੇਲ ਦਾ ਕੈਰੀਅਰ ਵਿਲੱਖਣ ਹੈ। ਉਹ ਸ਼ਾਨਦਾਰ ਵਕੀਲ, ਜਾਂਚ ਕਰਤਾ ਅਤੇ ਅਮਰੀਕਾ ਦਾ ਫਸਟ ਯੋਧਾ ਹੈ। ਉਸਨੇ ਭਰਿਸ਼ਟਾਚਾਰ ਵਿਰੋਧੀ ਰੂਸ ਦੀ ਧੋਖੇਬਾਜ਼ੀ ਦਾ ਪਰਦਾ ਫਾਸ਼ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਉਸ ਦੇ ਮਾਪੇ 1970 ਵਿੱਚ ਅਫ਼ਰੀਕਾ ਤੋਂ ਕੈਨੇਡਾ ਫਿਰ ਅਮਰੀਕਾ ਆਏ ਸਨ। 44 ਸਾਲਾ ਕੈਸ਼ ਪਟੇਲ ਦਾ ਜਨਮ 25 ਫਰਵਰੀ 1980 ਨੂੰ ਅਮਰੀਕਾ ਦੇ ਗਾਰਡਨ ਸ਼ਹਿਰ ਨਿਊਯਾਰਕ ਵਿੱਚ ਭਾਰਤੀ ਗੁਜਰਾਤੀ ਇਮੀਗਰੈਂਟਸ ਮਾਪਿਆਂ ਦੇ ਘਰ ਹੋਇਆ, ਜਿਸਨੂੰ ਲਿਟਲ ਇੰਡੀਆ (ਕੁਈਨਜ਼ ਨਿਊਯਾਰਕ) ਕਿਹਾ ਜਾਂਦਾ ਹੈ। ਡੋਨਾਲਡ ਟਰੰਪ ਦੀ ਪਹਿਲੀ ਟਰਮ ਵਿੱਚ ਉਹ 2017 ਵਿੱਚ ਅਮਰੀਕੀ ਰੱਖਿਆ ਸਕੱਤਰ ਦੇ ਨੈਸ਼ਨਲ ਸੀਨੀਅਰ ਡਿਪਟੀ ਡਾਇਰੈਕਟਰ ਰੱਖਿਆ ਵਿੱਚ ਚੀਫ਼ ਆਫ਼ ਸਟਾਫ਼ ਨਿਯੁਕਤ ਸੀ। ਕੈਸ਼ ਪਟੇਲ ਨੇ ਗਾਰਡਨ ਸਿਟੀ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ। ਇਸ ਤੋਂ ਬਾਅਦ 2002 ਵਿੱਚ ਰਿਚਮੰਡ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਡਿਗਰੀ ਹਿਸਟਰੀ ਅਤੇ ਇਨ ਕਰਿਮੀਨਲ ਜਸਟਿਸ ਵਿੱਚ ਪਾਸ ਕੀਤੀਆਂ। 2004 ਵਿੱਚ ਯੂਨੀਵਰਸਿਟੀ ਕਾਲਜ ਲੰਡਨ ਤੋਂ ਸਰਟੀਫ਼ੀਕੇਟ ਆਫ਼ ਇੰਟਰਨੈਸ਼ਨਲ ਲਾਅ ਪ੍ਰਾਪਤ ਕੀਤਾ। ਉਸਨੇ ਕਾਨੂੰਨ ਦੀ ਡਿਗਰੀ ਪੇਸ ਯੂਨੀਵਰਸਿਟੀ ਸਕੂਲ ਆਫ਼ ਲਾਅ ਨਿਊਯਾਰਕ ਤੋਂ ਪਾਸ ਕੀਤੀ।

ਡੋਨਾਲਡ ਟਰੰਪ ਨੇ 43 ਸਾਲਾ ਤੁਲਸੀ ਗਵਾਰਡ ਨੂੰ ਨੈਸ਼ਨਲ ਇਨਟੈਲੀਜੈਂਸ ਦਾ ਡਾਇਰੈਕਟਰ ਬਣਾਕੇ ਮਹੱਤਵਪੂਰਨ ਕੰਮ ਦਿੱਤਾ ਹੈ। ਤੁਲਸੀ ਗਵਾਰਡ ਦਾ ਪਿਛੋਕੜ ਆਰਮੀ ਦਾ ਹੈ। ਉਹ ਅਮਰੀਕਾ ਵਿੱਚ 9/11 ਦੇ ਹੋਏ ਹਮਲੇ ਤੋਂ ਬਾਅਦ ਆਰਮੀ ਨੈਸ਼ਨਲ ਗਾਰਡ ਵਿੱਚ ਸ਼ਾਮਲ ਹੋ ਗਈ ਸੀ। ਉਹ ਪਲਾਟੂਨ ਲੀਡਰ ਵਜੋਂ ਮੱਧ ਪੂਰਵ ਵਿੱਚ ਤਾਇਨਾਤ ਰਹੀ ਹੈ। ਉਸਨੇ ਆਪਣਾ ਸਿਆਸੀ ਕੈਰੀਅਰ 2006 ਵਿੱਚ ਸੈਨੇਟਰ ਵੈਟਰਨ ਅਫ਼ੇਅਰ ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਸੈਨੇਟਰ ਡੇਨੀਅਲ ਅਕਾਕਾ ਲਈ ਇੱਕ ਵਿਧਾਨਿਕ ਸਹਾਇਕ ਵਜੋਂ ਕੰਮ ਕਰਕਦਿਆਂ ਸ਼ੁਰੂ ਕੀਤਾ ਸੀ। ਤੁਲਸੀ ਗਵਾਰਡ ਪਹਿਲੀ ਵਾਰ ਮਹਿਜ 21 ਸਾਲ ਦੀ ਉਮਰ ਵਿੱਚ ਹਵਾਈ ਹਾਊਸ ਆਫ਼ ਰਿਪ੍ਰੈਜੈਂਟੇਟਿਵ (ਪ੍ਰਤੀਨਿਧੀ ਸਭਾ) ਲਈ ਚੁਣੀ ਗਈ ਸੀ। ਉਹ 2013 ਤੋਂ 2021 ਤੱਕ ਹਵਾਈ ਦੇ ਦੂਜੇ ਜ਼ਿਲ੍ਹੇ ਦੀ ਕਾਂਗਰਸ ਮੈਂਬਰ ਰਹੀ ਹੈ। ਉਹ ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਮੈਂਬਰ ਹੈ, ਜੋ ਚਾਰ ਵਾਰ ਵਿਮੈਨ ਕਾਂਗਰਸ ਰਹੀ ਹੈ। ਤੁਲਸੀ ਗਵਾਰਡ ਦਾ ਜਨਮ ਅਮਰੀਕੀ ਸਮੋਆ ਵਿੱਚ ਹੋਇਆ ਸੀ। ਉਸਦਾ ਪਾਲਣ ਪੋਸ਼ਣ ਹਵਾਈ ਵਿੱਚ ਹੋਇਆ ਪ੍ਰੰਤੂ ਉਸਨੇ ਆਪਣਾ ਬਚਪਨ ਫਿਲਪੀਨ ਵਿੱਚ ਬਿਤਾਇਆ। ਉਹ ਪਹਿਲਾਂ ਡੈਮੋਕਰੈਟਿਕ ਪਾਰਟੀ ਵਿੱਚ ਕੰਮ ਕਰਦੀ ਸੀ। ਉਸਨੇ 2020 ਵਿੱਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਨਾਮਜ਼ਦਗੀ ਦਾਖ਼ਲ ਕੀਤੀ ਸੀ ਪ੍ਰੰਤੂ ਫਿਰ ਉਹ ਜੋ ਬਾਇਡਨ ਦੇ ਹੱਕ ਵਿੱਚ ਵਿਦਡਰਾਅ ਕਰ ਗਈ ਸੀ। ਪਿਛਲੇ ਸਾਲ ਉਸਨੇ ਡੈਮੋਕਰੈਟਿਕ ਪਾਰਟੀ ਤੋਂ ਅਸਤੀਫ਼ਾ ਦੇ ਕੇ ਰਿਪਬਲਿਕਨ ਪਾਰਟੀ ਜਾਇਨ ਕਰ ਲਈ ਸੀ। ਤੁਲਸੀ ਗਵਾਰਡ ਭਗਵਦ ਗੀਤਾ ਨੂੰ ਆਪਣਾ ਅਧਿਆਤਮਿਕ ਮਾਰਗ ਦਰਸ਼ਕ ਮੰਨਦੀ ਹੈ। ਉਸਨੇ 2013 ਵਿੱਚ ਭਗਵਦ ਗੀਤਾ ਗ੍ਰੰਥ 'ਤੇ ਹੱਥ ਰੱਖਕੇ ਸਹੁੰ ਚੁੱਕੀ ਸੀ ਤੇ 2014 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਉਹ ਅਮਰੀਕਾ ਦੇ ਦੌਰੇ 'ਤੇ ਗਏ ਸਨ, ਉਨ੍ਹਾਂ ਨੂੰ ਭਗਵਦ ਗੀਤਾ ਭੇਂਟ ਕੀਤੀ ਸੀ।

ਡਾ.ਜੈ (ਜਯੰਤ) ਭੱਟਾਚਾਰੀਆ ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ ਨੂੰ ਦੇਸ਼ ਦੀ ਚੋਟੀ ਦੀ ਸੰਸਥਾ ਦਾ ਡਾਇਰੈਕਟਰ ਨੈਸ਼ਨਲ ਇਨਸਟੀਚਿਊਟ ਆਫ਼ ਹੈਲਥ ਨਿਯੁਕਤ ਕੀਤਾ ਹੈ। ਜੈ ਭੱਟਾਚਾਰੀਆਂ ਇੱਕ ਮੰਨੇ ਪ੍ਰਮੰਨੇ ਵਿਗਿਆਨੀ ਹਨ, ਉਨ੍ਹਾਂ ਨੇ ਕਰੋਨਾ ਕਾਲ ਵਿੱਚ ਮਹੱਤਵਪੂਰਨ ਕੰਮ ਕੀਤਾ ਸੀ। ਉਹ ਅਮਰੀਕਾ ਦੀ ਕੋਵਿਡ ਪਾਲਿਸੀ ਦਾ ਕਰਿਟਿਕ ਰਿਹਾ ਹੈ। ਜੈ ਭੱਟਾਚਾਰੀਆ ਨੈਸ਼ਨਲ ਬਿਓਰੋ ਆਫ਼ ਇਕਨਾਮਿਕਸ ਰਿਸਰਚ ਐਂਡ ਐਨ ਇਨਸਟੀਚਿਊਟ ਆਫ਼ ਹੈਲਥ ਕੈਪੀਟੋਲ ਦਾ ਪ੍ਰੋਫ਼ੈਸਰ ਅਤੇ ਰਿਸਰਚ ਐਸੋਸੀਏਟ ਰਿਹਾ ਹੈ। ਉਹ ਪ੍ਰਾਇਮਰੀ ਯੂ.ਐਸ.ਪਬਲਿਕ ਫ਼ੰਡ ਮੈਡੀਕਲ ਰਿਸਰਚ ਲਈ 47.3 ਬਿਲੀਅਨ ਬਜਟ ਵਾਲੇ ਕੰਮ ਦੀ ਸੁਪਰਵੀਜਨ ਕਰਨਗੇ। ਇਸ ਸੰਸਥਾ ਦੀਆਂ 27 ਇਨਸਟੀਚਿਊਟ ਹਨ। ਉਨ੍ਹਾਂ ਆਰਟਸ ਵਿੱਚ ਬੀ.ਏ.ਆਨਰਜ਼ ਤੇ ਐਮ.ਏ ਪਾਸ ਕੀਤੀਆਂ, ਫਿਰ 1997 ਵਿੱਚ ਸਟੈਨਫ਼ੋਰਡ ਯੂਨੀਵਰਸਿਟੀ ਦੇ ਸਕੂਲ ਆਫ਼ ਮੈਡੀਸਨ ਤੋਂ ਡਿਗਰੀ ਕੀਤੀ। 2000 ਵਿੱਚ ਇਕਨਾਮਿਕਸ ਵਿੱਚ ਡਾਕਟਰੇਟ ਕੀਤੀ ਸੀ। ਜਯੰਤ ਭੱਟਾਚਾਰੀਆ ਦਾ ਜਨਮ 1968 ਵਿੱਚ ਕਲਕੱਤਾ ਵਿਖੇ ਹੋਇਆ। ਉਸਨੇ ਮੁੱਢਲੀ ਪੜ੍ਹਾਈ ਕਲਕੱਤਾ ਵਿੱਚੋਂ ਪ੍ਰਾਪਤ ਕੀਤੀ। ਉਸਨੇ ਆਪਣਾ ਕੈਰੀਅਰ 1998 ਵਿੱਚ ਆਰਥ ਸ਼ਾਸਤਰੀ ਦੇ ਤੌਰ ਤੇ ਸ਼ੁਰੂ ਕੀਤਾ। ਉਹ 2006 ਤੋਂ 2008 ਤੱਕ ਰਿਸਰਚ ਫ਼ੈਲੋ ਰਹੇ।

ਡੋਨਾਲਡ ਟਰੰਪ ਫੈਡਰਲ ਸਰਕਾਰ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਚਿੰਤਾਤੁਰ ਹਨ। ਇਸ ਲਈ ਉਨ੍ਹਾਂ ਨੇ ਵਿਵੇਕ ਰਾਮਾ ਸਵਾਮੀ ਨੂੰ ਗਵਰਨਮੈਂਟ ਐਫ਼ੀਸ਼ੈਂਸੀ, ਸਰਕਾਰੀ ਖ਼ਰਚੇ ਘਟਾਉਣ ਵਾਲਾ (ਰੀਕਨਸਟਰਕਸ਼ਨ ਆਫ਼ ਫ਼ੈਡਰਲ ਏਜੰਸੀਜ਼) ਮਹੱਤਪੂਰਨ ਵਿਭਾਗ ਦਾ ਕੰਮ ਸੌਂਪਿਆ ਹੈ। ਉਹ ਐਲਨ ਮਸਕ ਦੇ ਨਾਲ ਕੰਮ ਕਰਨਗੇ। 39 ਸਾਲਾ ਵਿਵੇਕ ਰਾਮਾ ਸਵਾਮੀ ਅਮਰੀਕਾ ਦਾ ਵੱਡਾ ਉਦਮੀ ਹੈ, ਜਿਹੜਾ ਅਮਰੀਕਾ ਦੇ 2024 ਦੀ 100 ਅਮੀਰ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਲ ਹੈ। ਉਸਨੇ 2014 ਵਿੱਚ 'ਰੋਇਵਾਂਟ ਸਾਇੰਸਜ਼ ਲਿਮਟਿਡ' ਮਲਟੀਨੈਸ਼ਨਲ ਹੈਲਥ ਕੇਅਰ ਕੰਪਨੀ ਬਣਾਈ ਸੀ। ਇਸ ਕੰਪਨੀ ਦਾ ਮੁੱਖ ਦਫ਼ਤਰ ਨਿਊਯਾਰਕ ਵਿੱਚ ਹੈ। ਇਸ ਖੇਤਰ ਦਾ ਉਹ ਵੱਡਾ ਕਾਰੋਬਾਰੀ ਹੈ। ਉਸਦਾ ਸਮੁੱਚਾ ਬਾਇਓਟੈਕ ਅਤੇ ਵਿਤੀ ਕਾਰੋਬਾਰ 960 ਮਿਲੀਅਨ ਦਾ ਹੈ। ਇਸ ਲਈ ਡੋਨਾਲਡ ਟਰੰਪ ਨੇ ਉਸਦੀ ਕਾਬਲੀਅਤ ਦਾ ਲਾਭ ਉਠਾਉਣ ਲਈ ਇਹ ਜ਼ਿੰਮੇਵਾਰੀ ਦਿੱਤੀ ਹੈ। ਫ਼ੈਡਰਲ ਸਰਕਾਰ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਵਿਵੇਕ ਰਾਮਾਸਵਾਮੀ ਨੇ ਸਵੈ-ਇੱਛਾ ਨਾਲ ਲਈ ਹੈ। ਫਰਵਰੀ 2023 ਵਿੱਚ ਉਸਨੇ 2024 ਦੀ ਰਾਸ਼ਟਰਪਤੀ ਚੋਣ ਲਈ ਨਾਮਜ਼ਦਗੀ ਦਾਖਲ ਕੀਤੀ ਸੀ, ਪ੍ਰੰਤੂ ਜਨਵਰੀ 2024 ਵਿੱਚ ਵਿਦਡਰਾਅ ਕਰ ਗਿਆ ਸੀ। ਉਹ ਹਾਰਵਰਡ ਯੂਨੀਵਰਸਿਟੀ ਦੀ ਪੋਲੀਟੀਕਲ ਯੂਨੀਅਨ ਦਾ ਪ੍ਰਧਾਨ ਵੀ ਰਿਹਾ ਹੈ। ਵਿਵੇਕ ਰਾਮਾ ਸਵਾਮੀ ਦਾ ਜਨਮ 9 ਅਗਸਤ 1985 ਨੂੰ ਭਾਰਤੀ ਇਮੀਗਰੈਂਟਸ ਮਾਪਿਆਂ ਮਾਤਾ ਗੀਥਾ ਰਾਮਾ ਸਵਾਮੀ ਅਤੇ ਪਿਤਾ ਵੀ.ਜੀ.ਰਾਮਾ ਸਵਾਮੀ ਦੇ ਘਰ ਹੋਇਆ। ਉਸਦਾ ਪਰਿਵਾਰ ਕੇਰਲਾ ਰਾਜ ਦੇ ਤਾਮਿਲ ਸਾਈਕਿੰਗ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਹ ਹਾਰਡਰਡ ਯੂਨੀਵਰਸਿਟੀ ਵਿੱਚ ਪੜ੍ਹਿਆ ਹੈ। ਵਿਵੇਕ ਰਾਮਾ ਸਵਾਮੀ ਨੇ ਬੀ.ਏ.ਬਾਇਆਲੋਜੀ ਵਿਸ਼ੇ ਵਿੱਚ ਅਤੇ ਲਾਅ ਯੇਲ ਯੂਨੀਵਰਸਿਟੀ ਤੋਂ ਪਾਸ ਕੀਤੀ। ਉਸਦਾ ਵਿਆਹ ਅਪੂਰਵਾ.ਟੀ.ਰਾਮਾਸਵਾਮੀ ਨਾਲ ਹੋਇਆ। ਇਸ ਸਮੇਂ ਉਹ ਓਹੀਓ ਰਾਜ ਦੇ ਸਿਨਸਿਨਾਟੀ ਸ਼ਹਿਰ ਵਿੱਚ ਰਹਿੰਦੇ ਹਨ।

ਇਸੇ ਤਰ੍ਹਾਂ ਭਾਰਤੀ ਮੂਲ ਦੇ ਅਮਰੀਕੀ ਸ੍ਰੀ ਰਾਮ ਕ੍ਰਿਸ਼ਨਨ ਨੂੰ ਆਰਟੀਫ਼ੀਸ਼ੀਅਲ ਇਨਟੈਲੀਜੈਂਸ ਬਾਰੇ ਵਾਈਟ ਹਾਊਸ ਦਾ ਸੀਨੀਅਰ ਨੀਤੀ ਸਲਾਹਕਾਰ ਨਿਯੁਕਤ ਕੀਤਾ ਹੈ। ਉਹ ਵਾਈਟ ਹਾਊਸ ਆਫਿਸ ਆਫ਼ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਵਿੱਚ ਆਫ਼ੀਸ਼ੀਅਲ ਇਨਟੈਲੀਜੈਂਸ ਲਈ ਸੀਨੀਅਰ ਨੀਤੀ ਸਲਾਹਕਾਰ ਵਜੋਂ ਜੋ ਡੇਵਿਡ.ਓ .ਸਾਕਸ ਨਾਲ ਕੰਮ ਕਰਨਗੇ। ਉਹ ਪੌਡਕਾਸਟਰ, ਲੇਖਕ ਅਤੇ ਪ੍ਰੋਡਕਟ ਮੈਨੇਜਰ ਵੀ ਰਹੇ ਹਨ। ਉਹ ਪਹਿਲਾਂ ਮਾਈਕ੍ਰੋਸਾਫਟ, ਟਵਿਟਰ, ਯਾਹੂ, ਫੇਸ ਬੁੱਕ ਤੇ ਸਨੈਪ ਉਤਪਾਦ ਟੀਮਾਂ ਦੀ ਅਗਵਾਈ ਕਰ ਚੁੱਕੇ ਹਨ। ਸ੍ਰੀ ਰਾਮ ਕ੍ਰਿਸ਼ਨਨ ਆਦਰੇਸੇਨ ਹੋਰੋਵਿਟਜ਼ ਕੰਪਨੀ ਵਿੱਚ 2021 ਵਿੱਚ ਸ਼ਾਮਲ ਹੋਏ। ਉਸ ਨੇ ਆਪਣੀ ਪਤਨੀ ਆਰਤੀ ਰਾਮ ਮੂਰਥੀ ਨਾਲ ਰਲਕੇ 'ਕਲੱਬ ਟਾਕ ਸ਼ੋ' ਸ਼ੁਰੂ ਕੀਤਾ ਸੀ, ਜਿਹੜਾ ਬਹੁਤ ਹੀ ਹਰਮਨ ਪਿਆਰਾ ਬਣ ਗਿਆ। ਸਾਲ 2023 ਵਿੱਚ ਉਸਨੂੰ ਕੰਪਨੀ ਦੇ ਲੰਦਨ ਦਫ਼ਤਰ ਦਾ ਇਨਚਾਰਜ ਲਗਾਇਆ ਗਿਆ। ਉਹ ਸਾਫ਼ਟਵੇਅਰ ਇੰਜਿਨੀਅਰ ਹਨ ਅਤੇ ਸਿਲੀਕੋਨ ਵੈਲੀ ਵਿੱਚ ਜਾਣਿਆਂ ਪਛਾਣਿਆਂ ਨਾਮ ਹੈ।

ਉਸਦਾ 1984 ਵਿੱਚ ਚਨਈ ਤਾਮਿਲਨਾਡੂ ਵਿੱਚ ਜਨਮ ਹੋਇਆ। ਉਹ ਮਧ ਵਰਗ ਦੇ ਪਰਿਵਾਰ ਵਿੱਚੋਂ ਹੈ। ਉਸਨੇ 1990 ਵਿੱਚ ਆਪਣੇ ਪਿਤਾ ਨੂੰ ਕੰਪਿਊਟਰ ਖ਼ੀਦਣ ਲਈ ਮਨਾਇਆ, ਉਸ ਕੋਲ ਇੰਟਰਨੈਟ ਨਹੀਂ ਸੀ ਪ੍ਰੰਤੂ ਉਹ ਕੋਡਿੰਗ ਪੁਸਤਕਾਂ ਲੈ ਕੇ ਸਿੱਖਦਾ ਰਿਹਾ। ਇਥੇ ਹੀ ਉਸਦਾ ਆਰਤੀ ਨਾਲ ਮੇਲ ਹੋਇਆ, ਜੋ ਵਿਆਹ ਵਿੱਚ ਬਦਲ ਗਿਆ। ਉਸਨੇ 2001 ਤੋਂ 2005 ਤੱਕ ਐਸ.ਆਰ.ਐਮ.ਯੂਨੀਵਰਸਿਟੀ ਤੋਂ ਬੀ.ਟੈਕ ਦੀ ਡਿਗਰੀ ਕੀਤੀ ਤੇ ਫਿਰ ਅਮਰੀਕਾ ਆ ਗਿਆ। 2007 ਵਿੱਚ ਉਸਨੇ ਆਪਣਾ ਕੈਰੀਅਰ ਮਾਈਕਰੋਸਾਫਟ ਵਿੱਚ ਬਤੌਰ ਪ੍ਰੋਗਰਾਮ ਮੈਨੇਜਰ ਵਿਸ਼ਾਲ ਸਟੂਡੀਓ ਤੋਂ ਸ਼ੁਰੂ ਕਰਕੇ ਇੰਟਰਨੈਟ ਨੂੰ ਆਪਣਾ ਕੈਰੀਅਰ ਬਣਾਇਆ। ਫਰਵਰੀ 2021 ਵਿੱਚ ਉਹ ਅਮਰੀਕਨ ਵੈਂਚਰ ਕੈਪੀਟਲ ਫਰਮ 'ਐਂਡਰਸਨ ਹੋਰਵਿਟਜ' ਵਿੱਚ ਜਨਰਲ ਪਾਟਨਰ ਨਿਯੁਕਤ ਹੋ ਗਿਆ। ਉਹ ਆਪਣੀ ਪਤਨੀ ਆਰਤੀ ਰਾਮਮੂਰਥੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਨੇ 'ਦਾ ਆਰਤੀ ਤੇ ਸ੍ਰੀਰਾਮ ਸ਼ੋਅ 'ਦੀ ਮੇਜ਼ਬਾਨੀ ਕੀਤੀ।

ਹਰਮੀਤ ਕੌਰ ਢਿਲੋਂ ਨੂੰ ਨਿਆਂ ਵਿਭਾਗ ਵਿੱਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਨਿਯੁਕਤ ਕੀਤਾ ਗਿਆ ਹੈ। ਹਰਮੀਤ ਕੌਰ ਢਿਲੋਂ ਪੰਜਾਬਣ/ਜੱਟ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੀ ਹੈ। ਜੁਲਾਈ 2024 ਵਿੱਚ ਜਦੋਂ ਡੋਨਾਲਡ ਟਰੰਪ 'ਤੇ ਇੱਕ ਚੋਣ ਜਲਸੇ ਵਿੱਚ ਹਮਲਾ ਹੋਇਆ ਸੀ, ਉਸ ਤੋਂ ਬਾਅਦ ਹਰਮੀਤ ਕੌਰ ਢਿਲੋਂ ਨੇ ਇੱਕ ਹੋਰ ਜਲਸੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਿੱਖ ਪਰੰਪਰਾਵਾਂ ਅਨੁਸਾਰ ਉਸਦੀ ਸਿਹਤਯਾਬੀ, ਜਿੱਤ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਸੀ। ਉਸਨੇ ਆਪਣਾ ਕੈਰੀਅਰ ਸੰਵਿਧਾਨਿਕ ਅਹੁਦਿਆਂ ਤੋਂ ਸ਼ੁਰੂ ਕੀਤਾ ਸੀ। ਉਹ ਡੋਨਾਲਡ ਟਰੰਪ ਲਈ ਕਾਨੂੰਨੀ ਵੋਟਾਂ ਦੀ ਗਿਣਤੀ ਨੂੰ ਯਕੀਨੀ ਬਣਾਉਣ ਲਈ ਲੜ ਰਹੀ ਸੀ। ਉਹ ਵਰਜੀਨੀਆ ਸਟੇਟ ਦੇ ਡਾਰਮਾਊਥ ਕਾਲਜ ਅਤੇ ਲਾਅ ਸਕੂਲ ਯੂਨੀਵਰਸਿਟੀ ਦੀ ਗ੍ਰੈਜੂਏਟ ਹੈ। ਉਹ ਯੂ.ਐਸ.ਫ਼ੋਰਥ ਸਰਕਟ ਕੋਰਟ ਆਫ਼ ਅਪੀਲਜ਼ ਵਿੱਚ ਕਲਰਕ ਰਹੀ ਹੈ। ਉਹ ਰਿਪਬਲਿਕਨ ਪਾਰਟੀ ਦੀ ਪ੍ਰਧਾਨਗੀ ਦੀ ਚੋਣ ਵੀ ਲੜੀ ਪ੍ਰੰਤੂ ਅਸਫਲ ਰਹੀ ਸੀ। ਉਹ ਸਿਵਲ ਰਾਈਟਸ ਕਾਰਕੁਨ ਅਤੇ ਫਰੀ ਸਪੀਚ ਦੀ ਆਜ਼ਾਦੀ ਦੀ ਸਪੋਰਟਰ ਹੈ। ਕੋਵਿਡ ਦੌਰਾਨ ਇਸਾਈਆਂ ਦੀਆਂ ਪ੍ਰੇਅਰ ਮੀਟਿੰਗਾਂ ਤੇ ਲਗਾਈਆਂ ਪਾਬੰਦੀਆਂ ਵਿਰੁਧ ਉਨ੍ਹਾਂ ਦੀ ਵਕੀਲ ਸੀ। ਉਹ 'ਢਿਲੋਂ ਲਾਅ ਗਰੁਪ' ਦੀ ਇੱਕ ਸੰਸਥਾਪਕ ਅਤੇ ਸੀਨੀਅਰ ਪਾਰਟਨਰ ਹੈ।

ਹਰਮੀਤ ਕੌਰ ਦਾ ਜਨਮ 2 ਅਪ੍ਰੈਲ 1969 ਨੂੰ ਪਿਤਾ ਤੇਜਪਾਲ ਸਿੰਘ ਦੇ ਘਰ ਚੰਡੀਗੜ੍ਹ ਵਿੱਚ ਹੋਇਆ ਸੀ। ਉਸਦਾ ਪਰਿਵਾਰ ਧਾਰਮਿਕ ਖਿਆਲਾਂ ਵਾਲਾ ਸੀ ਤੇ ਉਹ ਕੀਰਤਨ ਕਰਨ ਜਾਣਦੀ ਹੈ। ਉਸਦਾ ਵਿਆਹ ਸਰਵਜੀਤ ਸਿੰਘ ਨਾਲ ਰੰਧਾਵਾ ਨਾਲ ਹੋਇਆ ਸੀ, ਜੋ ਸਵਰਗਵਾਸ ਹੋ ਚੁੱਕੇ ਹਨ।

# ਛਿਪਦੇ ਸੂਰਜ ਦੀ ਲਾਲੀ - ਟਿਵਾਣਾ

**ਸੰਨ 2004 ਵਿਚ ਭਾਰਤ ਸਰਕਾਰ ਵੱਲੋਂ 'ਪਦਮ ਸ਼੍ਰੀ' ਐਵਾਰਡ ਮਿਲਿਆ। ਸੰਨ 2015 ਵਿਚ ਕੇਂਦਰ ਸਰਕਾਰ ਦੀਆ ਨ.ਫਰਤੀ ਨੀਤੀਆਂ ਕਾਰਨ ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਵੱਲੋਂ ਚਲਾਈ ਪ੍ਰੋਟੈਸਟ ਦੀ ਲਹਿਰ ਸਮੇਂ ਦਲੀਪ ਕੌਰ ਟਿਵਾਣਾ ਨੇ ਇਹ ਐਵਾਰਡ ਸਰਕਾਰ ਨੂੰ ਵਾਪਸ ਕਰ ਦਿੱਤਾ। ਹੋਰ ਵੀ ਕਈ ਸਾਹਿਤਕਾਰਾਂ ਨੇ ਅਜਿਹੇ ਐਵਾਰਡ ਤੇ ਤ.ਗਮੇ ਵਾਪਸ ਕਰ ਦਿੱਤੇ ਸਨ।ਡਾ. ਦਲੀਪ ਕੌਰ ਟਿਵਾਣਾ ਦੇ ਨਾਵਲ, ਕਹਾਣੀ ਸੰਗ੍ਰਹਿ, ਲੇਖ ਅਤੇ ਅਨੁਵਾਦਿਤ ਪੁਸਤਕਾਂ ਦੀ ਗਿਣਤੀ ਇਕ ਸੌ ਤੋਂ ਵੀ ਵੱਧ ਹੈ। ਇਨ੍ਹਾਂ ਨੇ ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਮੁਲਕਾਂ ਵਿਚ ਲੈਕਚਰ ਦੇ ਕੇ ਚੰਗੀ ਸ਼ੁਹਰਤ ਕਮਾਈ ਅਤੇ ਇਨ੍ਹਾਂ ਨੂੰ ਕਈ ਇਨਾਮ ਮਿਲੇ।**



ਡਾ. ਰਾਜਵੰਤ ਕੌਰ ਮਾਨ
778 863 9890

ਅੱਜ ਸਵੇਰੇ ਹੀ ਜਗਦੇਵ ਸਿੰਘ ਸਿੱਧੂ ਨੇ ਫੋਨ-ਸੁਨੇਹਾ ਭੇਜਿਆ, "ਇਤਫ਼ਾਕ ਇਉਂ ਵੀ ਹੁੰਦੇ ਨੇ", ਦੋ ਮਹਾਨ ਪੰਜਾਬੀ ਸਾਹਿਤਕਾਰ, ਜਸਵੰਤ ਸਿੰਘ ਕੰਵਲ ਅਤੇ ਦਲੀਪ ਕੌਰ ਟਿਵਾਣਾ ਨਾਲ ਸੰਬੰਧਤ ਦਿਲਚਸਪ ਗੱਲ ਸੀ। ਦਲੀਪ ਕੌਰ ਟਿਵਾਣਾ 31 ਜਨਵਰੀ, 2020 ਨੂੰ ਸਦੀਵੀ ਵਿਛੋੜਾ ਦੇ ਗਏ ਤੇ ਜਸਵੰਤ ਸਿੰਘ ਕੰਵਲ ਅਗਲੇ ਹੀ ਦਿਨ ਪਹਿਲੀ ਫ਼ਰਵਰੀ, 2020 ਨੂੰ ਸਰੀਰ ਤਿਆਗ ਗਏ। ਦਲੀਪ ਕੌਰ ਟਿਵਾਣਾ 84 ਸਾਲ ਦੀ ਉਮਰ ਵਿਚ ਅਤੇ ਜਸਵੰਤ ਸਿੰਘ ਕੰਵਲ ਸੈਂਕੜਾ ਟੱਪ ਕੇ ਅਉਧ ਪੂਰੀ ਕਰ ਗਏ। ਮੈਂ ਦੋਵਾਂ ਨੂੰ ਨਿੱਜੀ ਤੌਰ 'ਤੇ ਜਾਣਦੀ ਸੀ, ਮੇਰੀ ਸੋਚ ਦੀ ਤਾਰ ਪਿੱਛੇ ਤੱਕ ਜਾ ਜੁੜੀ। ਅੱਜ ਦਲੀਪ ਕੌਰ ਟਿਵਾਣਾ ਦੀ ਯਾਦ ਤਾਜ਼ਾ ਕਰਦੀ ਹਾਂ। ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰੱਬੋਂ ਉੱਚੀ ਵਿਖੇ ਚੰਗੇ ਰੱਜੇ-ਪੁੱਜੇ ਪਰਿਵਾਰ ਵਿਚ ਪੈਦਾ ਹੋਈ। ਪੜ੍ਹਾਈ ਆਪਣੀ ਭੂਆ ਕੋਲ਼ ਰਹਿ ਕੇ ਪਟਿਆਲ਼ੇ ਪੂਰੀ ਕੀਤੀ। ਉਸਦੇ ਫੁੱਫੜ ਸਰਦਾਰ ਤਾਰਾ ਸਿੰਘ ਸਿੱਧੂ ਡੀ.ਆਈ.ਜੀ. ਪੁਲੀਸ ਸਨ। ਜਾਗੀਰਦਾਰ ਘਰਾਣਾ ਸੀ। ਇਨ੍ਹਾਂ ਦੀ ਕਿਲਾ-ਨੁਮਾ ਵਿਸ਼ਾਲ ਹਵੇਲੀ ਪਟਿਆਲ਼ੇ ਦੇ ਬਾਈ ਨੰਬਰ ਫਾਟਕ ਕੋਲ਼ ਸਥਿਤ ਸੀ। ਇਹ ਕਾਫ਼ੀ ਦੇਰ ਉੱਥੇ ਰਹੇ। ਇਕ ਵਾਰ ਮੈਂ ਤੇ ਪ੍ਰੋ. ਮਾਨ (ਪਤੀ ਨਿਰੰਜਣ ਸਿੰਘ ਮਾਨ) ਉਸ ਕੋਠੀ ਵਿਚ ਇਨ੍ਹਾਂ ਨੂੰ ਮਿਲਣ ਵੀ ਗਏ ਸੀ। ਦਲੀਪ ਕੌਰ ਨੇ ਪੰਜਾਬ ਯੂਨੀਵਰਸਿਟੀ ਦੇ ਮਹਿੰਦਰਾ ਕਾਲਜ, ਪਟਿਆਲ਼ਾ ਤੋਂ ਫਸਟ-ਕਲਾਸ-ਫਸਟ ਰਹਿ ਕੇ ਪੰਜਾਬੀ ਦੀ ਐਮ.ਏ. ਕੀਤੀ। ਓਦੋਂ ਪ੍ਰੋ. ਪ੍ਰੀਤਮ ਸਿੰਘ ਜੀ ਇਸ ਕਾਲਜ ਦੇ ਪ੍ਰਿੰਸੀਪਲ ਸਨ। ਉਹ ਉਸ ਵੇਲ਼ੇ ਸਾਹਿਤ ਅਤੇ ਵਿੱਦਿਆ ਦੇ ਖੇਤਰ ਦੀ ਮੰਨੀ-ਪ੍ਰਮੰਨੀ ਹਸਤੀ ਸਨ। ਗੁਰਭਗਤ ਸਿੰਘ, ਸਤਿੰਦਰ ਨੂਰ, ਨਵਤੇਜ ਭਾਰਤੀ, ਹਰਦਿਲਜੀਤ ਸਿੰਘ ਸਿੱਧੂ ਉਰਫ਼ ਲਾਲੀ, ਸੁਰਜੀਤ ਪਾਤਰ, ਹਰਿੰਦਰ ਸਿੰਘ ਮਹਿਬੂਬ, ਹਰਬੰਸ ਬਰਾੜ ਆਦਿ (ਭੁਤਵਾੜੇ ਵਾਲ਼ੇ) ਉਨ੍ਹਾਂ ਦੀ ਰਹਿਨੁਮਾਈ ਹੇਠ ਰਹਿ ਕੇ ਮਗਰੋਂ ਸਾਹਿਤ ਅਤੇ ਗਿਆਨ ਦੇ ਮਹਾਰਥੀ ਬਣੇ। ਐਮ. ਏ. ਕਰਨ ਉਪ੍ਰੰਤ ਦਲੀਪ ਕੌਰ ਦੀ ਪਹਿਲੀ ਨਿਯੁਕਤੀ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਪੰਜਾਬੀ ਦੀ ਲੈਕਚਰਾਰ ਵਜੋਂ ਹੋਈ। ਇੱਥੋਂ ਹੀ ਉਨ੍ਹਾਂ ਦੀ ਪ੍ਰੋ. ਮਾਨ ਨਾਲ਼ ਜਾਣ-ਪਛਾਣ ਦਾ ਮੁੱਢ ਬੱਝ ਗਿਆ। ਕੁੱਝ ਸਮੇਂ ਬਾਦ ਆਪਣੀ ਬਦਲੀ ਮਹਿੰਦਰਾ ਕਾਲਜ, ਪਟਿਆਲ਼ਾ ਦੀ ਕਰਵਾ ਲਈ ਕਿਉਂਕਿ ਹਰ ਰੋਜ਼ ਪਟਿਆਲ਼ੇ ਤੋਂ ਨਾਭੇ ਆਉਣਾ ਜਾਣਾ ਔਖਾ ਸੀ। ਥੋੜੇ ਸਮੇਂ ਵਿਚ ਹੀ ਉਨ੍ਹਾਂ ਦੀਆਂ ਨਾਵਲ ਅਤੇ ਕਹਾਣੀਆਂ ਦੀਆਂ ਕਿਤਾਬਾਂ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਨੂੰ ਭਰਪੂਰ ਕਰਨ ਲੱਗੀਆਂ। ਫਿਰ ਪੀ ਐਚ.ਡੀ. ਕਰ ਲਈ। ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਵਿਭਾਗ ਵਿਚ ਬਤੌਰ ਪ੍ਰੋਫ਼ੈਸਰ, ਡੀਨ ਤੇ ਹੋਰ ਮਹੱਤਵਪੂਰਨ ਅਹੁਦਿਆਂ 'ਤੇ ਰਹਿ ਕੇ ਜ਼ਿੰਮੇਵਾਰੀ ਨਿਭਾਈ। ਸਾਹਿਤ ਦੇ ਖੇਤਰ ਵਿਚ ਅਨੇਕਾਂ ਵੱਡੇ ਇਨਾਮ ਹਾਸਲ ਕੀਤੇ। ਨਾਵਲ ਏਹੁ ਹਮਾਰਾ ਜੀਵਣਾ ਨੂੰ 1971 ਵਿਚ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ। ਸੰਨ 2004 ਵਿਚ ਭਾਰਤ ਸਰਕਾਰ ਵੱਲੋਂ 'ਪਦਮ ਸ਼੍ਰੀ' ਐਵਾਰਡ ਮਿਲਿਆ। ਸੰਨ 2015 ਵਿਚ ਕੇਂਦਰ ਸਰਕਾਰ ਦੀਆ ਨਫ਼ਰਤੀ ਨੀਤੀਆਂ ਕਾਰਨ ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਵੱਲੋਂ ਚਲਾਈ ਪ੍ਰੋਟੈਸਟ ਦੀ ਲਹਿਰ ਸਮੇਂ ਦਲੀਪ ਕੌਰ ਟਿਵਾਣਾ ਨੇ ਇਹ ਐਵਾਰਡ ਸਰਕਾਰ ਨੂੰ ਵਾਪਸ ਕਰ ਦਿੱਤਾ। ਹੋਰ ਵੀ ਕਈ ਸਾਹਿਤਕਾਰਾਂ ਨੇ ਅਜਿਹੇ ਐਵਾਰਡ ਤੇ ਤਗ਼ਮੇ ਵਾਪਸ ਕਰ ਦਿੱਤੇ ਸਨ।

ਡਾ. ਦਲੀਪ ਕੌਰ ਟਿਵਾਣਾ ਦੇ ਨਾਵਲ, ਕਹਾਣੀ ਸੰਗ੍ਰਹਿ, ਲੇਖ ਅਤੇ ਅਨੁਵਾਦਿਤ ਪੁਸਤਕਾਂ ਦੀ ਗਿਣਤੀ ਇਕ ਸੌ ਤੋਂ ਵੀ ਵੱਧ ਹੈ। ਇਨ੍ਹਾਂ ਨੇ ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਮੁਲਕਾਂ ਵਿਚ ਲੈਕਚਰ ਦੇ ਕੇ ਚੰਗੀ ਸ਼ੁਹਰਤ ਕਮਾਈ ਅਤੇ ਇਨ੍ਹਾਂ ਨੂੰ ਕਈ ਇਨਾਮ ਮਿਲੇ। ਨਾਵਲ 'ਇਹੁ ਹਮਾਰਾ ਜੀਵਣਾ' 'ਤੀਲੀ ਦਾ ਨਿਸ਼ਾਨ' ਤੇ ਉਨ੍ਹਾਂ ਦੀਆਂ ਹੋਰ ਪੁਸਤਕਾਂ ਨੂੰ ਮੈਂ ਕਈ ਵਾਰ ਪੜ੍ਹਿਆ। ਇਹੁ ਹਮਾਰਾ ਜੀਵਣਾ ਦੀ ਦਿਲਚਸਪ, ਭਾਵ-ਮਈ, ਨਾਟਕ-ਕਮ-ਲਘੂ ਫਿਲਮ ਦੀ ਟੀ.ਵੀ. ਤੇ ਪੇਸ਼ਕਾਰੀ ਅਤੀ ਪ੍ਰਸਿੱਧ ਹੋਈ। ਪੰਜਾਬੀ ਯੂਨੀਵਰਸਿਟੀ ਵਿਚ ਹੁੰਦੀਆਂ ਕਾਨਫਰੰਸਾਂ ਮੌਕੇ ਮੇਰਾ ਉਨ੍ਹਾਂ ਨਾਲ਼ ਅਕਸਰ ਮੇਲ ਹੁੰਦਾ ਰਹਿੰਦਾ ਸੀ। ਇਹ 2014 ਜਾਂ ਸ਼ਾਇਦ 2015 ਦੀ ਗੱਲ ਹੈ ਜਦੋਂ ਪੰਜਾਬੀ ਨਾਵਲ ਬਾਰੇ ਗੋਸ਼ਟੀ ਸਮੇਂ ਇਹ ਦੋਵੇਂ ਚੋਟੀ ਦੇ ਨਾਵਲਕਾਰ - ਦਲੀਪ ਕੌਰ ਟਿਵਾਣਾ ਅਤੇ ਜਸਵੰਤ ਸਿੰਘ ਕੰਵਲ - ਸਟੇਜ ਤੇ ਇਕੱਠੇ ਬੈਠੇ ਸਨ। ਇਤਫ਼ਾਕਨ ਮੈਂ ਵੀ ਇਸ ਗੋਸ਼ਟੀ ਵਿਚ ਭਾਗ ਲਿਆ ਸੀ। ਇਹ ਯੂਨੀਵਰਸਿਟੀ ਵਿਚ ਉਨ੍ਹਾਂ ਦੀ ਰਿਹਾਇਸ਼ ਤੇ ਮਿਲਣ ਦਾ ਸੁਨਹਿਰੀ ਮੌਕਾ ਸੀ। ਦਲੀਪ ਕੌਰ ਜੀ ਤੇ ਪ੍ਰੋ. ਮਾਨ ਗੱਲਾਂ ਚ ਨਹਿਲੇ ਤੇ ਦਹਿਲਾ ਸਨ। ਉਦੋਂ ਕੁ ਹੀ ਪ੍ਰੋ. ਭੁਪਿੰਦਰ ਸਿੰਘ ਨਾਲ਼ ਉਨ੍ਹਾਂ ਦੇ ਵਿਆਹ ਦੀ ਖ਼ਬਰ ਨੇ ਹੈਰਾਨਗੀ ਅਤੇ ਖ਼ੁਸ਼ੀ ਦਿੱਤੀ ਕਿਉਂਕਿ ਏਨੀ ਲੇਟ ਉਮਰ ਦਾ ਵਿਆਹ, ਉਹ ਵੀ ਆਪ ਤੋਂ ਏਨੀ ਛੋਟੀ ਉਮਰ ਦੇ ਸਾਥੀ ਨਾਲ਼। ਓਦੋਂ ਇਕ ਦਿਨ ਅਚਾਨਕ ਕੈਪੀਟਲ ਥੀਏਟਰ ਵਿਚ ਫਿਲਮ ਦੇਖਦੇ ਮਿਲੇ ਤਾਂ ਉਨ੍ਹਾਂ ਨੂੰ ਵਧਾਈ ਦਿੱਤੀ। ਇਹ ਵੀ ਜ਼ਿਕਰਯੋਗ ਹੈ ਕਿ ਦਲੀਪ ਕੌਰ ਅਤੇ ਅੰਮ੍ਰਿਤਾ ਪ੍ਰੀਤਮ ਦੋਵੇਂ ਸਹੇਲੀਆਂ ਸਨ। ਜਦੋਂ ਅੰਮ੍ਰਿਤਾ ਨੂੰ ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਸਨਮਾਨਿਤ ਕੀਤਾ ਗਿਆ ਸੀ, ਉਦੋਂ ਉਹ ਇਮਰੋਜ਼ ਨਾਲ਼ ਦਲੀਪ ਕੌਰ ਦੇ ਘਰ ਠਹਿਰੀ ਸੀ। ਉਸ ਸਮੇਂ ਉਹ ਪਟਿਆਲ਼ਾ ਦੇ ਹੀਰਾਨਗਰ ਵਿਚ ਰਹਿ ਰਹੇ ਸਨ। ਓਥੇ ਵੀ ਸਾਡਾ ਮੇਲ ਹੋਇਆ। ਅੰਮ੍ਰਿਤਾ ਦੇ ਅਕਾਲ ਚਲਾਣੇ 'ਤੇ ਦਲੀਪ ਕੌਰ ਵੱਲੋਂ ਇਕ ਬੜਾ ਭਾਵੁਕ, ਚਿੱਠੀ-ਨੁਮਾ ਲੇਖ ਅਖ਼ਬਾਰ ਵਿਚ ਛਪਿਆ ਜਿਸ ਦਾ ਸਿਰਲੇਖ ਸੀ - ਮੇਰੀ ਪਿਆਰੀ ਸਖੀ। ਜਦੋਂ ਅਸੀਂ ਕੈਨੇਡਾ ਰਹਿਣ ਲੱਗ ਪਏ ਤਾਂ ਪਟਿਆਲ਼ੇ ਸਾਡਾ ਅਕਸਰ ਆਉਣ-ਜਾਣ ਰਹਿੰਦਾ ਸੀ। ਇਕ ਦਿਨ ਅਚਾਨਕ ਸਾਨੂੰ ਪਟਿਆਲ਼ੇ ਦੀ ਏ. ਸੀ. ਮਾਰਕੀਟ ਵਿਚ ਆਪਣੇ ਪਤੀ ਤੇ ਇਕ ਛੇ ਕੁ ਸਾਲਾਂ ਦੇ ਬੇਟੇ ਨਾਲ਼ ਮਿਲ ਪਏ। ਮਿਲ ਕੇ ਫੇਰ ਖ਼ੁਸ਼ੀ ਤੇ ਹੈਰਾਨਗੀ ਹੋਈ। ਪ੍ਰੋ. ਭੂਪਿੰਦਰ ਸਿੰਘ ਬੜੇ ਸਲੀਕੇ ਵਾਲ਼ੇ ਵਿਅੱਕਤੀ ਸਨ। ਪ੍ਰੋ. ਮਾਨ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਬੇਟਾ ਦੇਖ ਕੇ ਬੜੀ ਖ਼ੁਸ਼ੀ ਹੋਈ। ਪਤਾ ਲੱਗਿਆ ਕਿ ਬੱਚਾ ਪਰਿਵਾਰ ਚੋਂ ਲੈ ਕੇ ਅਪਣਾ ਲਿਆ ਹੈ। ਉਸ ਦੀ ਬਹੁਤ ਵਧੀਆ ਪ੍ਰਵਰਿਸ਼ ਕੀਤੀ। ਹੁਣ ਉਹ - ਸਿਮਰਨਜੋਤ ਸਿੰਘ - ਯੂਨੀਵਰਸਿਟੀ ਵਿਚ ਲੈਕਚਰਾਰ ਹੈ। ਦਲੀਪ ਕੌਰ ਦੀ ਛੋਟੀ ਭੈਣ ਮਨਜੀਤ ਟਿਵਾਣਾ ਮੰਨੀ-ਪ੍ਰਮੰਨੀ ਕਵਿੱਤਰੀ ਹੈ।

ਦਲੀਪ ਕੌਰ ਟਿਵਾਣਾ ਨੇ ਜਿੱਥੇ ਵਿਸ਼ੇਸ਼ ਕਰ ਕੇ ਸਾਹਿਤ ਦੇ ਖੇਤਰ ਵਿਚ ਉੱਚਾ ਮੁਕਾਮ ਹਾਸਲ ਕੀਤਾ ਉੱਥੇ ਉਸ ਨੇ ਇਕ ਆਦਰਸ਼ਕ ਇਸਤਰੀ ਦੇ ਤੌਰ ਤੇ ਚੰਗੀ ਧੀ, ਭੈਣ, ਪਤਨੀ ਅਤੇ ਮਾਂ ਦੀਆਂ ਜ਼ਿੰਮੇਵਾਰੀਆਂ ਨੂੰ ਸ਼ਾਨਦਾਰ ਤਰੀਕੇ ਨਾਲ਼ ਨਿਭਾਇਆ।

ਛਿਪਦੇ ਸੂਰਜ ਦੀ ਲਾਲੀ ਕਦੇ-ਕਦੇ ਰੰਗ ਲਾ ਜਾਵੇ,
ਤਵਾਰੀਖ ਦੇ ਪੰਨਿਆਂ ਉੱਤੇ ਹਰਫ਼ ਆਪਣਾ ਪਾ ਜਾਵੇ।

# ਉਲਝੇ ਖਿਆਲ



ਪ੍ਰਨੀਤ ਕੌਰ
6476490639.

ਕਦੇ ਕਦੇ ਇਕਦਮ ਹੀ ਮੇਰਾ ਮਨ ਪਤਾ ਨੀ ਕਿਹੜੇ ਖ਼ਿਆਲਾ ਵਿਚ ਚਲਾ ਜਾਂਦਾ ਜਾ ਸ਼ਾਇਦ ਪਰਦੇਸਾਂ ਦੀ ਜ਼ਿੰਦਗੀ ਨੇ ਹੀ ਏਦਾ ਦਾ ਬਣਾ ਦਿੱਤਾ ਸਾਡੇ ਦਿਲ ਦਿਮਾ.ਗਾ ਨੂੰ ਕੇ ਹਰ ਗੱਲ ਨੂੰ ਬਹੁਤ ਸੋਚਦੇ ਨੇ। ਲੋਕਾਂ ਵਿਚ ਬੈਠਾ ਵੀ ਇਕਦਮ ਇਹ ਆਪਣੀ ਹੀ ਦੁਨੀਆਂ, ਆਪਣੇ ਹੀ ਸਵਾਲਾਂ ਵਿਚ ਚਲਾ ਜਾਂਦਾ ਤੇ ਏਦਾ ਹੀ ਅੱਜ ਬੈਠਾ ਬੈਠਾ ਖ਼ੁਦ ਨੂੰ ਕਹਿ ਰਿਹਾ ਸੀ ਕਿ ਜਦ ਮਾਂ ਦਾ ਫ਼ੋਨ ਆਇਆ ਤਾਂ ਪੁੱਛੂੰਗੀ ਕਿ ਮਾਂ ਹੌਲੇ ਦਿਲ ਦੀਆਂ ਕੁੜੀਆਂ ਨੂੰ ਅਕਸਰ ਸਖ਼ਤ ਦਿਲਾਂ ਦੇ ਮਰਦ ਹੀ ਕਿਉ ਮਿਲਦੇ ਨੇ। ਮੈਂ ਹਰ ਇਕ ਮਰਦ ਨੂੰ ਇਦਾ ਨੀ ਕਹਿੰਦੀ, ਕੁੜੀਆਂ ਵੀ ਬਹੁਤ ਨੇ ਪਰ ਪਤਾ ਨੀ ਕਿਉ ਬਸ ਅੱਜ ਕੁੜੀਆਂ ਬਾਰੇ ਸੋਚ ਰਹੀ ਸੀ। ਜੇ ਕਿਸੇ ਆਦਮੀ ਨੂੰ ਕੋਈ ਏਦਾ ਦੀ ਔਰਤ ਮਿਲਜੇ ਜਿਸ ਨਾਲ ਉਸ ਦਾ ਮਨ ਨੀ ਰਲਦਾ ਸਾਡੇ ਸਮਾਜ ਵਿਚ ਸ਼ਾਇਦ ਹਾਲੇ ਵੀ ਔਰਤ ਨੂੰ ਛੱਡਣਾ ਸੌਖਾ ਪਰ ਇਕ ਔਰਤ ਜੇ ਕਦੇ ਗਲਤ ਮਰਦ ਨਾਲ ਵਿਆਹੀ ਜਾਏ ਤੇ ਜ਼ਿੰਦਗੀ ਦੇ ਹਸੀਨ ਵਰੇ ਤਾਂ ਸਮਝੋ ਬਸ ਖ਼ਰਾਬ ਹੀ ਨੇ ਤੇ ਮੈਨੂੰ ਪਤਾ ਮੇਰੀ ਭੋਲੀ ਮਾਂ ਨੇ ਕਹਿਣਾ, ਪੁੱਤ ਇਹ ਤਾ ਆਪੋ ਆਪਣੀ ਕਿਸਮਤ ਹੁੰਦੀ ਆ। ਮੈਂ ਫੇਰ ਘੰਟਿਆ ਬਦੀ ਏਹੀ ਸੋਚੀਂ ਜਾਉ ਵੀ ਕਿਸਮਤ ਫੇਰ ਧੀਆਂ ਦੀ ਹੀ ਕਿਉਂ ਮਾੜੀ ਲਿਖੀ ਆ ਰੱਬ ਨੇ। ਰੱਬ ਤਾਂ ਨੀ ਮਾੜੀਆਂ ਸੋਚਾਂ ਪਾਉਂਦਾ ਆਪਣੇ ਅੰਦਰ। ਔਰਤ ਹੀ ਔਰਤ ਦੀ ਦੁਸ਼ਮਨ ਬਣੀ ਪਈ ਆ ਅੱਜਕਲ੍ਹ ਤਾਂ, ਇੱਕ ਪੁੱਤ ਨੂੰ ਕਿਵੇਂ ਦੀ ਸੋਚ ਦੇਣੀ ਆ ਇਹ ਵੀ ਤਾ ਇਕ ਮਾਂ ਦੇ ਹੱਥ ਹੁੰਦਾ ਨਾ। ਬੇਗਾਨੇ ਘਰੋਂ ਆਈ ਧੀ ਨੂੰ ਧੀ ਬਣਾ ਕੇ ਰੱਖਣਾ ਯਾ ਨੂੰਹ ਇਹ ਵੀ ਇਕ ਔਰਤ ਦੇ ਹੱਥ ਆ। ਜੇ ਛੋਟੀ ਉਮਰੇ ਹੀ ਪੁੱਤਾਂ ਨੂੰ ਮਾਂਵਾਂ, ਭੈਣਾਂ ਕੋਲ ਬੈਠਾ ਕੇ ਸਮਜਾਇਆ ਜਾਏ ਕੇ ਅਜ਼ਾਦੀ ਦੇ ਮਾਇਨੇ ਸਬ ਲੀ ਇਕੋ ਜਿਹੇ ਹੀ ਨੇ ਤੇ ਕੁੜੀਆਂ ਦੇ ਵੀ ਚਾਅ ਹੁੰਦੇ ਨੇ, ਓਹਨਾ ਨੂੰ ਵੀ ਲੋੜ ਹੁੰਦੀ ਆ ਪਿਆਰ, ਮੁਹੱਬਤ ਦੇ ਕੁਛ ਬੋਲਾਂ ਦੀ, ਇਹ ਜੋ ਬੇਗਾਨੇ ਘਰੋਂ ਤੁਹਾਡੇ ਪਿੱਛੇ ਸਭ ਛੱਡ ਕੇ ਆਉਗੀ, ਇਸ ਦੇ ਅੰਦਰ ਵੀ ਇੱਕ ਦਿਲ ਆ, ਇਹ ਵੀ ਧੀ, ਭੈਣ ਆ ਕਿਸੇ ਦੀ ਤੇ ਹੁਣ ਇਸ ਦੇ ਚਾਅ, ਰੀਝਾਂ ਨੂੰ ਤੂੰ ਪੂਰਾ ਕਰਨਾ ਨਾ ਕਿ ਦਿਲ ਦੁਖਾਉਣਾ, ਤੇਰੇ ਘਰੋਂ ਇਸ ਦੀ ਚੁੱਪ ਦਾ ਸ਼ੋਰ ਨੀ, ਇਸ



ਦੇ ਹਾਸਿਆਂ ਦੀ ਗੂੰਜ ਸੁਣੇ। ਜੇ ਉਹ ਆਪਣੀਆਂ ਭੈਣਾਂ, ਮਾਵਾਂ ਦੇ ਦਰਦ ਸਮਝਣਗੇ ਫੇਰ ਹੀ ਉਹ ਆਪਣੀਆਂ ਜੀਵਨ ਸਾਥਣਾ ਨੂੰ ਉਹਨਾ ਦੀ ਬਣਦੀ ਜਗਾ ਦੇਣਗੇ। ਇਕ ਮੁੰਡੇ ਨੂੰ ਆਪਣੀ ਮਾਂ ਦੇ ਕਰੀਬ ਹੋਣਾ ਬਹੁਤ ਜਰੂਰੀ ਆ, ਉਸ ਨੂੰ ਇਕ ਸਖ਼ਤ ਦਿਲ ਦਾ ਮਰਦ ਬਣਾਉਣ ਦੀ ਥਾਂ ਇਕ ਚੰਗੇ ਦਿਲ ਦਾ ਇਨਸਾਨ ਬਣਾਉਣ ਦੀ ਲੋੜ ਆ। ਓਹਨਾ ਨੂੰ ਲਾਡਾਂ ਦੇ ਨਾਲ ਨਾਲ ਘਰ ਦੇ ਕੰਮਾਂ ਚ ਭੈਣਾਂ ਦੇ ਨਾਲ ਸਾਥ ਦੇਣ ਦੀ ਸਿੱਖਿਆ ਦੀ ਲੋੜ ਆ, ਛੋਟੇ ਬੱਚੇ ਮਿੱਟੀ ਦੇ ਕੱਚੇ ਭਾਂਡਿਆਂ ਵਰਗੇ ਹੁੰਦੇ ਆ ਜਿੰਨਾ ਨੂੰ ਜਿਵੇਂ ਮਰਜੀ ਮੋੜ ਕੇ ਆਪਣੀ ਮਰਜ਼ੀ ਦਾ ਆਕਾਰ ਦੇ ਸਕਦੇ ਆ, ਕੱਚੀਆਂ ਸੋਚਾਂ ਛੇਤੀ ਬਦਲ ਸਕਦੀਆਂ ਨੇ ਤੇ ਜਦੋ ਭਾਂਡੇ ਤੇ ਮਨ ਪੱਕ ਜਾਣ ਫੇਰ ਲੰਘੀ ਉਮਰੇ ਓਹਨਾ ਨੂੰ ਬਦਲਿਆ ਨੀ ਜਾ ਸਕਦਾ। ਫੇਰ ਭਾਂਡੇ ਵੀ ਟੁੱਟਦੇ ਨੇ, ਦਿਲਾ ਵਾਂਗ ਤੇ ਨੁਕਸਾਨ ਸਾਰੀ ਉਮਰ ਤੱਕ ਯਾਦ ਰਹਿੰਦੇ ਨੇ। ਸਿਹਤ ਪੱਖੋਂ ਚਾਹੇ ਮੁੰਡੇ ਕੁੜੀਆਂ ਅਲੱਗ ਨੇ, ਪਰ ਦਿਲੋ ਤਾ ਰੱਬ ਨੇ ਸਬ ਨੂੰ ਇੱਕੋ ਜਿਹਾ ਹੀ ਬਣਾਇਆ, ਖੂਨ ਦਾ ਰੰਗ ਤਾਂ ਸਬ ਦਾ ਇੱਕੋ ਹੀ ਆ, ਤਾਂ ਕਿਉ ਨੀ ਸਬ ਨੂੰ ਮੋਹ, ਪਿਆਰ ਦੇ ਅਰਥ ਸਮਝਾਏ ਜਾਂਦੇ। ਬਾਬੇ ਨਾਨਕ ਦੀ ਬਾਣੀ ਦੇ ਅਰਥ ਕਿਉ ਨੀ ਛੋਟੀ ਉਮਰੇ ਸਮਝਾਏ ਜਾਂਦੇ, ਜਦੋ ਮਨ ਕੱਚੇ ਤੇ ਦਿਲ ਸੱਚੇ ਹੁੰਦੇ ਨੇ। ਇੱਕ ਉਮਰ ਲੰਘ ਜਾਣ ਤੋਂ ਬਾਅਦ ਓਹਨਾ ਅਰਥਾਂ ਦੇ ਮਾਇਨੇ ਬਦਲ ਜਾਂਦੇ ਨੇ ਤੇ ਸਾਡੇ ਦਿਮਾਗ ਬਸ ਆਪਣੀ ਲੋੜ ਤੇ ਮਤਲਬ ਦੇ ਹਿਸਾਬ ਨਾਲ ਵਰਤਦੇ ਨੇ ਆਪਣੇ ਗੁਰੂਆਂ ਦੀ ਬਾਣੀ ਨੂੰ। ਕਿਉ ਨੀ ਛੋਟੀ ਉਮਰੇ ਇਹ ਦੱਸਿਆ ਜਾਂਦਾ ਬੱਚਿਆਂ ਨੂੰ ਕੇ ਅਸੀਂ ਕਿੰਨੇ ਅਮੀਰ ਵਿਰਸੇ ਦੇ ਵਾਰਿਸ ਆ। ਇਹ ਕੰਮ ਸ਼ਾਇਦ ਇੱਕ ਪਿਓ ਦਾ ਹੋਣਾ ਚਾਹੀਦਾ ਕੇ ਉਹ ਆਪਣੀ ਔਲਾਦ ਨੂੰ ਆਪਣੇ ਵਿਰਸੇ, ਇਤਿਹਾਸ ਤੇ ਬਾਣੀ ਦੇ ਅਰਥ ਸਮਝਾਏ। ਜਿੱਥੇ ਮਾਂ ਆਪਣੇ ਬੱਚਿਆਂ ਨੂੰ ਧੀਆਂ, ਭੈਣਾਂ ਦੇ ਪਿਆਰ, ਰਿਸ਼ਤਿਆਂ ਦੇ ਨਿੱਘ, ਮੋਹ, ਆਪਣੇਪਨ ਬਾਰੇ ਦੱਸੇ, ਇੱਕ ਚੰਗਾ ਪਿਤਾ ਓਸ ਨੂੰ ਦੱਸੇ ਕੇ ਗੁਰੂਆਂ ਦੇ ਭਾਣੇ ਵਿਚ ਰਹਿ ਕੇ ਕਿਵੇਂ ਜ਼ਿੰਦਗੀ ਦੇ ਰੰਗਾਂ ਨੂੰ ਮਾਣਨਾ ਹੈ। ਉਹਨਾਂ ਨੂੰ ਨਿੰਦਿਆ, ਚੁਗ਼ਲੀ ਤੋ ਦੂਰ ਕਰ, ਸਰਬੱਤ ਦੇ ਭਲੇ ਦੀ ਅਰਦਾਸ ਬਾਰੇ ਦੱਸਿਆ ਜਾਵੇ। ਚੰਗੇ, ਮਾੜੇ ਕਰਮਾਂ ਦੇ ਲੇਖੇ ਜੋਖੇ ਏਥੇ ਹੀ ਦੇਣੇ ਪੈਣੇ ਆ, ਤਾਂ ਕੋਸਿਸ਼ ਕਰਿਓ ਕੇ ਚੰਗੇ ਕਰਮ ਕਰੀਏ ਤਾਂ ਕੇ ਤੁਹਾਨੂੰ ਵੇਖ ਤੁਹਾਡੇ ਬੱਚੇ ਵੀ ਕਰਨ ਤੇ ਸਮਝ ਸਕਣ ਹੱਕ ਸੱਚ ਨਾਲ ਜ਼ਿੰਦਗੀ ਜੀਣ ਦੇ ਤਰੀਕੇ ਤੇ ਅੱਗੇ ਆਉਣ ਵਾਲੀਆਂ ਸਾਡੀਆਂ ਨਸਲਾਂ ਮਾਣ ਸਕਣ ਜ਼ਿੰਦਗੀ ਨੂੰ ਸੋਹਣੇ ਢੰਗ ਨਾਲ ਓਹਨਾ ਨੂੰ ਇਕ ਚੰਗਾ ਇਨਸਾਨ ਬਣ ਕੇ ਵਖਾਓ ਤਾਂ ਕੇ ਉਹ ਵੀ ਬਣ ਸਕਣ ਇੱਕ ਚੰਗਾਂ ਪੁੱਤ, ਪਤੀ ਤੇ ਪਿਓ ਨਾ ਕੇ ਇੱਕ ਸ਼ਰਾਬੀ ਸ਼ੇਰ ਗੁੰਮ ਇਨਸਾਨ। ਤੁਹਾਡੇ ਘਰੇ ਆਉਣ ਵਾਲੀ ਧੀ ਦੀ ਜ਼ਿੰਦਰਸਿੰਬਾ ਕਰੋ ਜਿਸਨੇਸ ਜਾਕੇਤੁਹਾਡੀ ਹੀ ਪੀੜੀ ਆਉਣਾ,

ਤਾਂਵੇਆ ਕਰ ਸਕੋਕੇਤੁਹਾਡੀਆਂ ਧੀ ਨੂੰ ਮਿਲਣ ਉਹੀ ਘਰ ਮਾਹੌਲ ਜਿੰਨਾ ਚ ਰੱਖਿਆ ਤੁਸੀ ਕਿਸੇ ਦੀ ਧੰਗੂਪਣੀ ਧੀ ਬਣਾਕੇ

ਬੇਗਾਨੇ ਘਰੋਂ ਆਈ ਨੂੰ, ਮੋਹ ਨਾਲ ਤੱਕਿਓ ਰੱਖਿਓ ਬਣਾਕੇ ਤੁਸੀ, ਦਿਲਾਂ ਵਾਲੀ ਸਾਂਝ ਨੂੰ ਕਰਿਓ ਨਾ ਧੋਖਾ ਨਾ ਹੀ ਗੁੱਸੇ ਵਿਚ ਤੱਕਿਓ ਕੁੜੀਆਂ ਦੇ ਦਿਲ ਭੋਲੇ ਹੁੰਦੇ ਨੇ, ਰੋ ਪੈਂਦੀਆਂ ਨੇ ਛੇਤੀ ਹਰ ਨਿੱਕੀ ਨਿੱਕੀ ਗੱਲ ਤੇ, ਸਾਂਭ ਲਿਓ ਇਹਨਾਂ ਨੂੰ ਤਾਂ ਕੇ ਘਰ ਕੈਦ ਨੀ ਸਵਰਗ ਲੱਗੇ। ਤੇ ਆਹੀ ਉਮੀਦ ਚ ਟੁੱਟਦੀ ਆ ਮੇਰੀ ਸੋਚਾਂ ਦੀ ਲੜੀ ਅੱਜ, ਕੇ ਬਣੂੰਗਾ ਮੇਰੇ ਸੁਪਨਿਆਂ ਦਾ ਸੰਸਾਰ ਛੇਤੀ ਹੀ, ਜਿੱਥੇ ਗੁੱਸਾ, ਨਫ਼ਰਤ ਨੀ ਬਸ ਮੋਹ, ਪਿਆਰ ਹੋਊ ਦੁਨੀਆ ਤੇ ਆਉਣ ਦਾ ਮੁੱਲ ਪਾ ਕੇ ਜਾਇਓ, ਉਹ ਇਨਸਾਨ ਬਣ ਕੇ ਵਖਾਇਓ ਜਿਸ ਨੂੰ ਵੇਖ ਕੇ ਕੋਈ ਜੀਣਾ ਸਿੱਖੇ। ਰੂਹ ਤੇ ਵੱਜੀਆਂ ਸੱਟਾਂ ਦੇ ਇਲਾਜ ਨੀ ਹੁੰਦੇ, ਐਸੇ ਬੋਲ ਨਾ ਬੋਲਿਓ ਕੇ ਕੋਈ ਜੀਣ ਦੀ ਆਸ ਛੱਡ ਦੇਵੇ।ਜ਼ਿੰਦਗੀ ਸੋਹਣੀ ਸੋਚਾਂ ਚ ਨਾ ਹੋਵੇ ਅਸਲ ਚ ਹੋਵੇ, ਤੇ ਜੇ ਤੁਹਾਨੂੰ ਸੋਹਣੀ ਨੀ ਮਿਲੀ ਤਾਂ ਕਿਸੇ ਦੀ ਜ਼ਰੂਰ ਸੋਹਣੀ ਬਣਾ ਕੇ ਜਾਇਓ

ਮਾਵਾਂ, ਭੈਣਾਂ ਨਾਲ ਪਿਆਰ
ਵਾਲੀ ਸਾਂਝ ਪਾਕੇ ਰੱਖਿਓ

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੇ ਵੈਜੀਟੇਰੀਅਨ, ਪੀ ਆਰ ਲੜਕੇ ਉਮਰ 29 ਸਾਲ, 5 ਕਿੱਲੇ ਜ਼ਮੀਨ ਦੇ ਮਾਲਕ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ ਮੋਬਾਇਲ ਨੰ: 2896595681 ***262***

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ (appiled) ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ,ਉਮਰ 29 ਸਾਲ,ਕੱਦ 5 ਫੁੱਟ 9 ਇੰਚ,ਬੈਚੂਲਰ ਐਡਮਿਨਸਟ੍ਰੇਸ਼ਨ ਆਫ਼ ਸੇਲਜ਼ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਅਲਬਰਟਾ ਸੂਬੇ ਵਿੱਚ ਰਹਿੰਦਾ ਹੈ। ਸੰਪਰਕ: +1 (438) 921-6396 ***261***

### ਲੜਕੇ ਦੀ ਲੋੜ

Sikh family seeking a suitable match for their Canadian-born daughter, 36 years old, height 5'43 , born and raised in Calgary, Alberta. She is well-educated, holds a master's degree, and currently works in the education field. We are looking for someone who is Canadian born that lives in Calgary or surrounding areas, is well-educated with a professional career, and is open to previously divorced individuals. If interested, please contact 403-680-4793 ***265**

### ਲੜਕੀ ਦੀ ਲੋੜ

ਕੈਨੇਡਾ ਓਪਨ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਹੇਹਰ ਪਰਿਵਾਰ ਦੇ ਲੜਕੇ ਉਮਰ 36 ਸਾਲ ਕੱਦ 5 ਫੁੱਟ 9 ਇੰਚ ਵਿਦਿਅਕ ਯੋਗਤਾ ਹਾਈ ਸਕੂਲ ,ਕਾਰ ਆਟੋ ਬਾਡੀ ਜਰਨੀਮੈਨ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 780 243 5814 ***265***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਟੈਕਨੀਸ਼ੀਅਨ ਡਿਪਲੋਮਾ ਹੋਲਡਰ ਲਈ ਪੜੀ ਲਿਖੀ,ਲੰਮੇ ਕੱਦ ਵਾਲੀ,ਪਰਿਵਾਰਕ ਕਦਰਾਂ ਕੀਮਤਾਂ ਨੂੰ ਸਮਝਣ ਵਾਲੀ, ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 233 5450 ਜਾਂ ਵਟਸਐਪ: 95011 86208 ***264***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਬੀ ਸੀ ਰਹਿੰਦੇ ਜੱਟ ਸਿੱਖ ਚੀਮਾਂ ਪਰਿਵਾਰ ਦੇ ਹਾਕੀ ਪਲੇਅਰ ਲੜਕੇ ਉਮਰ 33 ਸਾਲ, ਕੱਦ 6 ਫੁੱਟ 2 ਇੰਚ, ਅਕਾਊਂਟਿੰਗ ਡਿਪਲੋਮਾਂ ਹੋਲਡਰ, ਹੁਣ 70 ਤੋਂ 80 ਹਜਾਰ ਡਾਲਰ ਦੀ ਚੰਗੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤੇ ਕੈਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ: 403 918 5718 ਜਾਂ 403 293 5718 ***264***

### ਲੜਕੀ ਦੀ ਲੋੜ

ਜੱਟ ਸਿੱਖ ਹੁੰਦਲ ਪਰਿਵਾਰ ਦੇ ਵਿਜੀਟਰ ਵੀਜ਼ੇ ਤੇ ਆਏ ਨਸ਼ਾ ਰਹਿਤ ਲੜਕੇ, ਉਮਰ 28 ਸਾਲ ਕੱਦ 5 ਫੁੱਟ 10 ਇੰਚ ਵਿਦਿਅਕ ਯੋਗਤਾ: +2,ਆਈ ਟੀ ਆਈ ਤੋਂ ਵੈਲਡਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ,ਸਟੱਡੀ ਪਰਮਿਟ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਾਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੀ ਵੱਡੀ ਭੈਣ ਕਨੇਡਾ ਸੈਂਟਲ ਹੈ ।ਮਾਪਿਆਂ ਕੋਲ ਵੀ ਕਨੇਡੀਅਨ ਵੀਜ਼ਾ ਹੈ । ਵਿਨੀਪੈਗ ਨੂੰ ਪਹਿਲ 431-866-5313 ਜਾਂ ਈਮੇਲ-hundalsingh996@gmail.com ***264***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜ਼ਾ ਉੱਪਰ ਆਏ ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 24 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੇਡ 12, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 905 781 8408 ਜਾਂ ਈ ਮੇਲ: arshpreetsaran3 @gmail.com ***263 ***

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਮਾਸਟਰ ਇਨ ਅਕਾਊਂਟਿੰਗ, ਆਪਣੇ ਬਿਜਨਿਸ ਵਿੱਚ ਵੈੱਲ ਸੈਟਲਡ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕਨੇਡੀਅਨ ਜੰਮਪਲ, ਕੱਦ 5 ਫੁੱਟ 4 ਇੰਚ ਤੋਂ 5 ਫੁੱਟ 8 ਇੰਚ ਦੇ ਵਿਚਕਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ। ਸੰਪਰਕ: 1 306 470 0094 ***263 ***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ ਈ ਮੇਲ: Gursewakgill94@yahoo.com ***263 ***

### ਲੜਕੇ ਦੀ ਲੋੜ

ਪੰਜਾਬ ਦੇ ਤਲਵੰਡੀ ਸਾਬੋ ਇਲਾਕੇ ਨਾਲ ਸਬੰਧਿਤ ਔਲਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1982,ਕੱਦ 5 ਫੁੱਟ 7 ਇੰਚ, ਪੜਾਈ ਲਿਖਾਈ ਪਲੱਸ 2 ਐਂਡ ਐਨ ਟੀ ਟੀ, ਹੁਣ ਪਰਾਈਵੇਟ ਸਕੂਲ ਵਿੱਚ ਟੀਚਰ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀਆਂ ਦੂਜੀਆਂ ਭੈਣਾਂ ਇੰਡੀਆ ਅਤੇ ਕੈਨੇਡਾ ਵੈੱਲ ਸੈਟਲਡ ਹਨ। ਛੋਟਾ ਭਰਾ ਖੇਤੀਬਾੜੀ ਅਤੇ ਮੈਰਿਜ ਪੈਲੇਸ ਤਲਵੰਡੀ ਸਾਬੋ ਕਾਰੋਬਾਰੀ ਹੈ। ਸੰਪਰਕ: 91 98784 34024 ***263 RG***

### ਲੜਕੇ ਦੀ ਲੋੜ

**ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁੱਟ 2 ਇੰਚ, ਵਿਦਿਅਕ ਯੋਗਤਾ ਐਮ ਕਾਮ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ। ਸੰਪਰਕ: 780 966 4500 ਜਾਂ ਈ ਮੇਲ** :tarjinders@yahoo.com ***262***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ: ਬੀ ਕਾਮ (ਇੰਡੀਆ) ਪੋਸਟ ਡਿਗਰੀ ਡਿਪਲੋਮਾ ਇਨ ਬਿਜਨਿਸ ਐਡਮਨਿਸਟ੍ਰੇਸ਼ਨ(ਕਨੇਡਾ) ਸਰਵਿਸ ਕਨੇਡਾ (ਸਰਕਾਰੀ ਜੌਬ)ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ 25 ਏਕੜ ਪਲੱਸ ਜ਼ਮੀਨ ਦੀ ਮਾਲਕੀ ਹੋਵੇ, ਮਾਲਵਾ ਇਲਾਕੇ ਜਾਂ ਮਲਵਈ ਪਰਿਵਾਰ ਨੂੰ ਪਹਿਲ, ਸਿਰਫ ਅਮਰੀਕਾ,ਕਨੇਡਾ ਜਾਂ ਇੰਗਲੈਂਡ ਵਾਲੇ ਵੈਸ਼ਨੂੰ ਪਰਿਵਾਰ ਹੀ ਸੰਪਰਕ ਕਰਨ। ਸੰਪਰਕ: 1 780 522 1790 ਜਾਂ ਵਟਸਐਪ 91 94170 37882 ***262***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਜਨਮ 1991, ਵਿਦਿਅਕ ਯੋਗਤਾ ਪਲੱਸ ਟੂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 839 5630 ਜਾਂ ਵਟਸਐਪ 91 98765 04844 ***262***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੇ ਦੀ ਲੋੜ

Sikh family seeks a suitable match for their beautiful daughter, 27 years old, height 5'-11", born and raised in B.C. Canada, family oriented, Canadian citizen, works in an office. The boy should be tall, handsome, raised in Canada or USA, educated, from a well settled family with strong family values. Preference given to a person who resides in B.C., or is willing to relocate to B.C. Serious inquiries only. Send bio data and recent photos to: **anayabhangu14 @gmail.com** ***262***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ ਵੀਜ਼ਾ ਉੱਪਰ ਆਏ, ਬੈਚੂਲਰ ਆਫ ਬਿਜਨਿਸ ਐਮਨਿਸਟ੍ਰੇਸ਼ਨ ਡਿਗਰੀ ਮੁਕੰਮਲ ਹੋਣ ਉਪਰੰਤ ਹੁਣ ਵਰਕ ਪਰਮਿਟ ਉੱਪਰ, ਸ਼ਰਮਾ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ 1 ਇੰਚ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 465 4620 ***260***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 37 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀ ਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***262***

### ਲੜਕੀ ਦੀ ਲੋੜ

Well Settled Ramgarhia Family in Winnipeg looking for a suitable match for their son,34 years old, 5'-10" tall, cleanshaven, Canadian Citizen. For more info. Call at 204-510-7658 ***260***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਪੰਜਾਬ ਦੇ ਮੋਗਾ ਜਿਲ੍ਹੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ,ਉਮਰ 31ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਟੈੱਕ ਇੰਜੀਨੀਅਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 868 6148 ***262***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਇੰਡੀਆ ਰਹਿੰਦੇ ਵੈਸ਼ਨੂੰ ,ਤਲਾਕਸ਼ੁਦਾ, ਉਮਰ 32 ਸਾਲ, ਲਈ ਕਨੇਡੀਅਨ ਪੀ ਆਰ ,ਵਿਜਟਿਰ ਵੀਜਾ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 899 9898 **261**

### ਲੜਕੀ ਦੀ ਲੋੜ

ਅਮਰੀਕਨ ਸਿਟੀਜਨ, ਜੱਟ ਸਿੱਖ ਵਿਰਕ ਪਰਿਵਾਰ ਦੇ ਲੜਕੇ ਜਨਮ 1991, ਕੱਦ 5 ਫੁੱਟ 10 ਇੰਚ, ਯੂ ਐਸ ਏ ਹਾਈ ਸਕੂਲ ਗਰੈਜੂਏਟ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 1 817 825 8607 ***260*** *F*

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸਟੂ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 604 389 4108 ***260***

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਬਾਜਵਾ ਪਰਿਵਾਰ ਦੇ ਕੈਲਗਰੀ ਰਹਿੰਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਟਰੱਕ ਅਪਰੇਟਰ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਇਲੈਕਟਰੋ ਟੈਕਨੋਲਿਜੀ ਇੰਜੀਨੀਅਰਿੰਗ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 1 431 335 8706 ***260*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ (ਵਟਸਐਪ): 9583592000

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @ +1 403 680 0436 or email at bhinderexteriors13@gmail.com.

## ਐਡਮਿੰਟਨ ਵਿੱਚ ਮੋਟਲ ਵਿਕਾਊ ਹੈ

50 ਕਮਰਿਆਂ ਵਾਲਾ, ਹੋਟਲ ਕਾਰੋਬਾਰ ਦੇ ਹਿਸਾਬ ਨਾਲ ਬਹੁਤ ਹੀ ਵਧੀਆ ਲੋਕੇਸ਼ਨ, ਭਵਿੱਖ ਵਿੱਚ ਕਾਰੋਬਾਰ ਵਧਾਉਣ ਲਈ ਵਾਧੂ ਜਮੀਨ ਵੀ ਨਾਲ ਹੀ ਹੈ। ਮਾਲਕ ਵੱਲੋਂ ਸਿੱਧਾ ਹੀ ਵੇਚਿਆ ਜਾਣਾ ਹੈ। ਇਸ ਲਈ ਬਿਨਾ ਕਿਸੇ ਵਿਚੋਲਗੀ ਦੇ ਸਿੱਧਾ ਸੰਪਰਕ ਕਰਕੇ ਬੱਚਤ ਕਰੋ।
ਈ ਮੇਲ : 2009cst@gmail.com

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

**ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ। ਸੰਪਰਕ :** 587 329 7202

## Name Change

I, CHHAVI BHATIA mother of SAISHA holder of Indian Passport # U4309817, issued at CHANDIGARH, permanent resident of H.NO: 2182, URBAN ESTATE, PHASE -2 DUGRI, LUDHIANA, PIN: 141013, PUNJAB, INDIA and presently residing at 21, Tarington Green NE Calgary (AB) T3J 3X1 Canada do hereby change the name of my daughter from SAISHA to SAISHA BHATIA, with immediate effect.
Contact: 587 893 5845 Date: 9 Jan 2025

## Name Change

I SUKHJINDER SINGH SON of GURMEET SINGH, holder of Indian passport No. L9447171, issued at JALANDHAR, on 15/05/2014, permanent resident of Vill: MARULA, PO: LEHLI KALAN, HOSHIARPUR,PIN: 146104, PUNJAB,INDIA presently residing at 160 Savanna Passage NE Calgary Alberta T3J2J7 CANADA Do hereby change My name from SUKHJINDER SINGH to SUKHJINDER SINGH SAHOTA with immediate effect. Date: 09/Jan/2025 Phone: 1 778 855 7400

# ਕ੍ਰਿਸ਼ਟੀਆ ਫਰੀਲੈਂਡ ਦੀ ਚੋਣ ਮੁਹਿੰਮ ਸ਼ੁਰੂਆਤ ਮੌਕੇ ਫਲਸਤੀਨੀਆਂ ਨੇ ਜ਼ੋਰਦਾਰ ਮੁਜਾਹਿਰਾ ਕੀਤਾ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਸਾਬਕਾ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸ਼ਟੀਆ ਫਰੀਲੈਂਡ ਨੇ ਫੈਡਰਲ ਲਿਬਰਲ ਪਾਰਟੀ ਦੀ ਲੀਡਰਸ਼ਿਪ ਦੌੜ ਵਾਸਤੇ ਚੋਣ ਵਾਸਤੇ ਬੀਤੇ ਦਿਨ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ ਪਰ ਜਦੋਂ ਕ੍ਰਿਸ਼ਟੀਆ ਫਰੀਲੈਂਡ ਵੱਲੋਂ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕੀਤਾ ਜਾ ਰਿਹਾ ਸੀ ਤਾਂ ਫਲਸਤੀਨ ਪੱਖੀ ਲੋਕਾਂ ਵੱਲੋਂ ਇਸ ਮੌਕੇ ਤੇ ਜ਼ੋਰਦਾਰ ਮੁਜ਼ਾਹਰਾ ਕੀਤਾ ਗਿਆ ਹਾਲਾਂਕਿ ਫਰੀਲੈਂਡ ਨੇ ਆਖਿਆ ਕਿ ਕੈਨੇਡਾ ਵਾਸੀਆਂ ਵਾਸਤੇ ਕੰਮ ਕਰਨ ਤੋਂ ਮੈਨੂੰ ਕੋਈ ਨਹੀਂ ਰੋਕ ਸਕਦਾ ਤੇ ਨਾ ਹੀ ਮੈਨੂੰ ਤੁਹਾਡੇ ਨਾਲ ਗੱਲ ਕਰਨ ਤੋਂ ਕੋਈ ਰੋਕ ਸਕਦਾ ਹੈ ਕਿ ਅਸੀਂ ਮਿਲ ਕੇ ਕਿਵੇਂ ਆਪਣੇ ਇਸ ਸ਼ਾਨਦਾਰ ਦੇਸ਼ ਵਾਸਤੇ ਇੱਕ ਜੁੱਟ ਹੋ ਕੇ ਖੜ ਸਕਦੇ ਹਾਂ । ਫਰੀਲੈਂਡ ਵੱਲੋਂ ਟੌਰਾਂਟੋ ਦੇ ਸੇਂਟ ਐਲਬਮ ਬੋਇਜ ਐਂਡ ਗਰਲਸ ਕਲੱਬ ਵਿੱਚ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਇਸ ਮੌਕੇ ਫਰੀਲੈਂਡ ਨੇ ਦੱਸਿਆ ਕਿ ਕਿ ਕਿਵੇਂ ਉਹ ਕੈਨੇਡਾ ਦੀ ਆਰਥਿਕਤਾ ਵਾਸਤੇ ਗੱਲਬਾਤ ਕਰਨ ਵਿੱਚ ਮੁਹਾਰਤ ਰੱਖਦੇ ਹਨ। ਵਰਨਣ ਯੋਗ ਹੈ ਕਿ ਫਰੀਲੈਂਡ ਵੱਲੋਂ ਬੀਤੇ ਦਿਨੀ ਬਤੌਰ ਵਿੱਤ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ।

ਇਸੇ ਤਰ੍ਹਾਂ ਓਂਟਾਰੀਓ ਦੇ ਬਰਲਿੰਗਟਨ ਤੋਂ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਗਵਰਨਮੈਂਟ ਹਾਊਸ ਲੀਡਰ ਕਰੀਨਾ ਗੋਂਡ ਨੇ ਵੀ ਫੈਡਰਲ ਲਿਬਰਲ ਪਾਰਟੀ ਦੀ ਲੀਡਰਸ਼ਿਪ ਵਾਸਤੇ ਆਪਣੀ ਮੁਹਿੰਮ ਦੀ ਸ਼ੁਰੂਆਤ ਬਰਲਿੰਗਟਨ ਤੋਂ ਕਰ ਦਿੱਤੀ ਹੈ। ਲੀਡਰਸ਼ਿਪ ਦੀ ਰੇਸ ਵਿੱਚ ਹੁਣ ਤੱਕ ਜਿੰਨੇ ਵੀ ਉਮੀਦਵਾਰ ਸਾਹਮਣੇ ਆਏ ਹਨ। ਕਰੀਨਾ ਦੀ ਉਮਰ ਇਹਨਾਂ ਸਾਰਿਆਂ ਨਾਲੋਂ ਘੱਟ ਹੈ ਉਹ 37 ਸਾਲ ਦੇ ਹਨ ਉਹਨਾਂ ਇਸ ਮੌਕੇ ਸੰਬੋਧਨ ਕਰਦਿਆਂ ਆਖਿਆ ਕਿ ਇਸ ਵਕਤ ਪਾਰਟੀ ਨੂੰ ਨਵੀਂ ਜਨਰੇਸ਼ਨ ਦੀ ਲੀਡਰਸ਼ਿਪ ਦੀ ਲੋੜ ਹੈ।

# ਗਾਜ਼ਾ ਪੱਟੀ ਵਿੱਚ ਜੰਗਬੰਦੀ ਦਾ ਅਮਲ ਹੁਣ ਅਸਲ ਵਿੱਚ ਦਿਖਾਈ ਦੇਣ ਲੱਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ 'ਚ ਡੋਨਲਡ ਟਰੰਪ ਦੇ ਰਾਸ਼ਟਰਪਤੀ ਵੱਜੋਂ ਹਲਫ਼ ਲੈਣ ਤੋਂ ਪਹਿਲਾਂ ਹੀ ਗਾਜ਼ਾ ਪੱਟੀ 'ਚ ਸ਼ਾਂਤੀ ਦਾ ਰਾਹ ਪੱਧਰਾ ਹੋ ਗਿਆ ਸੀ ਪਰ ਹੁਣ ਇਜ਼ਰਾਈਲ ਅਤੇ ਹਮਾਸ ਵਿਚਕਾਰ ਹੋਏ ਸਮਝੌਤੇ ਮਗਰੋਂ ਗਾਜ਼ਾ ਪੱਟੀ 'ਚ ਜੰਗਬੰਦੀ ਦਾ ਅਮਲ ਵੀ ਸ਼ੁਰੂ ਹੋ ਗਿਆ। ਸਮਝੌਤੇ ਤਹਿਤ ਹਮਾਸ ਨੇ ਪਿਛਲੇ 470 ਦਿਨਾਂ ਤੋਂ ਬੰਧਕ ਤਿੰਨ ਮਹਿਲਾਵਾਂ ਨੂੰ ਰਿਹਾਅ ਕਰ ਦਿੱਤਾ। ਤਿੰਨੋਂ ਬੰਧਕਾਂ ਨੂੰ ਰੈੱਡਕ੍ਰਾਸ ਨੇ ਇਜ਼ਰਾਇਲੀ ਡਿਫੈਂਸ ਫੋਰਸ ਹਵਾਲੇ ਕੀਤਾ ਗਿਆ ਜੋ ਬਾਅਦ 'ਚ ਇਜ਼ਰਾਈਲ ਪਹੁੰਚ ਗਈਆਂ। ਉਧਰ ਇਜ਼ਰਾਈਲ ਵੱਲੋਂ 90 ਫਲਸਤੀਨੀਆਂ ਨੂੰ ਛੱਡਿਆ ਗਿਆ ਜਿਨ੍ਹਾਂ 'ਚ ਜ਼ਿਆਦਾਤਰ ਬੱਚੇ ਅਤੇ ਔਰਤਾਂ ਸ਼ਾਮਲ ਹਨ। ਕਰੀਬ 15 ਮਹੀਨਿਆਂ ਦੀ ਜੰਗ ਮਗਰੋਂ ਫਲਸਤੀਨੀਆਂ ਨੇ ਹੁਣ ਜਾ ਕੇ ਸੁੱਖ ਦਾ ਸਾਹ ਲਿਆ ਹੈ ਅਤੇ ਉਹ ਮਲਬੇ 'ਚ ਤਬਦੀਲ ਹੋ ਚੁੱਕੇ ਆਪਣੇ ਘਰਾਂ ਨੂੰ ਪਰਤਣਾ ਸ਼ੁਰੂ ਹੋ ਗਏ ਹਨ। ਅਮਰੀਕਾ, ਕਤਰ ਅਤੇ ਮਿਸਰ ਦੀ ਵਿਚੋਲਗੀ ਨਾਲ ਜੰਗਬੰਦੀ ਦਾ ਸਮਝੌਤਾ ਸਿਰੇ ਚੜ੍ਹਿਆ ਹੈ। ਜੰਗਬੰਦੀ ਦਾ ਅਮਲ ਸ਼ੁਰੂ ਹੋਣ ਦੇ ਨਾਲ ਹੀ ਮਿਸਰ ਤੋਂ ਰਾਹਤ ਸਮੱਗਰੀ ਨਾਲ ਭਰੇ ਟਰੱਕ ਵੀ ਗਾਜ਼ਾ 'ਚ ਦਾਖ਼ਲ ਹੋਏ ਹਨ ।

# ਨਵੀਂ ਬੀਮਾਰੀ ਕਾਰਨ ਮੋਬਾਇਲ ਦੀ ਘੰਟੀ ਵੱਜਦੇ ਹੀ ਲੋਕਾਂ ਦੇ ਦਿਲ ਦੀ ਧੜਕਨ ਹੋ ਰਹੀ ਹੈ ਤੇਜ਼

ਨੌਟਿੰਘਮ (ਪੰਜਾਬੀ ਅਖਬਾਰ ਬਿਊਰੋ)- ਕੀ ਕਦੇ ਅਜਿਹਾ ਹੋਇਆ ਹੈ ਕਿ ਤੁਸੀਂ ਕਿਸੇ ਨੂੰ ਫ਼ੋਨ ਕੀਤਾ ਹੋਵੇ, ਪਰ ਤੁਸੀਂ ਮਨ 'ਚ ਹੀ ਸੋਚ ਰਹੇ ਹੋ ਕਿ ਉਹ ਫ਼ੋਨ ਨਾ ਹੀ ਚੁੱਕੇ ? ਜੇਕਰ ਅਜਿਹਾ ਹੁੰਦਾ ਹੈ ਤਾਂ ਤੁਹਾਨੂੰ ਟੈਲੇਫ਼ੋਨੋਫ਼ੋਬੀਆ ਹੋ ਸਕਦਾ ਹੈ। ਇਹ ਇੱਕ ਤਰ੍ਹਾਂ ਦਾ ਤਨਾਅ ਹੈ ਜੋ ਪਰੇਸ਼ਾਨੀ ਦਾ ਕਾਰਨ ਬਣ ਜਾਂਦਾ ਹੈ। ਇਸ ਨੂੰ ਟੈਲੇਫ਼ੋਨਫ਼ੋਬੀਆ ਜਾਂ ਫ਼ੋਨ ਫ਼ੋਬੀਆ ਵੀ ਕਿਹਾ ਜਾਂਦਾ ਹੈ। ਲੋਕਾਂ ਨੂੰ ਇਸ ਸਮੱਸਿਆ ਤੋਂ ਬਚਾਉਣ ਲਈ ਬ੍ਰਿਟੇਨ ਦੇ ਨੌਟਿੰਘਮ ਕਾਲਜ 'ਚ ਕੋਚਿੰਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ। ਇਸ ਫ਼ੋਬੀਆ ਤੋਂ ਪੀੜਤ ਲੋਕਾਂ 'ਚ ਫ਼ੋਨ ਦੀ ਘੰਟੀ ਵੱਜਦੇ ਹੀ ਭਾਵਨਾਤਮਕ ਤੌਰ 'ਤੇ ਤਨਾਅਪੂਰਨ ਹੋਣਾ, ਦਿਲ ਦੀ ਧੜਕਨ ਵਧਣਾ ਅਤੇ ਫ਼ੋਨ 'ਤੇ ਗੱਲ ਕਰਨ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਨਾ ਵਰਗੇ ਲੱਛਣ ਸ਼ਾਮਿਲ ਹਨ।

ਟੈਲੀਫ਼ੋਨੋਫ਼ੋਬੀਆ ਦਾ ਅਰਥ ਹੈ ਫ਼ੋਨ ਕਾਲ ਕਰਨ ਜਾਂ ਚੁੱਕਣ ਦਾ ਡਰ। ਖੋਜ ਅਨੁਸਾਰ ਇਹ ਇੱਕ ਕਿਸਮ ਦਾ ਸਮਾਜਕ ਡਰ ਹੈ। ਟੈਲੀਫ਼ੋਨੋਫ਼ੋਬੀਆ ਦੀ ਤੁਲਨਾ ਗਲੋਸੋਫ਼ੋਬੀਆ (ਸਟੇਜ 'ਤੇ ਬੋਲਣ ਦਾ ਡਰ) ਨਾਲ ਕੀਤੀ ਜਾਂਦੀ ਹੈ ਕਿਉਂਕਿ ਦੋਵਾਂ 'ਚ ਲੋਕਾਂ ਦੇ ਸਾਹਮਣੇ ਕੁੱਝ ਕਰਨਾ ਪੈਂਦਾ ਹੈ। ਵਿਦਿਆਰਥੀਆਂ ਨੂੰ ਕਲਾਸ 'ਚ ਸਿਖਾਇਆ ਜਾ ਰਿਹਾ ਹੈ ਕਿ ਜਦੋਂ ਉਨ੍ਹਾਂ ਨੂੰ ਫ਼ੋਨ ਆਉਂਦਾ ਹੈ ਤਾਂ ਉਹ ਕਿਵੇਂ ਗੱਲ ਕਰ ਸਕਦੇ ਹਨ। ਇਸ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਵੱਧ ਰਿਹਾ ਹੈ ਅਤੇ ਉਹ ਟੈਲੇਫ਼ੋਨੋਫ਼ੋਬੀਆ ਤੋਂ ਠੀਕ ਹੋ ਰਹੇ ਹਨ।




# ਮੈਂ ਕੀ ਪਿਆਰ ਵਿੱਚੋਂ ਖੱਟਿਆ

ਪੰਜਾਬੀ ਜ਼ੁਬਾਨ ਦਾ ਇਤਿਹਾਸ ਪੰਜਾਬ ਦੀ ਅਨੋਖੀ ਸਰਬ-ਸਾਂਝੀਵਾਲਤਾ ਦਾ ਇਤਿਹਾਸ ਹੈ। ਇਹੀ ਕਾਰਨ ਹੈ ਕਿ ਭਾਵੇਂ ਇਸ ਦੀ ਨਿਰਧਾਰਤ ਲਿਪੀ ਗੁਰਮੁੱਖੀ ਹੈ ਪਰ ਇਸ ਨੂੰ ਸ਼ਾਹਮੁਖੀ, ਦੇਵਨਾਗਰੀ ਅਤੇ ਅੱਜਕੱਲ੍ਹ ਤਾਂ ਅੰਗਰੇਜ਼ੀ ਅਲਫਾਬੈੱਟ 'ਚ ਵੀ ਲਿਖਿਆ ਜਾਣ ਲੱਗ ਪਿਆ ਹੈ ਜੋ ਇਸ ਦੀ ਲੋਕਪ੍ਰਿਆ ਹੋਣ ਦਾ ਪ੍ਰਮਾਣ ਹੈ। ਔਲੀਏ ਦੀ ਮਜ਼ਾਰ ਤੋਂ ਲੈ ਕੇ ਪੇਸ਼ਾਵਰ ਤੱਕ ਦਰਿਆਈ ਪਾਣੀਆਂ ਨਾਲ ਸਿੰਜੀ ਇਸ ਧਰਤੀ ਦੀ ਬੋਲੀ ਮਿੱਠੇ ਖ਼ੂਹ ਦੇ ਪਾਣੀ ਵਰਗੀ ਹੈ।

ਪੁਰਾਣੇ ਪੰਜਾਬ ਦੇ ਲੋਕ ਕੁਦਰਤ ਦੇ ਰੰਗਾਂ ਵਿੱਚ ਰੰਗੇ ਹੋਣ ਕਰਕੇ ਅਧਿਆਤਮਵਾਦ ਦਾ ਸ੍ਰੋਤ ਸਮਝੇ ਜਾਂਦੇ ਵੇਦ ਗ੍ਰੰਥ ਵੀ ਇਸ ਧਰਤੀ ਦੇ ਵੱਗਦੇ ਦਰਿਆਵਾਂ ਦੇ ਕੰਢਿਆਂ ਤੇ ਬੈਠ ਕੇ ਹੀ ਰਚੇ ਗਏ।

ਨਾਨਕ ਤੇ ਫਰੀਦ ਵਰਗੇ ਬਾਬਿਆਂ ਦੀ ਇਸ ਬੋਲੀ ਵਿੱਚ ਜ਼ਿੰਦਗੀ ਦਾ ਜਿਉਣਯੋਗਤਾ ਦਾ ਫ਼ਲਸਫ਼ਾ ਭਰਿਆ ਪਿਆ ਹੈ। ਕਈ ਫਕੀਰਾਂ ਵਰਗੇ ਲੋਕਾਂ ਨੇ ਫਾਕੇ ਕੱਟ ਕੇ ਇਸ ਬੋਲੀ ਨੂੰ ਅਮੀਰ ਬਣਾਇਆ ਹੈ। ਪਰ ਅੱਜ ਕੱਲ ਅਸਥਾਈ ਸ਼ੋਹਰਤ ਤੇ ਪੈਸੇ ਦੀ ਦੌੜ ਵਿੱਚ ਲੱਗੇ ਕੁੱਝ ਕੁ ਲਾਲਚੀ ਲੋਕਾਂ ਨੇ ਇਸ ਪਵਿੱਤਰ ਬੋਲੀ ਦੇ ਕੱਪੜੇ ਉਤਾਰਨ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ।

ਨਿਗੁਣੀ ਸੋਚ ਵਾਲੇ ਲੋਕ ਭਾਵੇਂ ਕਿੰਨੇ ਵੀ ਧਨਵਾਨ ਕਿਉਂ ਨਾ ਹੋਣ ਪਰ ਹਮੇਸ਼ਾ ਬੌਣੇ ਹੀ ਰਹਿੰਦੇ ਹਨ ਅਤੇ ਲੋਕ-ਬਾਣੀ ਰਚਣ ਵਾਲੇ ਲੋਕ ਅਮਰ ਹੋ ਜਾਂਦੇ ਹਨ। ਜਿਨ੍ਹਾਂ ਗੀਤਕਾਰਾਂ ਦੇ ਰਚੇ ਹੋਏ ਗੀਤ ਲੋਕਾਂ ਦੇ ਗੀਤ ਬਣ ਕੇ ਪੀੜ੍ਹੀ ਦਰ ਪੀੜ੍ਹੀ ਸਫਰ ਕਰਦੇ ਹਨ, ਉਹ ਮਾਂ-ਬੋਲੀ ਦੇ ਸਪੂਤ ਹੁੰਦੇ ਹਨ। ਅਜਿਹੇ ਪੀੜ੍ਹੀ ਦਰ ਪੀੜ੍ਹੀ ਸਫਰ ਕਰਨ ਵਾਲੇ ਗੀਤਾਂ ਚੋਂ ਇਕ ਧਾਰਮਿਕ ਗੀਤ ਹੈ:

*ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਐ*
*ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਐ*

ਪੰਜਾਬੀ ਦੀ ਧਾਰਮਿਕ ਗਾਇਕੀ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਧ ਪ੍ਰਚੱਲਿਤ ਤੇ ਪੰਜਾਬੀਆਂ ਦਾ ਸਰਬ-ਸਾਂਝਾ ਗੀਤ ਹੈ। ਸਾਰੇ ਜਾਣਦੇ ਹਨ ਕਿ ਇਸ ਗੀਤ ਦੇ ਗੀਤਕਾਰ ਤੇ ਗਾਇਕ ਦਾ ਨਾਮ ਲਾਲ ਚੰਦ ਯਮਲਾ ਜੱਟ ਹੈ। ਲਾਲ ਚੰਦ ਯਮਲਾ ਖ਼ੁਦ ਹੀ ਗੀਤਕਾਰ ਤੇ ਖ਼ੁਦ ਹੀ ਗਾਇਕ ਸੀ। ਉਸਨੇ ਐਸੇ ਗੀਤ ਲਿਖੇ ਜੋ ਅਟੱਲ ਸੱਚਾਈਆਂ ਹਨ। ਇਨ੍ਹਾਂ ਗੀਤਾਂ ਨੂੰ ਸਾਰੇ ਪਰਿਵਾਰ ਵਿੱਚ ਬੈਠ ਕੇ ਸੁਣਿਆ ਜਾਂਦਾ ਹੈ।

ਲਾਲ ਚੰਦ ਦਾ ਜਨਮ ਲਾਇਲਪੁਰ ਜ਼ਿਲ੍ਹੇ ਦੀ ਤਹਿਸੀਲ 'ਟੋਭਾ ਟੇਕ ਸਿੰਘ' ਦੇ ਪਿੰਡ 384 ਇਸਪੁਰ ਵਿੱਚ ਪਿਤਾ ਸ੍ਰੀ ਖੇੜਾ ਰਾਮ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ 1910 ਵਿੱਚ ਹੋਇਆ। ਲਾਲ ਚੰਦ ਦਾ ਪਿਤਾ, ਖੇੜਾ ਰਾਮ ਵੀ ਗਾਉਂਦੇ ਸਨ ਜੋ ਜਵਾਨੀ ਦੀ ਉਮਰੇ ਰਾਸਧਾਰੀਆਂ ਦੀ ਮੰਡਲੀ ਨਾਲ ਨਿੱਕਲ ਗਏ। ਲਾਲ ਚੰਦ ਦੇ ਦਾਦਾ, ਝੰਡਾ ਰਾਮ ਵੀ ਵੰਝਲੀ ਵਜਾਉਂਦੇ ਸਨ। ਪਤੀ ਦੇ ਘਰੋਂ ਚਲੇ ਜਾਣ ਤੋਂ ਬਾਅਦ ਲਾਲ ਚੰਦ ਦੀ ਮਾਤਾ ਉਸ ਨੂੰ ਲੈ ਕੇ ਆਪਣੇ ਪੇਕੇ ਲਾਇਲਪੁਰ ਆ ਗਈ। ਇੱਥੇ ਹੀ ਲਾਲ ਚੰਦ ਦਾ ਪਾਲਣ ਪੋਸ਼ਣ, ਨਾਨਾ ਗੂੜ੍ਹਾ ਰਾਮ ਦੀ ਦੇਖ ਰੇਖ ਹੇਠ ਹੋਇਆ। ਲਾਲ ਚੰਦ ਦਾ ਪਰਿਵਾਰ ਰਾਜਪੂਤ ਬਟਵਾਲ ਬਰਾਦਰੀ 'ਚੋਂ ਸੀ।


ਲਾਲ ਚੰਦ ਯਮਲਾ ਜੱਟ

ਜਿਨ੍ਹਾਂ ਨੂੰ 'ਮਹਾਸ਼ੇ' ਵੀ ਕਿਹਾ ਜਾਂਦਾ ਹੈ। ਉਂਝ ਇਸ ਪਰਿਵਾਰ ਦਾ ਗੋਤ 'ਚੰਝੋਤਰਾ' ਹੈ।

ਲਾਲਾ ਚੰਦ ਦੇ ਨਾਨਾ, ਗੂੜ੍ਹਾ ਰਾਮ ਵੀ ਕਲਾਕਾਰ ਸਨ। ਇਸ ਤੋਂ ਪਤਾ ਲਗਦਾ ਹੈ ਕਿ ਲਾਲ ਚੰਦ ਦੀਆਂ ਰਗਾਂ ਵਿੱਚ ਪਿਉ ਦਾਦੇ ਦੀ ਕਲਾਕਾਰੀ ਵਾਲਾ ਖ਼ੂਨ ਸੀ।

ਲਾਇਲਪੁਰ ਵਿਖੇ ਆਪਣੇ ਨਾਨਕੇ ਘਰ ਲਾਲ ਚੰਦ ਦੀ ਪਰਵਰਿਸ਼ ਹੋਣ ਲੱਗੀ। ਲਾਲ ਚੰਦ ਨੌਂ ਕੁ ਸਾਲ ਦਾ ਸੀ ਤਾਂ ਇਕ ਘਟਨਾ ਵਾਪਰੀ। ਉਹ ਖੇਡਦਾ ਖੇਡਦਾ ਆਪਣੇ ਆਸ-ਪਾਸ ਗਲੀ ਮੁਹੱਲੇ ਘੁੰਮ ਰਿਹਾ ਸੀ। ਉੱਥੇ ਕਿਧਰੇ ਪਾਸ ਹੀ ਇਕ ਵੇਸਵਾ 'ਖੁਰਸ਼ੈਦਾਂ' ਰਹਿੰਦੀ ਸੀ। ਉਸ ਦੀ ਆਵਾਜ਼ ਬਹੁਤ ਸੁਰੀਲੀ ਸੀ। ਘੁੰਮਦੇ-ਘੁਮਾਉਂਦਿਆਂ, 'ਖੁਰਸ਼ੈਦਾਂ' ਦੀ ਆਵਾਜ਼ ਲਾਲ ਚੰਦ ਦੇ ਕੰਨੀ ਪੈ ਗਈ। ਉਹ ਉਸ ਦੀ ਸੁਰੀਲੀ ਆਵਾਜ਼ ਦਾ ਕਾਇਲ ਹੋ ਗਿਆ ਅਤੇ 'ਖੁਰਸ਼ੈਦਾਂ' ਦੇ ਕੋਠੇ ਵੱਲ ਖਿੱਚਿਆ ਗਿਆ। ਵਾਰ-ਵਾਰ ਇਸ ਸੁਰੀਲੀ ਆਵਾਜ਼ ਨੂੰ ਸੁਣਨ ਲਈ ਉਸਦੇ ਕੋਠੇ ਪਾਸ ਘੁੰਮਦਾ ਰਹਿੰਦਾ। ਖੁਰਸ਼ੈਦਾਂ ਦੇ ਕੋਠੇ ਪਾਸ ਹੀ ਇਕ ਬੁੱਢੜੀ ਮਾਈ ਰਹਿੰਦੀ ਸੀ। ਉਹ ਹਰ ਰੋਜ਼ ਲਾਲ ਚੰਦ ਨੂੰ ਜੋ ਹਾਲੇ ਇਕ ਨਿਆਣਾ ਬਾਲ ਹੀ ਸੀ, ਖੁਰਸ਼ੈਦਾਂ ਦੇ ਕੋਠੇ ਦੇ ਚੱਕਰ ਲਾਉਂਦੇ ਨੂੰ ਦੇਖਦੀ। ਇਕ ਦਿਨ ਉਸ ਨੇ ਲਾਲ ਚੰਦ ਨੂੰ ਕੋਲ ਬੁਲਾਇਆ ਅਤੇ ਪੁੱਛਿਆ,

"ਪੁੱਤਰ! ਤੂੰ ਇੱਥੇ ਹਰ ਰੋਜ਼ ਕੀ ਕਰਨ ਆਉਂਦਾ ਏਂ?"

ਲਾਲ ਚੰਦ ਨੇ ਭੋਲੇਪਣ ਵਿੱਚ ਜੁਆਬ ਦਿੱਤਾ,

"ਬੇਬੇ ਜੀ! ਮੈਂ ਇੱਥੇ ਗਾਉਣ ਸੁਣਨ ਆਉਂਦਾ ਹਾਂ। ਮੈਨੂੰ ਇਸ ਗਾਉਣ ਵਾਲੀ ਦੀ ਆਵਾਜ਼ ਬਹੁਤ ਚੰਗੀ ਲੱਗਦੀ ਏ।" ਉਹ ਅੱਗੇ ਬੋਲਿਆ, "ਮੈਂ ਵੀ ਗਾਉਂਦਾ ਵਾਂ, ਮੈਨੂੰ ਵੀ ਗਾਉਣਾ ਚੰਗਾ ਲੱਗਦਾ ਏ।"

ਬੁੱਢੀ ਮਾਈ ਨੇ ਉਸ ਨੂੰ ਗੋਦ 'ਚ ਲੈ ਲਿਆ ਅਤੇ ਲਾਲ ਚੰਦ ਨੇ ਬੁੱਢੜੀ ਬੇਬੇ ਨੂੰ ਮਾਹੀਏ ਦੇ ਟੱਪੇ ਸੁਣਾਏ। ਬੁੱਢੀ ਮਾਈ ਮਾਹੀਏ ਸੁਣ ਕੇ ਬਹੁਤ ਖ਼ੁਸ਼ ਹੋਈ ਅਤੇ ਉਸਨੇ ਲਾਲ ਚੰਦ ਨੂੰ ਦੋ ਰੁਪਏ ਦਿੱਤੇ ਅਤੇ ਨਾਲ ਹੀ ਤਾਕੀਦ ਵੀ ਕੀਤੀ ਕਿ, ਬੇਟਾ ਅੱਜ ਤੋਂ ਬਾਅਦ ਤੂੰ ਇਸ ਮੁਹੱਲੇ ਵਿੱਚ ਨਾ ਆਵੀਂ।

ਭਾਵੇਂ ਕਿ ਲਾਲ ਚੰਦ ਦਾ ਨਾਨਾ ਗੂੜ੍ਹਾ ਰਾਮ ਖੁਦ ਕਲਾਕਾਰ ਬਿਰਤੀ ਦਾ ਮਾਲਕ ਸੀ ਪਰ ਉਹ ਨਹੀਂ ਚਾਹੁੰਦਾ ਸੀ ਕਿ ਉਸਦਾ ਦੋਹਤਾ ਵੀ ਇਸ ਪਾਸੇ ਜਾਵੇ ਕਿਉਂਕਿ ਲਾਲ ਚੰਦ ਦਾ ਪਿਤਾ ਭਰ ਜੁਆਨੀ ਵਿੱਚ ਹੀ ਇਸੇ ਸ਼ੌਕ ਕਾਰਨ ਰਾਸਧਾਰੀਆਂ ਦੀ ਮੰਡਲੀ ਨਾਲ ਜਾ ਰਲਿਆ ਸੀ ਅਤੇ ਪਿੱਛੋਂ ਲਾਲ ਚੰਦ ਦੀ ਮਾਂ ਦੀ ਜ਼ਿੰਦਗੀ ਦੁਸ਼ਾਵਰ ਹੋ ਗਈ ਸੀ। ਪਰ ਦਰਿਆਵਾਂ ਦੇ ਵਹਿਣ ਕਦੇ ਮੋੜਿਆਂ ਨਹੀਂ ਮੁੜਦੇ। ਲਾਲ ਚੰਦ ਦੀ ਰੁਚੀ ਇਸ ਪਾਸੇ ਵੱਧਦੀ ਹੀ ਗਈ।

ਅਠਾਰਾਂ ਕੁ ਸਾਲ ਦੀ ਉਮਰ ਵਿੱਚ ਲਾਲ ਚੰਦ 'ਸੁਦਕਾਂ ਦੇ ਨੰਗਲ ਸਿਆਲਕੋਟ' ਦੇ ਪੰਡਿਤ ਸਾਹਿਬ ਦਿਆਲ ਦੇ ਚਰਨੀਂ ਜਾ ਲੱਗਾ। ਪੰਡਿਤ ਸਾਹਿਬ ਦਿਆਲ ਨਾਲ ਉਸ ਦਾ ਮੇਲ ਉਸਦੇ ਮਾਸੜ ਜ਼ਰੀਏ ਹੋਇਆ। ਪੰਡਿਤ ਸਾਹਿਬ ਦਿਆਲ ਦੇ ਚਰਨੀਂ ਲੱਗ ਕੇ ਉਸਨੇ ਢੋਲਕ, ਥਾਲੀ, ਅਲਗੋਜ਼ੇ, ਢੱਡ ਸਾਰੰਗੀ ਵਜਾਉਣੇ ਸਿੱਖੇ ਤੇ ਨਾਲ ਨਾਲ ਪ੍ਰਾਪੰਰਿਕ ਗੀਤ ਢੋਲੇ ਮਾਹੀਏ ਤੇ ਕਿੱਸੇ ਵੀ ਗਾਉਣ ਲੱਗ ਪਿਆ।

ਉਂਝ ਪੰਡਿਤ ਸਾਹਿਬ ਦਿਆਲ ਤੋਂ ਪਹਿਲਾਂ ਲਾਲ ਚੰਦ ਨੇ ਚੱਕ ਨੰਬਰ 224 ਲਾਇਲਪੁਰ ਦੇ 'ਚੌਧਰੀ ਮਜੀਦ' ਤੋਂ ਵੀ ਸਿੱਖਿਆ ਲਈ ਪਰ ਗਾਇਕੀ ਦੇ ਮਾਮਲੇ 'ਚ ਉਸਨੇ ਸਾਹਿਬ ਦਿਆਲ ਜੀ ਨਾਲ ਹੀ ਉਸਤਾਦੀ-ਸ਼ਾਗਿਰਦੀ ਕੀਤੀ।

1930 ਵਿੱਚ ਚੱਕ ਨੰਬਰ 42 ਮੁਲਤਾਨ ਦੇ ਸ਼੍ਰੀ ਕੇਸਰ ਚੰਦ ਦੀ ਬੇਟੀ ਰਾਮ ਰੱਖੀ, ਲਾਲ ਚੰਦ ਦੀ ਜੀਵਨ ਸਾਥਣ ਬਣੀ। ਇਸ ਤਰ੍ਹਾਂ ਧੀਮੀ ਧੀਮੀ ਚਾਲ ਜ਼ਿੰਦਗੀ ਦੀ ਗੱਡੀ ਤੁਰਨ ਲੱਗੀ।

1947 ਦੀ ਵੰਡ ਭਾਵੇਂ ਦੇਸ਼ ਦੀ ਆਜ਼ਾਦੀ ਦਾ ਵਰ੍ਹਾ ਸੀ, ਪਰ ਇਸ ਵਰ੍ਹੇ ਸਭ ਤੋਂ ਵੱਧ ਨੁਕਸਾਨ ਪੰਜਾਬ ਤੇ ਪੰਜਾਬੀਆਂ ਦਾ ਹੋਇਆ। ਪਰਲੇ ਪਾਸਿਓਂ ਉੱਜੜ ਕੇ ਲਾਲ ਚੰਦ ਪਰਿਵਾਰ ਸਮੇਤ ਇੱਧਰ ਆ ਗਿਆ। ਵਕਤ ਦੀਆਂ ਠੋਕਰਾਂ ਖਾਂਦਾ ਲਾਲ ਚੰਦ ਲੁਧਿਆਣੇ ਪਹੁੰਚ ਗਿਆ। ਉਸ ਵੇਲੇ ਉਹਦੀ ਉਮਰ 37 ਕੁ ਵਰ੍ਹੇ ਸੀ ਤੇ ਖਿਆਲ ਰਹੇ ਉਸ ਵੇਲੇ ਤੱਕ ਉਹ ਸਿਰਫ ਲਾਲ ਚੰਦ ਹੀ ਸੀ, ਯਮਲਾ ਜੱਟ ਨਹੀਂ।

ਲੁਧਿਆਣੇ ਆ ਕੇ ਸਬੱਬੀਂ ਲਾਲ ਚੰਦ ਦਾ ਮੇਲ, ਕਵੀ ਰਾਮ ਨਰੈਣ ਦਰਦੀ ਨਾਲ ਹੋ ਗਿਆ। ਲਾਲ ਚੰਦ ਨੇ ਦਰਦੀ ਸਾਹਿਬ ਨੂੰ ਆਪਣੀ ਵਿੱਥਿਆ ਸੁਣਾਈ ਕਿ ਉਹ ਪਾਕਿਸਤਾਨੋਂ ਉੱਜੜ ਕੇ ਆਇਆ ਹੈ ਅਤੇ ਨਾਲ ਹੀ ਕੋਈ ਛੋਟਾ-ਮੋਟਾ ਕੰਮ ਲੱਭ ਕੇ ਦੇਣ ਦੀ ਅਰਜੋਈ ਕੀਤੀ।

ਕੋਮਲ ਦਿਲ ਕਵੀ ਰਾਮ ਨਰੈਣ ਦਰਦੀ ਨੂੰ ਲਾਲ ਚੰਦ ਤੇ ਤਰਸ ਆਇਆ ਤੇ ਉਸਨੇ ਆਪਣੇ ਬਾਗ ਵਿੱਚ ਲਾਲ ਚੰਦ ਨੂੰ ਝੁੱਗੀ ਪਾ ਕੇ ਦੇ ਦਿੱਤੀ। ਇਸ ਤਰ੍ਹਾਂ ਲਾਲ ਚੰਦ ਦੇ ਪਰਿਵਾਰ ਨੂੰ ਸਿਰ ਢੱਕਣ ਲਈ ਜਗ੍ਹਾ ਮਿਲ ਗਈ ਤੇ ਲਾਲ ਚੰਦ ਬਾਗ ਵਿੱਚ ਮਾਲੀ ਦੀ ਜ਼ਿੰਮੇਵਾਰੀ ਨਿਭਾਉਣ ਲੱਗ ਪਿਆ। ਸਵੇਰੇ ਉੱਠ ਕੇ ਬਾਗ 'ਚੋਂ ਫੁੱਲ ਤੋੜਦਾ, ਹਾਰ ਪਰੋਂਦਾ ਤੇ ਟੋਕਰਾ ਭਰ ਕੇ ਚੌੜੇ ਬਾਜ਼ਾਰ ਵੇਚਣ ਜਾਂਦਾ। ਫੇਰ ਆ ਕੇ ਖੂਹ ਜੋੜਦਾ, ਪੌਦਿਆਂ ਨੂੰ ਪਾਣੀ ਲਾਉਂਦਾ। ਇਸ ਤਰ੍ਹਾਂ ਉਸਦੇ ਪਰਿਵਾਰ ਦਾ ਗੁਜ਼ਾਰਾ ਚੱਲਣ ਲੱਗ ਪਿਆ।

ਇਕ ਦਿਨ ਲਾਲ ਚੰਦ ਕੁੱਲੀ 'ਚ ਬੈਠਾ ਰਾਤ ਨੂੰ ਗਾ ਰਿਹਾ ਸੀ ਅਤੇ ਬਹੁਤ ਹੀ ਸੁਰੀਲਾ ਸਾਰੰਗਾ ਵਜਾ ਰਿਹਾ ਸੀ। ਕੁਦਰਤੋਂ ਉਸ ਵੇਲੇ ਦਰਦੀ ਸਾਹਿਬ ਦੇ ਬੇਟੇ ਦੇ ਕੰਨੀਂ ਉਸਦੀ ਆਵਾਜ਼ ਪੈ ਗਈ। ਬੇਟੇ ਨੇ ਆਪਣੇ ਪਿਤਾ ਨੂੰ ਦੱਸਿਆ ਕਿ ਪਿਤਾ ਜੀ, ਆਪਣਾ ਮਾਲੀ ਬਹੁਤ ਸੁਰੀਲਾ ਗਾਉਂਦਾ ਹੈ ਅਤੇ ਬਹੁਤ ਅੱਛਾ ਸਾਜ ਵਜਾਉਂਦਾ ਹੈ। ਦਰਦੀ ਸਾਹਿਬ ਨੇ ਪੁੱਤਰ ਦੀ ਗੱਲ ਸੁਣ ਕੇ ਲਾਲ ਚੰਦ ਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਤੋਂ ਗਾਉਣ ਸੁਣਿਆ। ਦਰਦੀ ਸਾਹਿਬ ਲਾਲ ਚੰਦ ਦੀ ਆਵਾਜ਼ ਅਤੇ ਸਾਜ਼ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਇਸ ਤੋਂ ਬਾਅਦ ਉਹ ਲਾਲ ਚੰਦ ਨੂੰ ਆਪਣੇ ਨਾਲ ਕਵੀ ਦਰਬਾਰਾਂ ਵਿੱਚ ਲਿਜਾਣ ਲੱਗ ਪਏ। ਉੱਥੇ ਲਾਲ ਚੰਦ ਇਕ-ਦੋ ਪ੍ਰਾਪੰਰਿਕ ਗੀਤ ਗਾ ਦਿੰਦਾ। ਇਸ ਤਰ੍ਹਾਂ ਉਸ ਨੂੰ ਚਾਰ ਛਿੱਲੜ ਬਣ ਜਾਂਦੇ। ਇਸ ਨਾਲ ਉਹਦਾ ਗੁਜ਼ਾਰਾ ਹੋਰ ਸੁਖਾਵਾਂ ਹੋ ਗਿਆ।

ਇੱਥੇ ਹੀ ਕਿਸੇ ਕਵੀ ਦਰਬਾਰ ਵਿੱਚ ਲਾਲ ਚੰਦ ਨੂੰ ਪ੍ਰਸਿੱਧ ਕਵੀ, ਲਾਲਾ ਸੁੰਦਰ ਦਾਸ ਆਸੀ (ਜੋ ਲਾਲਾ ਧਨੀ ਰਾਮ ਚਾਤ੍ਰਿਕ ਜੀ ਦੇ ਸ਼ਾਗਿਰਦ ਸਨ) ਨੇ ਸੁਣ ਲਿਆ। ਆਸੀ ਕੋਲ ਨਵੇਂ ਮੁੰਡੇ ਸਿੱਖਣ ਲਈ ਆਉਂਦੇ ਸਨ। ਆਸੀ ਜੀ ਨੇ ਲਾਲ ਚੰਦ ਨੂੰ ਕਿਹਾ ਜਦੋਂ ਵਕਤ ਮਿਲੇ ਤੂੰ ਵੀ ਇਹਨਾਂ ਮੁੰਡਿਆਂ ਨਾਲ ਮੇਰੇ ਕੋਲ ਆਇਆ ਕਰ। ਲਾਲ ਚੰਦ ਉੱਥੇ ਜਾਣ ਲੱਗ ਪਿਆ। ਪਰ ਉਹ ਕੋਰਾ ਅਨਪੜ੍ਹ ਸੀ। ਬਾਕੀ ਦੇ ਮੁੰਡੇ ਤਾਂ ਗੁਰੂ ਜੀ ਦੁਆਰਾ ਦਿੱਤੇ ਗੁਰ ਲਿਖ ਕੇ ਯਾਦ ਕਰ ਲੈਂਦੇ ਪਰ ਲਾਲ ਚੰਦ ਏਨੇ ਜੋਗਾ ਨਹੀਂ ਸੀ। 'ਆਸੀ' ਜੀ ਉਹਨੂੰ ਕਹਿੰਦੇ,

"ਤੂੰ ਤਾਂ 'ਯਮਲਾ' ਈ ਐਂ।"

ਬੱਸ ਇਸੇ ਦਿਨ ਤੋਂ ਉਹ 'ਲਾਲ ਚੰਦ ਯਮਲਾ ਜੱਟ' ਬਣ ਗਿਆ। ਆਸੀ ਜੀ ਨੇ ਉਸਦੀ ਕਾਫੀ ਮੱਦਦ ਕੀਤੀ। ਆਸੀ ਜੀ ਤੋਂ ਸਿੱਖ ਕੇ ਲਾਲ ਚੰਦ ਗੀਤ ਜੋੜਨ ਲੱਗ ਪਿਆ।

ਇਸ ਤਰ੍ਹਾਂ ਗੀਤਕਾਰੀ ਵਿੱਚ ਉਸਤਾਦ 'ਲਾਲਾ ਸੁੰਦਰ ਦਾਸ ਆਸੀ' ਦੇ ਲੜ ਲੱਗ ਕੇ ਲਾਲ ਚੰਦ ਨੇ ਯਮਲੇ ਜੱਟ ਦਾ ਰੁਤਬਾ ਵੀ ਪਾਇਆ ਤੇ ਸੋਲਾਂ ਕਲਾਂ ਸੰਪੂਰਨ ਕਲਾਕਾਰ ਵੀ ਬਣ ਗਿਆ। ਕਿਉਂਕਿ ਉਹ ਪਰਪੱਕ ਸਾਜ਼ਿੰਦਾ ਤਾਂ ਹੈ ਹੀ ਸੀ ਅਤੇ ਗਲਾ ਵੀ ਸੁਰੀਲਾ ਸੀ। ਉੱਪਰੋਂ ਗੀਤਕਾਰੀ ਵੀ ਸਿੱਖ ਗਿਆ।

ਆਕਾਸ਼ਬਾਣੀ ਰੇਡੀਓ 'ਤੇ ਉਸਦੇ ਗੀਤ ਰਿਕਾਰਡ ਹੋਏ ਤੇ ਦੋ ਵਰ੍ਹਿਆਂ ਵਿੱਚ ਉਸਦੀ ਚਰਚਾ ਹੋਣ ਲੱਗ ਪਈ। ਸ਼ੁਰੂ-ਸ਼ੁਰੂ ਵਿੱਚ ਯਮਲਾ ਜੀ ਦੀਆਂ ਰਿਕਾਰਡਿੰਗਾ ਅਲਗੋਜ਼ਿਆਂ ਨਾਲ ਹੋਈਆਂ।

1952 ਵਿੱਚ ਯਮਲਾ ਜੀ ਦਾ ਗੀਤ ਐਚ. ਐਮ. ਵੀ. ਕੰਪਨੀ ਦੇ ਰਿਕਾਰਡ ਵਿੱਚ ਰਿਕਾਰਡ ਹੋ ਗਿਆ ਜੋ 'ਸੋਹਣੀ ਮਹੀਂਵਾਲ' ਸੀ:

*ਮੈਨੂੰ ਲੈ ਚੱਲ ਨਦੀਓਂ ਪਾਰ*
*ਘੜੇ ਦੇ ਅੱਗੇ ਹੱਥ ਜੋੜਦੀ*

ਯਮਲਾ ਜੀ ਨੇ ਆਪਣੀਆਂ ਰਿਕਾਰਡਿੰਗਾਂ ਵਿੱਚ ਸਾਰੇ ਲੋਕ ਸਾਜ਼ਾਂ ਦੀ ਹੀ ਵਰਤੋਂ ਕੀਤੀ ਹੈ। ਅਲਗੋਜੇ, ਢੱਡ ਸਾਰੰਗੀ, ਸਰੰਦਾ ਤੇ ਚਕਾਰਾ ਯਮਲਾ ਜੀ ਖ਼ੁਦ ਵਜਾਉਂਦੇ ਸਨ। ਸਾਧਾਂ ਦੇ ਸਾਜ਼ ਵੱਡੇ ਤੂੰਬੇ ਨੂੰ ਯਮਲਾ ਜੀ ਨੇ ਨਵਾਂ ਰੂਪ ਦੇ ਕੇ ਉਸਦੀ ਛੋਟੀ ਤੂੰਬੀ ਬਣਾਈ। ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਦੇ ਦਿਲਾਂ ਤੇ ਰਾਜ ਕਰਦੀ ਤੂੰਬੀ ਯਮਲਾ ਜੀ ਦੀ ਹੀ ਕਾਢ ਹੈ। ਜਿਸ 'ਚੋਂ ਸੱਤ ਸੁਰਾਂ ਦੀ ਛਹਿਬਰ ਲਗਦੀ ਐ। ਤੂੰਬੀ ਸੱਤ ਸਮੁੰਦਰਾਂ ਦੇ ਮੋਤੀ ਹੰਗਾਲ ਕੇ ਲੈ ਆਉਂਦੀ ਤੇ ਇਸੇ ਤੂੰਬੀ ਨਾਲ ਪੰਜਾਬੀਆ ਦੇ ਦਿਲ ਧੜਕਦੇ।

ਯਮਲਾ ਜੀ ਨੇ ਕਈ ਦੋ-ਗਾਣੇ ਵੀ ਲਿਖੇ ਜੋ ਉਹਨਾਂ ਦੀ ਸਹਿ ਗਾਇਕਾ ਮਹਿੰਦਰਜੀਤ ਸੇਖੋਂ ਨਾਲ ਰਿਕਾਰਡ ਹੋਏ। ਆਹ ਦੋ-ਗਾਣੇ ਦੀ ਇੱਕ ਵੰਨਗੀ ਦੇਖੋ:

*ਕੁੜੀ- ਜਿੰਦ ਪੈ ਗਈ ਗਮਾਂ ਦੇ ਵਿੱਚ ਸੌੜੀ,*
*ਵੇ ਆ ਕਿਤੇ ਤੁਰ ਚੱਲੀਏ*
*ਮੁੰਡਿਆ ਸਾਧੋ, ਵੇ ਆ ਕਿਤੇ ਤੁਰ ਚੱਲੀਏ...*
*ਮੁੰਡਾ- ਚੋਰੀ ਨਿਕਲੇ ਤੇ ਹੋ ਜੂ ਬਦਨਾਮੀ, ਨੀ ਆ ਘਰ ਮੁੜ ਚੱਲੀਏ*
*ਕੁੜੀਏ ਜੈਨਾ, ਨੀ ਆ ਘਰ ਮੁੜ ਚੱਲੀਏ...*
*ਕੁੜੀ- ਮੇਰੀ ਆਸਾਂ ਦੀ ਨਿੱਕੀ ਜਹੀ ਬਗੀਚੀ,*
*ਵੇ ਸਿੱਕ ਸਿੱਕ ਸੁੱਕ ਜਾਊਗੀ*
*ਮੁੰਡਿਆ ਸਾਧੋ, ਵੇ ਸਿੱਕ ਸਿੱਕ ਸੁੱਕ ਜਾਊਗੀ...*
*ਮੁੰਡਾ- ਸੱਚੇ ਰੱਬ ਨੇ ਜੇ ਮੇਲ ਮਿਲਾਇਆ,*
*ਜੁਦਾਈ ਸਾਰੀ ਮੁੱਕ ਜਾਊਗੀ*
*ਕੁੜੀਏ ਜੈਨਾ, ਜੁਦਾਈ ਸਾਰੀ ਮੁੱਕ ਜਾਊਗੀ...*

ਯਮਲਾ ਜੱਟ ਜੀ ਦਾ ਅਧਿਆਤਮਕਤਾ ਦੇ ਪੱਧਰ ਨੂੰ ਛੂੰਹਦੇ ਇਕ ਸਦਾ-ਬਹਾਰ ਦੋਗਾਣੇ ਦਾ ਜ਼ਿਕਰ ਜ਼ਰੂਰੀ ਹੋ ਜਾਂਦਾ ਹੈ, ਕਿਉਂ ਜੋ ਪੰਜਾਬੀ ਦੋਗਾਣੇ ਦੇ ਇਤਿਹਾਸ ਵਿੱਚ ਇਸ ਪੱਧਰ ਦੇ ਦੋਗਾਣੇ ਘੱਟ ਹੀ ਦੇਖਣ ਨੂੰ ਮਿਲਦੇ ਹਨ:

*ਮੁੰਡਾ- ਜਗਤੇ ਨੂੰ ਛੱਡ ਕੇ ਤੂੰ ਭਗਤੇ ਨੂੰ ਕਰ ਲੈ*
*ਜਿਨ ਤੇਰਾ ਹੋਣਾ ਏ ਸਹਾਈ*
*ਨੀ ਜਿੰਦੀਏ ਜਿਨ ਤੇਰਾ ਹੋਣਾ ਏ ਸਹਾਈ...*
*ਕੁੜੀ- ਜਗਤੇ ਦੇ ਵੱਸ ਕੇ ਬਥੇਰਾ ਚਿਰ ਦੇਖਿਆ*
*ਭਗਤੇ ਦੀ ਕੀ ਐ ਰੁਸ਼ਨਾਈ*
*ਵੇ ਜੋਗੀਆ ਭਗਤੇ ਦੀ ਕੀ ਐ ਰੁਸ਼ਨਾਈ...*

ਵੇਖੋ! ਗੱਲ ਸੰਕੇਤਕ ਵੀ ਹੋ ਗਈ ਤੇ ਲੋਕ-ਮਨਾਂ ਨੂੰ ਸਿੱਧੇ ਤਰੀਕੇ ਛੂਹ ਵੀ ਗਈ। ਰੱਬ ਦੀ ਮਹਿਮਾ ਵਾਲੇ ਭਾਵ ਨੂੰ ਬੜੇ ਸਲੀਕੇ ਅਤੇ ਅੰਦਾਜ਼ ਨਾਲ ਯਮਲਾ ਜੀ ਇਸ ਤਰ੍ਹਾਂ ਕਹਿ ਗਏ, ਜਿਵੇਂ ਪਹਿਲਾਂ ਕਿਸੇ ਨੇ 'ਮੁੱਖ ਧਾਰਾ' ਦੇ ਗੀਤਾਂ ਵਿੱਚ ਨਹੀਂ ਕਿਹਾ ਸੀ। ਗੀਤਕਾਰ ਦੀ ਇਹੀ ਵਡਿਆਈ ਹੁੰਦੀ ਏ।

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ



ਅੱਜ ਦਾ ਵਿਚਾਰ ਜੱਗ ਬੀਤੀ,ਹੱਡ ਬੀਤੀ। ਲਚਕਦਾਰ ਧਰਮ, ਫਲਸਫੇ ਹੀ ਦੁਨੀਆਂ ਵਿੱਚ ਤਰੱਕੀ ਕਰਦੇ ਹਨ। ਗੱਲ ਵੀਹ ਸਾਲ ਪੁਰਾਣੀ ਹੈ ਮੇਰੇ ਕੋਲ ਹਿੰਦੋਸਤਾਨ ਤੋਂ ਇੱਕ ਦੋਸਤ ਆਇਆ ਜੋ ਸਾਬਤ ਸਬੂਤ ਦਸਤਾਰ ਧਾਰੀ ਸਿੱਖ ਸੀ। ਮੈ ਉਸ ਨੂੰ ਜਰਮਨ ਦੇ ਸ਼ਹਿਰ ਮਿਉਨਸਟਰ ਵਿਖੇ ਸ਼ਹਿਰ ਦੇ ਸੱਭ ਤੋਂ ਪੁਰਾਣੇ ਤੇ ਖ਼ੂਬਸੂਰਤ ਕੈਥੋਲਿਕ ਗਿਰਜੇ ਲੈ ਗਿਆ। ਜਦੋ ਅਸੀ ਗਿਰਜੇ ਅੰਦਰ ਜਾਣ ਲੱਗੇ ਤਾਂ ਦਰਵਾਜ਼ੇ ਵਿੱਚ ਖੜੇ ਇੱਕ ਪਾਦਰੀ ਨੇ ਸਾਨੂੰ ਰੋਕ ਲਿਆ ਤੇ ਕਿਹਾਂ ਜੇ ਤੁਸੀ ਗਿਰਜਾ ਵੇਖਣਾ ਹੈ ਤਾਂ ਤੁਹਾਨੂੰ ਪੱਗੜੀ ਉਤਾਰਨੀ ਪਵੇਗੀ ਮੈ ਕਿਹਾ, ਜੀ..ਇਹ ਭਾਈ ਸਾਹਿਬ ਸਿੱਖ ਹਨ ਇਹ ਪੰਜਾਬ ਤੋਂ ਆਏ ਹਨ ਇਹ ਗਿਰਜਾ ਵੇਖਣ, ਸਿੱਖ ਪੱਗੜੀ ਪਬਲਿਕ ਤੌਰ ਤੇ ਕਿਤੇ ਵੀ ਨਹੀ ਉਤਾਰ ਸਕਦੇ,ਪੱਗੜੀ ਸਿੱਖਾਂ ਲਈ ਇੱਜਤ ਮਾਨ ਤੇ ਸਤਕਾਰ ਦੀ ਪ੍ਰਤੀਕ ਹੈ ਪਾਦਰੀ ਨੇ ਦਲੀਲ ਦਿੱਤੀ ਕੈਥੋਲਿਕ ਚਰਚ ਵਿੱਚ ਕੋਈ ਵੀ ਸਿਰ ਤੇ ਕੋਈ ਹੈਟ,ਟੋਪੀ,ਜਾ ਕੋਈ ਟਰਬਨ ਸਜਾ ਕੇ ਅੰਦਰ ਨਹੀ ਜਾ ਸਕਦਾ। ਇਹ ਸਾਡੀ ਟਰਡੀਸ਼ਨ ਹੈ, ਕਿਉਂਕੀ ਭਗਵਾਨ ਜੀਸਸ ਨੇ ਕੰਡਿਆ ਦਾ ਤਾਜ ਪਹਿਨਿਆਂ ਸੀ ਸਾਡੇ ਵਾਸਤੇ... ਇਸ ਕਰਕੇ ਇੱਜਤ ਵਜੋਂ ਅਸੀਂ ਜਦੋ ਗਿਰਜ਼ੇ ਵਿੱਚ ਉਸ ਦੇ ਸਨਮੁੱਖ ਹੁੰਦੇ ਹਾ ਤਾਂ ਨੰਗੇ ਸਿਰ ਹੁੰਦੇ ਹਾਂ, ਭਗਵਾਨ ਨੂੰ ਇੱਜ਼ਤ ਦੇਣ ਵਾਸਤੇ ਪਾਦਰੀ ਨੇ ਆਪਣੀ ਟਰਡੀਸਨ ਸੁਣਾ ਡੱਕੇ ਭੰਨ ਦਿੱਤੇ। ਗੱਲ ਅੱੜ ਗਈ। ਅੱਧਾ ਘੰਟਾ ਅਸੀਂ ਬਹਿਸਦੇ ਰਹੇ ਤੇ ਗਿਰਜਾ ਵੇਖਣ ਲਈ ਮੇਰਾ ਦੋਸਤ ਪੱਗੜੀ ਉਤਾਰਣ ਲਈ ਕਿਸੇ ਵੀ ਕੀਮਤ ਤੇ ਤਿਆਰ ਨਹੀ ਸੀ ਤੇ ਨਾ ਹੀ ਮੈਂ। ਸੋ ਫੈਸਲਾਂ ਹੋਇਆ ਇਸ ਸ਼ਰਤ ਤੇ ਗਿਰਜਾ ਨਾ ਹੀ ਵੇਖਿਆ ਜਾਵੇ ਅਸੀਂ ਵਾਪਸ ਚੱਲ ਪਏ। ਅਸੀ ਅਜੇ ਥੋੜੀ ਹੀ ਦੂਰ ਗਏ ਸਾਂ ਉਸ ਪਾਦਰੀ ਨੇ ਭੱਜ ਕੇ ਸਾਡੇ ਨਾਲ ਰੱਲ੍ਹ ਕੇ ਕਿਹਾ ਪਿਆਰੇ ਮਿੱਤਰੋ ਮੈਨੂੰ ਅਫਸੋਸ ਹੈ ਤੁਸੀਂ ਐਡੀ ਦੂਰੋਂ ਚੱਲ ਕੇ ਸਾਡਾ ਗਿਰਜਾ ਵੇਖਣ ਆਏ ਤੇ ਬਗੈਰ ਵੇਖੇ ਵਾਪਸ ਜਾ ਰਹੇ ਹੋ, ਸਾਡੇ ਵਿੱਚੋਂ ਕਿਸੇ ਨੂੰ ਤਾ ਬਦਲਣਾ ਪੈਣਾ ਹੈ ਅੱਜ ਦੇ ਯੁੱਗ ਵਿੱਚ। ਅੱਜ ਤੋਂ ਬਾਦ ਮੈਂ ਬਦਲਦਾ ਹਾਂ ਤੁਸੀਂ ਪੱਗੜੀ ਸਮੇਤ ਗਿਰਜਾ ਵੇਖ ਸਕਦੇ ਹੋ ਤੇ ਅਸੀਂ ਰੂਹ ਨਾਲ ਗਿਰਜਾ ਵੇਖਿਆ। ਨੋਟ; ਇਹ ਕੌਤਕ ਜਰਮਨੀ ਦੇ ਮਿਉਂਸਟਰ ਸ਼ਹਿਰ ਦੇ ਇਸੇ ਤਸਵੀਰ ਵਾਲੇ ਗਿਰਜੇ ਵਿੱਚ ਵਾਪਰਿਆ ਸੀ। ਤਸਵੀਰ ਦੋ ਹਫ਼ਤੇ ਪਹਿਲਾਂ ਦੀ ਹੈ ਤੇ ਘਟਨਾ ਯਾਦ ਆ ਗਈ।

**ਜੋਗਿੰਦਰ ਬਾਠ ਹੌਲੈਂਡ।**




# ਛਾਵੇਂ ਪਲ਼ਦੀਆਂ ਧੁੱਪਾਂ

ਕੈਨੇਡਾ ਦੀ ਕੁੱਲ ਆਬਾਦੀ ਦਾ ਕੇਵਲ ਇਕ ਫੀ ਸਦੀ ਹਿੱਸਾ ਪੰਜਾਬੀ ਭਾਈਚਾਰਾ ਹੈ। ਸਾਡੇ ਸਾਂਝੇ ਪਰਿਵਾਰ ਦੀ ਮਿਸਾਲ ਹੋਰਨਾਂ ਨੂੰ ਵੀ ਸੁਖਦ ਲਗਦੀ ਹੋਵੇਗੀ। ਧਰਤੀ ਨਾਲ਼ ਜੁੜੇ ਹੋਣ ਕਾਰਨ ਸਾਡੀਆਂ ਆਪਸੀ ਸਾਂਝਾਂ ਖੱਬਲ਼ ਦੀਆਂ ਤਿੜਾਂ ਵਾਂਗ ਇਕ ਦੂਜੇ ਨਾਲ਼ ਜੁੜੀਆਂ ਹੋਈਆਂ ਹਨ। ਸਥਾਪਤੀ ਆਪਣੇ ਨਫ਼ੇ-ਨੁਕਸਾਨ ਨਾਲ਼ ਹੀ ਨਿਭਦੀ ਹੈ ਪਰ ਸਿਆਣੇ ਆਖਦੇ ਰਹੇ ਹਨ ਕਿ ਸਾਂਝ ਦੀ ਕੋਈ ਰੀਸ ਨਹੀਂ। ਬੰਨ੍ਹਿਆਂ ਬਹੁਕਰ ਹੀ ਗ੍ਰਹਿਸਥੀ ਦੇ ਭਵਜਲ ਨੂੰ ਹੂੰਝਦਾ ਹੈ। ਇਨ੍ਹਾਂ ਮੁਲਕਾਂ ਵਿਚ ਦੰਪਤੀ ਜੀਵਨ ਆਰਥਿਕ ਦੌੜ ਦਾ ਹਿੱਸਾ ਹੋਣ ਕਾਰਨ ਘਰ ਲਈ ਕੋਈ ਆਸਰਾ, ਕੋਈ ਥੰਮ੍ਹੀਂ ਜਾਂ ਕੋਈ ਹੁੰਗਾਰਾ ਜ਼ਰੂਰ ਭਾਲ਼ਦਾ ਹੈ। ਇਸੇ ਲਈ ਬੇਬੀ-ਸਿਟਰ ਦੀ ਭੂਮਿਕਾ ਨਿਭਾਉਂਦੇ ਬਜ਼ੁਰਗ ਆਪਣੇ ਹਿੱਸੇ ਦਾ ਯੋਗਦਾਨ ਪਾ ਰਹੇ ਹਨ। ਬੱਚੇ ਦੀ ਜ਼ਿੰਦਗੀ ਦਾ ਅਹਿਮ ਪੜਾਅ ਇਨ੍ਹਾਂ ਬੁੱਕਲ਼ਾਂ ਵਿਚ ਉਸਰਦਾ ਹੈ। ਬੱਚਾ ਨਿੱਘ, ਮੋਹ ਅਤੇ ਅਪਣੱਤ ਦੀ ਮੰਗ ਕਰਦਾ ਹੈ। ਬਜ਼ੁਰਗਾਂ ਅੰਦਰ ਇਸ ਦਾ ਸ਼ੂਕਦਾ ਦਰਿਆ ਵਗਦਾ ਹੈ। ਉਨ੍ਹਾਂ ਨੂੰ ਮੂਲ ਨਾਲ਼ੋਂ ਵਿਆਜ ਪਿਆਰਾ ਲਗਦਾ ਹੈ। ਆਪਣੇ ਬੱਚੇ ਪਾਲਣ ਵੇਲ਼ੇ ਤਾਂ ਇਹ ਵਿਹਲ ਹੀ ਨਹੀਂ ਹੁੰਦੀ ਕਿ ਬੱਚੇ ਦੇ ਨਿੱਕੇ-ਨਿੱਕੇ ਵੇਰਵੇ ਨੀਝ ਲਾ ਕੇ ਵੇਖ ਸਕਣ।

ਇਕ ਰੁੜ੍ਹਦਾ ਬੱਚਾ ਜਦ ਰਾਹ ਵਿਚ ਪਈ ਕੰਕਰ ਨੂੰ ਮੂੰਹ ਤਕ ਲਿਜਾਂਦਾ ਹੈ ਤਾਂ ਬਜ਼ੁਰਗਾਂ ਦੀ ਉਸ ਤਕ ਦੌੜ ਲਗਦੀ ਹੈ। ਇਹੋ ਜਿਹੇ ਕਈ ਪਲ ਉਨ੍ਹਾਂ ਦੀ ਵਰਜਿਸ਼ ਬਣਦੇ ਹਨ, ਦੇਹੀ ਦੀਆਂ ਘਸੀਆਂ ਚੂਲ਼ਾਂ ਥਾਂ-ਸਿਰ ਹੁੰਦੀਆਂ ਹਨ। ਉਹ ਬੱਚੇ ਦੀਆਂ ਆਲ਼ੀਆਂ ਭੋਲ਼ੀਆਂ ਤੋਤਲੀਆਂ ਗੱਲਾਂ ਦਾ ਹੁੰਗਾਰਾ ਭਰਦੇ, ਉਨ੍ਹਾਂ ਨੂੰ ਦੁਲਾਰਦੇ, ਪਿਆਰਦੇ, ਨਿਹਾਰਦੇ ਵਾਰੇ ਵਾਰੇ ਜਾਣ ਨੂੰ ਤਿਆਰ ਹੁੰਦੇ ਹਨ। ਬੱਚੇ ਉਸ ਸਮੇਂ ਬਜ਼ੁਰਗਾਂ ਦੇ ਸੀਨੇ ਨਾਲ਼ ਲੱਗ ਕੇ ਕਾਲ਼ਜਾ ਠਾਰਦੇ ਹਨ। ਇਉਂ ਦੋਵੇਂ ਧਿਰਾਂ ਇਕ ਦੂਜੀ ਦੇ ਨੇੜੇ ਬੱਝੀਆਂ ਹੁੰਦੀਆਂ ਹਨ। ਪਰ ਇਹ ਵਕਤ ਪਲਕ ਝਪਕਦਿਆਂ ਹੀ ਟੱਪ ਜਾਂਦਾ ਹੈ। ਜਿੰਨਾਂ ਥਿੜਕਦੇ ਕਦਮਾਂ ਨੂੰ ਜ਼ਿੰਦਗੀ ਦੀ ਪਗਡੰਡੀ ਤੇ ਤੁਰਨਯੋਗ ਬਣਾਇਆ ਹੁੰਦਾ ਹੈ, ਉਹ ਇੱਥੋਂ ਦੀ ਹਵਾ ਵਿਚ ਸਾਹ ਲੈਂਦੇ ਦੂਰੋਂ ਬਾਏ-ਬਾਏ ਕਰਨਾ ਛੇਤੀ ਸਿੱਖ ਜਾਂਦੇ ਹਨ। ਬਜ਼ੁਰਗਾਂ ਨੂੰ ਇਹ ਵਿੱਥ ਅਖਰਨ ਲਗਦੀ ਹੈ। ਆਪਣੀ ਹੋਂਦ ਨਿਮਾਣੀ, ਨਿਤਾਣੀ, ਇਕੱਲੀ ਅਤੇ ਅਰਥਹੀਣ ਲਗਣ ਲਗਦੀ ਹੈ। ਬਜ਼ੁਰਗਾਂ ਨਾਲ਼ ਇਸ ਉਸਰਦੀ ਪੀੜ੍ਹੀ ਦਾ ਵਾਸਤਾ ਲੋੜ ਤਕ ਸੁੰਗੜ ਜਾਂਦਾ ਹੈ। ਲੋੜ ਪੂਰਨ ਲਈ ਇਹ ਟੁੱਟੀ ਫੁੱਟੀ ਪੰਜਾਬੀ ਬੋਲਦੇ ਹਨ। ਬਜ਼ੁਰਗ ਵੀ ਵਿਤ ਅਨੁਸਾਰ ਅੰਗ੍ਰੇਜ਼ੀ ਦੇ ਅੱਖਰ ਅਪਣਾਉਂਦੇ ਹਨ। ਇਸ ਤਰ੍ਹਾਂ ਪੰਜਾਬੀ ਭਾਸ਼ਾ ਨੂੰ ਜਿਉਂਦਾ ਰੱਖਣ ਲਈ ਇਹ ਲੋਕ ਗੁਲੂਕੋਜ਼ ਦਾ ਰੋਲ ਅਦਾ ਕਰਦੇ ਹਨ। ਕੋਈ ਇਨ੍ਹਾਂ ਦੀ ਸਲਾਹ ਮੰਨੇ ਜਾਂ ਨਾ ਮੰਨੇ, ਪਰ ਥਿੜਕਦੇ ਕਦਮਾਂ ਤੇ ਚੌਕੀਦਾਰੀ ਨਜ਼ਰ ਨਾਲ਼ ਪਹਿਰਾ ਦੇ ਰਹੇ ਇਹ ਬਜ਼ੁਰਗ ਆਪਣਾ ਸਭਿਆਚਾਰ, ਰਸਮਾਂ ਜਾਂ ਧਰਮ ਦੀ ਦੁਹਾਈ ਪਾਉਂਦੇ ਹਨ। ਕਿਹਾ ਜਾਂਦਾ ਹੈ ਦਵਾਈ ਨਾ ਵੀ ਪੀਤੀ ਜਾਵੇ ਕਈ ਵਾਰੀ ਕੁਰਲੀ ਵੀ ਅਸਰ ਕਰਦੀ ਹੈ। ਇਨ੍ਹਾਂ ਨੇ ਹੀ ਘਰ ਦੀ ਸੱਜਰੀ ਦਾਲ਼-ਰੋਟੀ ਦਾ ਸਵਾਦ ਬਰਕਰਾਰ ਰੱਖਿਆ ਹੈ। ਪਰ ਹੌਲ਼ੀ-ਹੌਲ਼ੀ ਜਦ ਇਹ ਬਾਹਰ ਦੇ ਪੀਹਣਾ ਬਾਹਰ ਸੁੱਕਣ ਲਗਦੇ ਹਨ, ਇਹ ਆਪਸੀ ਰਾਬਤਾ ਘਟਦਾ ਹੈ। ਵਧ ਰਹੀ ਇਹ ਵਿੱਥ ਸਭ ਧਿਰਾਂ ਲਈ ਔਖ ਉਸਾਰਦੀ ਹੈ। ਹੁਣ ਤਕ ਜਿਸ ਰਾਬਤੇ ਨੇ ਸੌਖ ਬਣਾਈ ਸੀ, ਉਹੀ ਕਲੇਸ਼ ਦਾ ਕਾਰਨ ਬਣ ਜਾਂਦਾ ਹੈ। ਕਮਾਈ ਕਰਦੀ ਥੱਕੀ-ਹਾਰੀ ਪੀੜ੍ਹੀ ਲਈ ਸਾਹ ਘੁਟਵੀਂ ਹਾਲਤ ਹੋ ਜਾਂਦੀ ਹੈ। ਬਜ਼ੁਰਗ ਬੇਸਮੈਂਟ (ਭੋਰੇ) ਜਾਂ ਵੱਖਰੇ ਘਰਾਂ ਵਿਚ ਸ਼ਰਨ ਲੈਂਦੇ ਹਨ। ਬਜ਼ੁਰਗਾਂ ਕੋਲ਼ ਸਿਰੋਂ ਲੰਘੀਆਂ ਧੁੱਪਾਂ-ਛਾਵਾਂ ਦਾ ਤਜਰਬਾ ਹੈ। ਉਨ੍ਹਾਂ ਨੂੰ ਉਦਾਰ, ਸਹਿਣਸ਼ੀਲ ਅਤੇ ਸਹਿਯੋਗੀ ਹੋਣਾ ਪਵੇਗਾ। ਇੱਛਾਵਾਂ ਦੀ ਪਿਆਸ ਕਦੇ ਨਹੀਂ ਬੁਝਦੀ ਪਰ ਕਿਸੇ ਹੱਦ ਤਕ ਸਾਡੇ ਅਤੀਤ ਨੇ ਸਬਰ ਸੰਤੋਖ ਜ਼ਰੂਰ ਸਿਖਾ ਦਿੱਤਾ ਹੁੰਦਾ ਹੈ।

ਗੌਲਣਯੋਗ ਨੁਕਤਾ ਇਹ ਹੈ ਕਿ ਵਿਚਕਾਰਲੀ ਪੀੜ੍ਹੀ ਆਪਣੇ ਬੱਚਿਆਂ ਦੀ ਧਿਰ ਨਾਲ਼ ਖੜ੍ਹਦੀ ਇਸ ਔਖ ਨੂੰ ਜਨਮਦੀ ਹੈ। ਜਦੋਂ ਹੁਣ ਵੱਧ ਥਾਂ ਲੈ ਕੇ ਤਰਜ਼ੇ-ਜ਼ਿੰਦਗੀ ਬਦਲਦਾ ਹੈ, ਬਾਬੇ ਹੱਥੋਂ ਡਾਂਗ ਖੁੱਸ ਗਈ ਹੈ। ਸਮਝੋ ਪਰਿਵਾਰਿਕ ਮਸ਼ੀਨ ਦਾ ਪੇਚਕਸ ਡਿੱਗ ਪਿਆ, ਇਸੇ ਲਈ ਹੁਣ ਪਰਿਵਾਰ ਦੇ ਸਭ ਪੁਰਜ਼ੇ ਢਿੱਲੇ ਹੋ ਰਹੇ ਹਨ। ਉਮਰ ਦੇ ਆਖਰੀ ਪਹਿਰ ਵਿਚ ਬਜ਼ੁਰਗ ਦੁਖੀ ਹਨ, ਸੀਨੇ ਵਿਚ ਅਨੇਕਾਂ ਗਿਲੇ ਸ਼ਿਕਵੇ ਕਰਵਟਾਂ ਲੈਂਦੇ ਹਨ ਪਰ ਜਵਾਨ ਪੀੜ੍ਹੀ ਕੋਲ਼ ਫੁਰਸਤ ਨਹੀਂ ਜੋ ਚਿਹਰੇ ਦੀ ਚੁਪ, ਅੱਖ ਚ ਤੈਰਦੇ ਹੰਝੂ ਜਾਂ ਮੱਥੇ ਦੀ ਤਿਓੜੀ ਨੂੰ ਪੜ੍ਹ ਸਕਣ। ਜੇ ਕਦੇ ਫੁਰਸਤ ਮਿਲਦੀ ਵੀ ਹੈ ਤਾਂ ਇੱਛਾ ਨਹੀਂ ਹੁੰਦੀ। ਇਸ ਹੋਊ ਪਰੇ ਕਰ ਕੇ ਹੀ ਕਲੇਸ਼ ਸਿਰ ਚੁਕਦੇ ਤੇ ਜੀਵਨ ਦੂਭਰ ਹੋ ਜਾਂਦਾ ਹੈ। ਇਕ ਬੂਟਾ ਵੀ ਪੁੱਟ ਕੇ ਹੋਰ ਥਾਂ ਲੈ ਜਾਣ ਤੇ ਸਿਰ ਸੁਟ ਦਿੰਦਾ ਹੈ, ਇਹ ਬਜ਼ੁਰਗ ਤਾਂ ਜਾਣੀ ਪੂਰਾ ਦਰਖਤ ਹੀ ਬਰਫਾਨੀ ਝੱਖੜਾਂ ਵਿਚ ਲਗਾ ਦਿੱਤਾ ਹੈ, ਉਸ ਥਾਂ ਖੜ੍ਹ ਕੇ ਸੋਚੋ। ਆਪਣੀਆਂ ਆਰਥਿ ਜ਼ਿੰਮੇਵਾਰੀਆਂ ਵਿਚ ਇਹ ਸੋਚਣਾ ਵੀ ਸ਼ਾਮਲ ਕਰੋ। ਉਸ ਵੱਖਰੇ ਸੰਸਾਰ, ਠੰਢੇ ਜਜ਼ਬਿਆਂ ਵਾਲ਼ੀ ਖੀਣ ਹੋ ਰਹੀ ਦੇਹੀ ਕੋਲ਼ ਕੁਝ ਪਲ ਹੀ ਦਾਨ ਕਰਨ ਨਾਲ਼ ਵਾਸਸਤਾ ਮੁੜ ਸਜੀਵ ਹੋ ਜਾਵੇਗਾ ਉਨ੍ਹਾਂ ਦਾ ਹੋਇਆ-ਬੀਤ ?ਆ ਸਤਾਉਂਦਾ ਆਖਦਾ ਹੈ -ਤੁਰਦੇ ਸੀ ਫਿਰਦੇ ਸੀ, ਹਾਕਮ ਸੀ ਘਰ ਦੇ
ਤੁਰਨੋ ਫਿਰਨੋ ਰਹਿਗੇ, ਕੁੱਤੇ ਬਣਗੇ ਦਰ ਦੇ।

ਇਹ ਸਮਾਂ ਦੂਰ ਨਹੀਂ, ਸਭ ਤੇ ਆਉਣਾ ਹੈ। ਚੀਨੀ ਕਹਾਵਤ ਹੈ - ਵੱਡਿਆਂ ਦਾ ਸਤਿਕਾਰ ਛੋਟਿਆਂ ਲਈ ਨਸੀਹਤ ਹੈ। ਵੱਡੀ ਤੇ ਛੋਟੀ ਪੀੜ੍ਹੀ ਵਿਚਲੀ ਵਿੱਥ ਪੂਰਨ ਦੀ ਜ਼ਿੰਮੇਵਾਰੀ ਵੀ ਵਿਚਕਾਰਲੀ ਕੜੀ ਨੇ ਹੀ ਨਿਭਾਉਣੀ ਹੈ। ਘਰ ਦੇ ਤਿੰਨ ਵੱਖਰੇ ਸੰਸਾਰ ਆਪੋ ਆਪਣੀ ਖੁਸ਼ੀ ਬਰਕਰਾਰ ਰਖਦੇ ਦੂਜੇ ਦੇ ਸੰਸਾਰ ਨੂੰ ਵੀ ਆਬਾਦ ਹੋਣ ਦਾ ਮੌਕਾ ਦੇਣ ਤਾਂ ਘਰ ਸੁਰਗ ਹੋ ਸਕਦਾ ਹੈ। ਨਿੱਕੇ ਨਿੱਕੇ ਵੇਰਵੇ ਸਾਂਝੇ ਕਰਨ ਨਾਲ਼ ਹੀ ਦੁੱਖ-ਸੁੱਖ ਹੰਢਾਇਆ ਜਾਂਦਾ ਹੈ। ਛੋਟੇ ਜਿਹੇ ਆਸਰੇ ਹੀ ਵੱਡੀ ਤਸੱਲੀ ਦਾ ਹੀਲਾ ਹੋ ਜਾਂਦੇ ਹਨ। ਬਜ਼ੁਰਰਗਾਂ ਨੂੰ ਵੀ ਚਾਹੀਦਾ ਹੈ ਆਪਣੀ ਹੋਂਦ ਅਜਿਹੀ ਬਣਾ ਲੈਣ ਕਿ ਉਨ੍ਹਾਂ ਬਿਨਾ ਪਰਿਵਾਰ ਅਧੂਰਾ ਲੱਗੇ।

# ਕਦੋਂ ਹੋਈ ਸੀ ਪੈਟਰੌਲੀਅਮ (ਖਣਿਜ ਤੇਲ) ਦੀ ਖੋਜ ?



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਪੈਟਰੌਲੀਅਮ, ਜਿਸ ਨੂੰ ਤਰਲ ਸੋਨਾ ਵੀ ਕਿਹਾ ਜਾਂਦਾ ਹੈ, ਊਰਜਾ ਖੇਤਰ ਦੀ ਸਭ ਤੋਂ ਵੱਡੀ ਤੇ ਕ੍ਰਾਂਤੀਕਾਰੀ ਖੋਜ ਹੈ। ਇਸ ਨੇ ਮਨੁੱਖੀ ਸਭਿਅਤਾ ਦੇ ਵਿਕਾਸ ਵਿੱਚ ਹੋਰ ਕਿਸੇ ਵੀ ਕਾਰਕ ਨਾਲੋਂ ਵਡੇਰਾ ਯੋਗਦਾਨ ਪਾਇਆ ਹੈ। ਇਸ ਦੇ ਕਾਰਨ ਹੀ ਖੇਤੀਬਾੜੀ ਅਤੇ ਉਦਯੋਗਿਕ ਕ੍ਰਾਂਤੀ ਹੋਈ, ਸੜਕੀ ਤੇ ਸਮੁੰਦਰੀ ਸਫਰ ਵਿੱਚ ਤੇਜੀ ਆਈ ਤੇ ਹਵਾਈ ਸਫਰ ਸੰਭਵ ਹੋਇਆ ਹੈ। ਆਮ ਧਾਰਨਾ ਇਹ ਹੈ ਕਿ ਇਸ ਦੀ ਖੋਜ ਸਭ ਤੋਂ ਪਹਿਲਾਂ ਅਰਬ ਦੇਸ਼ਾਂ ਵਿੱਚ ਹੋਈ ਸੀ ਜਿਸ ਕਾਰਨ ਉਹ ਦੁਨੀਆਂ ਦੇ ਸਭ ਤੋਂ ਧਨਾਡ ਦੇਸ਼ ਬਣ ਗਏ ਹਨ। ਪਰ ਅਸਲੀਅਤ ਇਹ ਹੈ ਕਿ ਇਨਸਾਨ ਹਜ਼ਾਰਾਂ ਸਾਲਾਂ ਤੋਂ ਪੈਟਰੌਲੀਅਮ ਦੀ ਹੋਂਦ ਤੋਂ ਜਾਣੂ ਸੀ ਤੇ ਕਿਸੇ ਨਾ ਕਿਸੇ ਰੂਪ ਵਿੱਚ ਇਸ ਦੀ ਵਰਤੋਂ ਕੀਤੀ ਜਾ ਰਹੀ ਸੀ। ਜਦੋਂ ਕਿ ਇਰਾਨ ਵਿੱਚ ਤੇਲ ਦੀ ਖੋਜ 1908, ਇਰਾਕ ਵਿੱਚ 1927, ਸਾਊਦੀ ਅਰਬ ਵਿੱਚ 1938, ਕੁਵੈਤ ਵਿੱਚ 1939, ਕਤਰ ਵਿੱਚ 1949, ਦੁਬਈ ਵਿੱਚ 1966 ਤੇ ਆਬੂਧਾਬੀ ਅਤੇ ਸ਼ਾਰਜਾਹ ਵਿੱਚ 1960 ਹੋਈ ਸੀ। ਇਨ੍ਹਾਂ ਦੇਸ਼ਾਂ ਵਿੱਚ ਤੇਲ ਦੀ ਖੋਜ ਹੋਣ ਤੋਂ ਪਹਿਲਾਂ ਹੀ ਸੰਸਾਰ ਦੇ ਅਨੇਕਾਂ ਦੇਸ਼ਾਂ ਵਿੱਚ ਰਿਫਾਈਨਰੀਆਂ ਲੱਗ ਚੁੱਕੀਆਂ ਸਨ ਜੋ ਕਰੋੜਾਂ ਗੈਲਨ ਤੇਲ ਦਾ ਉਤਪਾਦਨ ਕਰ ਰਹੀਆਂ ਸਨ। ਮਹਾਨ ਯੂਨਾਨੀ ਇਤਿਹਾਸਕਾਰ ਹੈਰੋਡੋਟਸ (484 ਬੀ.ਸੀ. ਤੋਂ 419 ਬੀ.ਸੀ.) ਨੇ ਲਿਖਿਆ ਸੀ ਕਿ ਸੁਮੇਰੀਅਨ ਸਭਿਅਤਾ (ਮੌਜੂਦਾ ਇਰਾਕ 2000 ਬੀ.ਸੀ.) ਸਮੇਂ ਇਮਾਰਤਾਂ ਦੀਆਂ ਛੱਤਾਂ ਨੂੰ ਵਾਟਰ ਪਰੂਫ ਕਰਨ ਲਈ ਬਿਟੂਮਨ (ਸੜਕਾਂ ਬਣਾਉਣ ਲਈ ਵਰਤੀ ਜਾਣ ਵਾਲੀ ਤਾਰਕੋਲ ਵਰਗਾ ਪਦਾਰਥ) ਦੀ ਵਰਤੋਂ ਕੀਤੀ ਜਾਂਦੀ ਸੀ ਜੋ ਉਸ ਇਲਾਕੇ ਵਿੱਚ ਕੁਦਰਤੀ ਤੌਰ 'ਤੇ ਪਾਇਆ ਜਾਂਦਾ ਸੀ। ਉਸ ਨੇ ਸੈਸੀਆ (ਯੂਨਾਨ) ਵਿੱਚ ਇੱਕ ਗਾੜ੍ਹੇ ਕਾਲੇ ਤਰਲ ਪਦਾਰਥ ਦੇ ਖੂਹ ਬਾਰੇ ਵੀ ਲਿਖਿਆ ਸੀ ਜਿਸ ਦੀ ਵਰਤੋਂ ਅੱਗ ਬਾਲਣ ਵਾਸਤੇ ਕੀਤੀ ਜਾਂਦੀ ਸੀ। ਉਸ ਦੇ ਇਸ ਕਥਨ ਦੀ ਪ੍ਰੋੜਤਾ ਇਟਲੀ ਦੇ ਇਤਿਹਾਸਕਾਰ ਡਿਉਡੋਰਸ ਸਿਕੁਲਸ (90 ਬੀ.ਸੀ. ਤੋਂ 20 ਬੀ.ਸੀ.) ਨੇ ਵੀ ਕੀਤੀ ਸੀ।

ਚੀਨ ਵਿੱਚ ਤਾਂ 2000 ਸਾਲ ਪਹਿਲਾਂ ਤੋਂ ਹੀ ਪੈਟਰੌਲੀਅਮ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾ ਰਹੀ ਸੀ। ਚੀਨ ਦੀ ਇੱਕ ਪ੍ਰਚੀਨ ਲਿਖਤ ਆਈ ਚਿੰਗ ਅਨੁਸਾਰ ਚੀਨ ਦੇ ਹੀਲਾਂਗਜਿਆਂਗ ਖੇਤਰ ਵਿੱਚ ਪਹਿਲੀ ਸਦੀ ਦੌਰਾਨ ਤੇਲ ਖੋਜਿਆ ਗਿਆ ਸੀ ਜਿਸ ਦੀ ਵਰਤੋਂ ਰਾਤ ਨੂੰ ਰੌਸ਼ਨੀ ਕਰਨ ਲਈ ਮਸ਼ਾਲਾਂ ਤੇ ਲੈਂਪਾਂ, ਧਾਤਾਂ ਢਾਲਣ ਵਾਲੀਆਂ ਭੱਠੀਆਂ ਅਤੇ ਸਮੁੰਦਰੀ ਪਾਣੀ ਨੂੰ ਉਬਾਲ ਕੇ ਨਮਕ ਪ੍ਰਾਪਤ ਕਰਨ ਆਦਿ ਵਰਗੇ ਕਈ ਕੰਮਾਂ ਲਈ ਬਾਲਣ ਵਜੋਂ ਵਰਤਿਆ ਜਾਂਦਾ ਸੀ। ਚੀਨ, ਜਪਾਨ ਅਤੇ ਹੋਰ ਗੁਆਂਢੀ ਦੇਸ਼ਾਂ ਨੂੰ ਤੇਲ ਵੇਚ ਕੇ ਮੋਟਾ ਮੁਨਾਫਾ ਕਮਾਉਂਦਾ ਸੀ ਜਿੱਥੇ ਇਸ ਨੂੰ ਬਲਣ ਵਾਲਾ ਪਾਣੀ ਕਿਹਾ ਜਾਂਦਾ ਸੀ। ਚੀਨ ਵਿੱਚ ਸੌਂਗ ਰਾਜਵੰਸ਼ ਦੇ ਸਮੇਂ ਇੱਕ ਉੱਘੇ ਵਿਗਿਆਨੀ ਸ਼ੇਨ ਕਿਉ ਨੇ 1088 ਈਸਵੀ ਵਿੱਚ ਲਿਖੀ ਆਪਣੀ ਪੁਸਤਕ ਵਿੱਚ ਪੈਟਰੌਲੀਅਮ ਲਈ ਸ਼ਬਦ ਸ਼ੀਉ (ਚੱਟਾਨਾਂ ਦਾ ਤੇਲ) ਵਰਤਿਆ ਹੈ। ਪੈਟਰੋਲੀਅਮ ਸ਼ਬਦ ਲੈਟਿਨ (ਰੋਮਨ ਸਾਮਰਾਜ ਦੀ ਭਾਸ਼ਾ) ਦੇ ਦੋ ਸ਼ਬਦਾਂ ਪੈਟਰਾ (ਚੱਟਾਨ) ਅਤੇ ਉਲੀਅਮ (ਤੇਲ) ਨੂੰ ਜੋੜ ਕੇ ਬਣਿਆ ਹੈ। 9ਵੀਂ ਸਦੀ ਵਿੱਚ ਬਾਕੂ ਸ਼ਹਿਰ (ਆਜ਼ਰਬਾਈਜਾਨ ਦੇਸ਼) ਦੇ ਨਜ਼ਦੀਕ ਸੰਸਾਰ ਦੇ ਸਭ ਤੋਂ ਵੱਡੇ ਤੇਲ ਦੇ ਭੰਡਾਰ ਖੋਜੇ ਗਏ ਸਨ। ਇਨ੍ਹਾਂ ਬਾਰੇ ਪ੍ਰਸਿੱਧ ਅਰਬੀ ਭੂਗੋਲ ਵਿਗਿਆਨੀ ਅਬੂ ਅਲ ਹਸਨ ਅਲੀ ਅਲ ਮਸੂਦੀ ਨੇ 10ਵੀਂ ਸਦੀ ਅਤੇ ਮਾਰਕੋ ਪੋਲੋ ਨੇ 13ਵੀਂ ਸਦੀ ਵਿੱਚ ਆਪਣੇ ਸਫਰਨਾਮਿਆਂ ਵਿੱਚ ਵਰਨਣ ਕੀਤਾ ਸੀ। ਮਾਰਕੋ ਪੋਲੋ ਨੇ ਲਿਖਿਆ ਸੀ ਕਿ ਇਥੇ ਐਨਾ ਤੇਲ ਪੈਦਾ ਹੋ ਰਿਹਾ ਹੈ ਜਿਸ ਨਾਲ ਸੈਂਕੜੇ ਸਮੁੰਦਰੀ ਜਹਾਜ਼ ਭਰ ਸਕਦੇ ਹਨ।

19ਵੀਂ ਸਦੀ ਦੇ ਮੱਧ ਤੱਕ ਅਮਰੀਕਾ, ਕੈਨੇਡਾ, ਵੈਨਜ਼ੁਏਲਾ, ਪੀਰੂ ਅਤੇ ਬਰਾਜ਼ੀਲ ਆਦਿ ਕਈ ਦੇਸ਼ਾਂ ਵਿੱਚ ਤੇਲ ਦੇ ਭੰਡਾਰ ਮਿਲੇ ਸਨ। ਪਰ ਉਸ ਵੇਲੇ ਤੱਕ ਪੈਟਰੌਲ ਜਾਂ ਡੀਜ਼ਲ ਇੰਜਣ ਦੀ ਖੋਜ ਨਹੀਂ ਹੋਈ ਸੀ ਤੇ ਰੇਲਵੇ, ਸਮੁੰਦਰੀ ਜਹਾਜ਼ ਅਤੇ ਕਾਰਖਾਨੇ ਆਦਿ ਕੋਲੇ ਨਾਲ ਚੱਲਦੇ ਸਨ ਜਿਸ ਕਾਰਨ ਤੇਲ ਦੀ ਕੋਈ ਜਿਆਦਾ ਮੰਗ ਨਹੀਂ ਸੀ। ਉਸ ਸਮੇਂ ਖਣਿਜ ਤੇਲ ਤੋਂ ਜਿਆਦਾਤਰ ਕੈਰੋਸਿਨ (ਮਿੱਟੀ ਦਾ ਤੇਲ) ਅਤੇ ਭਾਫ ਨਾਲ ਚੱਲਣ ਵਾਲੇ ਇੰਜਣਾਂ ਦੇ ਪੁਰਜਿਆਂ ਨੂੰ ਚਿਕਨਾਈ ਦੇਣ ਲਈ ਗਰੀਸ ਬਣਾਈ ਜਾਂਦੀ ਸੀ। ਮਹਿੰਗਾ ਹੋਣ ਕਾਰਨ ਕੈਰੋਸੀਨ ਦੀ ਵਰਤੋਂ ਸਿਰਫ ਉੱਚ ਸਰਕਾਰੀ ਅਧਿਕਾਰੀਆਂ ਅਤੇ ਅਮੀਰ ਲੋਕਾਂ ਦੇ ਘਰਾਂ ਵਿੱਚ ਰੌਸ਼ਨੀ ਕਰਨ ਵਾਲੀਆਂ ਲੈਂਪਾਂ ਵਾਸਤੇ ਕੀਤੀ ਜਾਂਦੀ ਸੀ ਤੇ ਆਮ ਲੋਕ ਸਸਤੀਆਂ ਮੋਮਬੱਤੀਆਂ ਦੀ ਵਰਤੋਂ ਕਰਦੇ ਸਨ। 1840 ਈਸਵੀ ਵਿੱਚ ਕੈਨੇਡਾ ਦੇ ਵਿਗਿਆਨੀ ਅਬਰਾਹਮ ਪੀਨੀਉ ਗੈਸਨਰ ਨੇ ਇੱਕ ਅਜਿਹੀ ਤਕਨੀਕ ਵਿਕਸਤ ਕੀਤੀ ਜਿਸ ਕਾਰਨ ਕੈਰੋਸਿਨ ਬਹੁਤ ਘੱਟ ਲਾਗਤ ਨਾਲ ਤਿਆਰ ਹੋਣ ਲੱਗ ਪਿਆ ਤੇ ਆਮ ਲੋਕਾਂ ਦੀ ਪਹੁੰਚ ਵਿੱਚ ਆ ਗਿਆ। ਇਸ ਤੋਂ ਬਾਅਦ ਅਨੇਕਾਂ ਖੋਜਾਂ ਹੋਈਆਂ ਤੇ ਖਣਿਜ ਤੇਲ ਤੋਂ ਕੈਰੋਸਿਨ, ਪੈਰਾਫਿਨ ਅਤੇ ਤਾਰਕੋਲ ਤੋਂ ਇਲਾਵਾ ਹੋਰ ਵੀ ਕਈ ਪਦਾਰਥ ਤਿਆਰ ਹੋਣ ਲੱਗ ਪਏ। 1859 ਈਸਵੀ ਵਿੱਚ ਇੱਕ ਇੰਜੀਨੀਅਰ ਐਡਵਿਨ ਡਰੇਕ ਨੇ ਅਮਰੀਕਾ ਦੇ ਟਾਈਟਸਵਿਲੇ ਸ਼ਹਿਰ (ਪੈਨਸੈਲਵੇਨੀਆਂ) ਵਿਖੇ ਮਸ਼ੀਨ ਨਾਲ ਡਰਿਲਿੰਗ ਕਰ ਕੇ ਵਿਸ਼ਵ ਦਾ ਪਹਿਲਾ ਤੇਲ ਖੂਹ ਪੁੱਟਿਆ ਜਿਸ ਨਾਲ ਇਸ ਉਦਯੋਗ ਵਿੱਚ ਕ੍ਰਾਂਤੀ ਆ ਗਈ ਕਿਉਂਕਿ ਉਤਪਾਦਨ ਦੀ ਮਾਤਰਾ ਵਧ ਗਈ ਤੇ ਲਾਗਤ ਘੱਟ ਹੋ ਗਈ। ਇਸ ਤੋਂ ਪਹਿਲਾਂ ਖੂਹ ਬੇਲਚਿਆਂ ਅਤੇ ਕੁਦਾਲਾਂ ਆਦਿ ਨਾਲ ਖੋਦੇ ਜਾਂਦੇ ਸਨ।

19ਵੀਂ ਸਦੀ ਵਿੱਚ ਤੇਲ ਨੂੰ ਛੋਟੀਆਂ ਛੋਟੀਆਂ ਡਿਸਟਿਲਰੀਆਂ ਵਿੱਚ ਥੋੜ੍ਹੀ ਜਿਹੀ ਮਾਤਰਾ ਵਿੱਚ ਰਿਫਾਈਨ ਕੀਤਾ ਜਾਂਦਾ ਸੀ ਪਰ 20ਵੀਂ ਸਦੀ ਦੇ ਸ਼ੁਰੂ ਹੋਣ ਤੱਕ ਇਸ ਖੇਤਰ ਵਿੱਚ ਹੋਰ ਜਿਆਦਾ ਤਰੱਕੀ ਹੋਈ ਤੇ ਰੂਸ, ਅਮਰੀਕਾ ਤੇ ਕੈਨੇਡਾ ਆਦਿ ਵਿੱਚ ਵੱਡੀਆਂ ਵੱਡੀਆਂ ਰਿਫਾਈਨਰੀਆਂ ਲੱਗਣ ਲੱਗ ਪਈਆਂ। ਰੂਸ ਦੇ ਸਾਇਬੇਰੀਆ, ਅਮਰੀਕਾ ਦੇ ਉਹੀਉ, ਟੈਕਸਾਸ, ਉਕਲਾਹਾਮਾ, ਕੈਲੇਫੋਰਨੀਆਂ ਅਤੇ ਕੈਨੇਡਾ ਦੇ ਅਲਬਰਟਾ ਸੂਬੇ ਤੋਂ ਇਲਾਵਾ ਅਨੇਕਾਂ ਦੇਸ਼ਾਂ ਵਿੱਚ ਨਵੇਂ ਤੇਲ ਭੰਡਾਰ ਖੋਜੇ ਗਏ। ਪਰ ਜਿਸ ਖੋਜ ਕਾਰਨ ਤੇਲ ਇੰਡਸਟਰੀ ਦਿਨਾਂ ਵਿੱਚ ਹੀ ਮਾਲਾ ਮਾਲ ਹੋ ਗਈ, ਉਹ ਸੀ ਡੀਜ਼ਲ ਅਤੇ ਪੈਟਰੌਲ ਨਾਲ ਚੱਲਣ ਵਾਲੇ ਇੰਜਣਾਂ ਦੀ ਖੋਜ। 1876 ਈਸਵੀ ਵਿੱਚ ਜਰਮਨੀ ਦੇ ਇੰਜੀਨੀਅਰ ਨਿਕੋਲਸ ਆਟੋ ਨੇ ਪੈਟਰੌਲ ਇੰਜਣ ਅਤੇ 1890 ਵਿੱਚ ਜਰਮਨੀ ਦੇ ਹੀ ਰੁਡੋਲਫ ਡੀਜ਼ਲ ਨੇ ਡੀਜ਼ਲ ਇੰਜਣ ਦਾ ਆਵਿਸ਼ਕਾਰ ਕੀਤਾ। ਡੀਜ਼ਲ ਈਂਧਣ ਦਾ ਨਾਮ ਰੁਡੋਲਫ ਡੀਜ਼ਲ ਤੋਂ ਹੀ ਰੱਖਿਆ ਗਿਆ ਹੈ। ਇਸ ਤੋਂ ਬਾਅਦ ਧੜਾ ਧੜ ਡੀਜ਼ਲ ਅਤੇ ਪੈਟਰੌਲ ਇੰਜਣਾਂ ਵਾਲੀਆਂ ਮੋਟਰ ਗੱਡੀਆਂ, ਸਮੁੰਦਰੀ ਜਹਾਜ਼, ਹਵਾਈ ਜਹਾਜ਼, ਰੇਲਵੇ ਇੰਜਣਾਂ ਅਤੇ ਫੌਜੀ ਵਾਹਨਾਂ ਆਦਿ ਦਾ ਨਿਰਮਾਣ ਹੋਣ ਲੱਗ ਪਿਆ ਤੇ ਤੇਲ ਭੰਡਾਰਾਂ ਵਾਲੇ ਦੇਸ਼ ਵਿਸ਼ਵ ਸ਼ਕਤੀ ਬਣ ਗਏ। ਪਹਿਲੇ ਅਤੇ ਦੂਸਰੇ ਵਿਸ਼ਵ ਯੁੱਧ ਨੇ ਤੇਲ ਦੀ ਅਹਿਮੀਅਤ ਹੋਰ ਵੀ ਵਧਾ ਦਿੱਤੀ। ਦੂਸਰੇ ਸੰਸਾਰ ਯੁੱਧ ਸਮੇਂ ਹਿਟਲਰ ਦੇ ਰੂਸ ਉੱਪਰ ਕੀਤੇ ਗਏ ਹਮਲੇ ਦਾ ਇੱਕੋ ਇੱਕ ਕਾਰਨ ਰੂਸ ਦੇ ਮੱਧ ਏਸ਼ੀਆਈ ਤੇਲ ਉਤਪਾਦਕ ਖੇਤਰਾਂ 'ਤੇ ਕਬਜ਼ਾ ਕਰਨਾ ਸੀ। ਸਮੇਂ ਦੇ ਗੁਜ਼ਰਨ ਨਾਲ ਪੈਟਰੌਲੀਅਮ ਦੇ ਵਾਤਾਵਰਣ 'ਤੇ ਪੈਣ ਵਾਲੇ ਬੇਹੱਦ ਮਾੜੇ ਪ੍ਰਭਾਵ ਵੀ ਸਾਹਮਣੇ ਆ ਰਹੇ ਹਨ। ਕਿਸੇ ਸਮੇਂ ਮਨੁੱਖਤਾ ਲਈ ਵਰਦਾਨ ਮੰਨਿਆਂ ਜਾਣ ਵਾਲਾ ਪੈਟਰੌਲੀਅਮ ਹੁਣ ਇੱਕ ਸਰਾਪ ਬਣ ਗਿਆ ਹੈ। ਇਸ ਦੀ ਵਰਤੋਂ ਕਾਰਨ ਹਰ ਰੋਜ਼ ਲੱਖਾ ਕਰੋੜਾਂ ਟਨ ਕਾਰਬਨ ਡਾਇਆਕਸਾਈਡ ਅਤੇ ਕਾਰਬਨ ਮੌਨੋਆਕਸਾਈਡ ਆਦਿ ਵਰਗੀਆਂ ਘਾਤਕ ਗਰੀਨ ਹਾਊਸ ਗੈਸਾਂ ਪੈਦਾ ਹੋ ਰਹੀਆਂ ਹਨ ਜੋ ਗਲੋਬਲ ਵਾਰਮਿੰਗ ਨੂੰ ਵਧਾਵਾ ਦੇ ਰਹੀਆਂ ਹਨ। ਇਸ ਨਾਲ ਉਜ਼ੋਨ ਪਰਤ ਵੀ ਘਟਦੀ ਜਾ ਰਹੀ ਹੈ ਜੋ ਸੂਰਜ ਦੀਆਂ ਅਲਟਰਾ ਵਾਇਲਟ ਕਿਰਨਾਂ ਨੂੰ ਧਰਤੀ 'ਤੇ ਪੈਣ ਤੋਂ ਰੋਕਦੀ ਹੈ। ਅਲਟਰਾ ਵਾਇਲਟ ਕਿਰਨਾਂ ਚਮੜੀ ਦੇ ਕੈਂਸਰ ਦਾ ਮੁੱਖ ਕਾਰਨ ਹਨ। ਗਲੋਬਲ ਵਾਰਮਿੰਗ ਕਾਰਨ ਦੁਨੀਆਂ ਵਿੱਚ ਬਾਰਸ਼ਾਂ ਤੇ ਸਰਦੀ ਘੱਟ ਰਹੀਆਂ ਤੇ ਗਰਮੀ ਵਧਦੀ ਜਾ ਰਹੀ ਹੈ। ਇਸ ਸਮੇਂ ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਪੈ ਰਹੀ ਕਹਿਰ ਦੀ ਗਰਮੀ ਗਲੋਬਲ ਵਾਰਮਿੰਗ ਦਾ ਹੀ ਨਤੀਜਾ ਹੈ। ਇਸ ਮੁਸੀਬਤ ਤੋਂ ਬਚਣ ਲਈ ਤਰੱਕੀ ਯਾਫਤਾ ਦੇਸ਼ ਸੋਲਰ ਪੈਨਲਾਂ ਅਤੇ ਪੌਣ ਚੱਕੀਆਂ ਵਰਗੇ ਮੁੜ ਵਰਤਣਯੋਗ ਅਤੇ ਸਾਫ ਊਰਜਾ ਪੈਦਾ ਕਰਨ ਵਾਲੇ ਸ੍ਰੋਤਾਂ ਨੂੰ ਵਧਾਵਾ ਦੇ ਰਹੇ ਹਨ। ਇਸ ਤੋਂ ਇਲਾਵਾ ਬਿਜਲੀ ਨਾਲ ਚੱਲਣ ਵਾਲੇ ਵਾਹਣਾਂ ਦੇ ਨਿਰਮਾਣ ਵਿੱਚ ਬਹੁਤ ਤੇਜ਼ੀ ਆਈ ਹੈ ਤੇ ਟੈਸਲਾ ਵਰਗੀਆਂ ਕਈ ਕੰਪਨੀਆਂ ਸਫਲਤਾ ਨਾਲ ਬਿਜਲਈ ਕਾਰਾਂ ਬਣਾ ਰਹੀਆਂ ਹਨ। ਪੈਟਰੌਲੀਅਮ ਦਾ ਬਦਲ ਲੱਭਣਾ ਹੁਣ ਇਸ ਲਈ ਵੀ ਜਰੂਰੀ ਹੋ ਗਿਆ ਹੈ ਕਿਉਂਕਿ ਇੱਕ ਅੰਦਾਜ਼ੇ ਮੁਤਾਬਕ 40 - 50 ਸਾਲ ਤੱਕ ਇਸ ਦੇ ਭੰਡਾਰ ਖਤਮ ਹੋ ਜਾਣਗੇ।

# ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ

ਚਿੱਠੀ ,ਖ਼ਤ ,ਪੱਤਰ ਦਾ ਇਹ ਤਾਂ ਨੀ ਪਤਾ ਕਿ ਇਸ ਦਾ ਮਨੁੱਖ ਨਾਲ ਕਦੋਂ ਦਾ ਸੰਬੰਧ ਹੈ ? ਪਰ ਹੈ,ਇਹ ਬਹੁਤ ਪੁਰਾਣਾ ।ਚਿੱਠੀ ਦਾ ਸ਼ਬਦੀ ਅਰਥ ਸੰਦੇਸ਼ ਭੇਜਣਾ ਜਾ ਪ੍ਰਾਪਤ ਕਰਨਾ ਤੇ ਆਪਸੀ ਗੱਲਬਾਤ ਕਰਨ ਤੋਂ ਹੈ। ਇਤਿਹਾਸ ਵਿੱਚ ਵੀ ਬਹੁਤ ਸਾਰੇ ਇਸ ਤਰ੍ਹਾਂ ਦੇ ਲਿਖੇ ਸੰਦੇਸ਼ ਪੱਤਰ ਮਿਲਦੇ ਹਨ।ਜਦੋਂ ਤੋਂ ਲਿਪੀ ਹੋਂਦ ਵਿੱਚ ਆ ਗਈ,ਸੰਦੇਸ਼ ਭੇਜਣੇ ਸ਼ੁਰੂ ਹੋ ਗਏ ਸੀ । ਚਿੱਠੀਆਂ ਪਹਿਲਾਂ ਕਬੂਤਰਾਂ ਜਾਂ ਕਾਸਦਾਂ ਦੁਆਰਾ ਭੇਜੀਆਂ ਜਾਂਦੀਆਂ ਸਨ ।ਇਸ ਤੋਂ ਹੀ ਮੌਜੂਦਾ ਡਾਕਖਾਨਾ ਪੈਦਾ ਹੋਇਆ। ਡਾਕੀਏ ਨੂੰ ਪ੍ਰਾਹੁਣੇ ਵਾਂਗ ਉਡੀਕਿਆ ਜਾਂਦਾ ਸੀ।ਉਸ ਦੀ ਟਹਿਲ ਸੇਵਾ ਵੀ ਹੁੰਦੀ ਸੀ। ਉਸ ਨੂੰ ਚੰਗੀ ਖ਼ਬਰ ਲਈ ਸ਼ਗਨ ਵਧਾਈ ਵੀ ਦਿੱਤੇ ਜਾਂਦੇ ਸਨ।ਇਹ ਕੰਮ ਵੱਡੀ ਪੱਧਰ ਤੇ ਸਮਾਜ ਦਾ ਹਿੱਸਾ ਬਣਿਆ ।ਅੱਜ ਤੋਂ ਵੀਹ ਕੁ ਸਾਲ ਪਹਿਲਾਂ ਇਹਨਾਂ ਦਾ ਚੱਲਣ ਆਮ ਸੀ। ਟੈਲੀਫੋਨ ਦਾ ਯੁੱਗ ਸ਼ੁਰੂ ਹੋਇਆ ਤਾਂ ਚਿੱਠੀ ਹਾਸ਼ੀਏ ਤੇ ਜਾਣ ਲੱਗੀ। ਤਾਂ ਸੱਜਣਾ ਮਿੱਤਰਾਂ ਤੇ ਰਿਸ਼ਤੇਦਾਰਾਂ ਨੇ ਚਿੱਠੀਆਂ ਲਿਖਣੀਆਂ ਛੱਡ ਦਿੱਤੀਆਂ।
ਗੀਤ ਅਵਾਜ਼ਾਂ ਆਉਣ ਲੱਗੀਆਂ ਕਿ
ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ
ਜਦੋਂ ਦਾ ਟੈਲੀਫੋਨ ਲੱਗਿਆ।

ਚਿੱਠੀ ਮਿੱਤਰ, ਰਿਸ਼ਤੇਦਾਰ ਨੂੰ ਲਿਖੀ ਹੋਈ,ਦਫ਼ਤਰੀ ਚਿੱਠੀ, ਪ੍ਰੇਮ ਪੱਤਰ, ਸਿਫਾਰਸ਼ੀ ਚਿੱਠੀ, ਬੇਰੰਗ ਚਿੱਠੀ, ਦੁੱਖ ਦੀ ਚਿੱਠੀ,ਨੌਕਰੀ ਦੀ ਚਿੱਠੀ, ਵਿਆਹ ਦੀ ਸਾਹਿ ਚਿੱਠੀ,ਬੈਂਕ ਦੀ ਚਿੱਠੀ ਦੇ ਰੂਪ ਵਿੱਚ ਮਿਲਦੀਆਂ ਹਨ। ਇਤਿਹਾਸ ਵਿੱਚ ਕਈ ਪ੍ਰਸਿੱਧ ਚਿੱਠੀਆਂ ਦਾ ਜ਼ਿਕਰ ਮਿਲਦਾ ਹੈ ।ਨਹਿਰੂ ਦੀਆਂ ਧੀ ਨੂੰ ਲਿਖੀਆਂ ਚਿੱਠੀਆਂ ਅਤੇ ਹੋਰ ਇਤਿਹਾਸਕ ਪ੍ਰਸਿੱਧੀ ਪ੍ਰਾਪਤ ਬੰਦਿਆਂ ਦੀਆਂ ਲਿਖੀਆਂ ਚਿੱਠੀਆਂ। ਆਇਨਸਟਾਈਨ ਦੇ ਅਧਿਆਪਕ ਦੁਆਰਾ ਆਇਨਸਟਾਈਨ ਦੀ ਨਲਾਇਕੀ ਵਾਰੇ ਉਸ ਦੀ ਮਾਤਾ ਨੂੰ ਲਿਖੀ ਚਿੱਠੀ ,ਜਿਸ ਨੂੰ ਉਸ ਦੀ ਮਾਂ ਨੇ ਲੁਕੋ ਲਿਆ ਸੀ ,ਪਰ ਉਹ ਇਕ ਵੱਡਾ ਵਿਗਿਆਨੀ ਬਣਿਆ। ਉਹ ਚਿੱਠੀ ਬਾਅਦ ਵਿੱਚ ਆਇਨਸਟਾਈਨ ਨੇ ਪੜ੍ਹੀ,ਜਿਸ ਵਿੱਚ ਉਸ ਨੂੰ ਨਲਾਇਕ ਲਿਖਿਆ ਗਿਆ ਸੀ,ਪਰ ਉਸ ਦੀ ਮਾਂ ਦੀ ਮਿਹਨਤ ਨੇ ਉਹ ਪੱਤਰ ਗਲਤ ਸਾਬਤ ਕਰ ਦਿੱਤਾ ਸੀ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਭੇਜਿਆ ਜ਼ਫ਼ਰਨਾਮਾ,ਉਸ ਦੇ ਜ਼ੁਲਮ ਦੇ ਖਿਲਾਫ਼ ਫ਼ਤਿਹ ਦੀ ਚਿੱਠੀ ਦੇ ਤੌਰ ਤੇ ਮੰਨਿਆ ਜਾਂਦਾ ਹੈ।ਇਹ ਸਿੱਖ ਇਤਿਹਾਸ ਵਿੱਚ ਵੱਡਾ ਤੇ ਉੱਚਾ ਪੱਤਰ ਮੰਨਿਆ ਜਾਂਦਾ ਹੈ।ਮਹਾਰਾਣੀ ਜਿੰਦਾਂ,ਖਾਲਸਾ ਰਾਜ ਦੀ ਚਿੰਤਾਜਨਕ ਸਥਿਤੀ ਉੱਤੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਚਿੱਠੀ ਲਿਖਦੀ ਹੈ । ਕਾਲੇ ਪਾਣੀ ਵਿਚੋਂ ਕਿਸ਼ਨੇ ਦੀ ਲਿਖੀ ਚਿੱਠੀ ਜਿਉਣੇ ਮੌੜ ਨੂੰ ਬਦਲਾ ਲੈਣ ਲਈ ਪ੍ਰੇਰਿਤ ਕਰਦੀ ਹੈ। ਇਹ ਡੋਗਰ ਦੀ ਮੌਤ ਦਾ ਕਾਰਨ ਬਣਦੀ ਹੈ।
ਕਾਲੇ ਪਾਣੀਓਂ ਮੌੜ ਨੂੰ ਖ਼ਤ ਕਿਸ਼ਨੇ ਪਾਇਆ
ਬਦਲਾ ਲੈ ਲਈਂ ਜਿਉਂਣਿਆ ਜੇ ਮਾਂ ਦਾ ਜਾਇਆ। (ਪ੍ਰਸਿੱਧ ਗੀਤ)

ਅੱਜਕੱਲ੍ਹ ਰਾਜਨੀਤੀ ਵਿੱਚ ਸਿਫਾਰਸ਼ੀ ਚਿੱਠੀਆਂ ਦੀ ਚਰਚਾ ਬਹੁਤ ਰਹਿੰਦੀ ਹੈ ,ਕਿ ਕਿਸੇ ਅਹੁਦੇ ਲਈ ਚਿੱਠੀ ਵਿਚੋਂ ਕਿਸ ਦਾ ਨਾਮ ਨਿਕਲਦਾ ਹੈ। ਪਹਿਲਾਂ ਘਰਾਂ ਵਿੱਚ ਭੈਣ ਭਾਈ ਦੀ ਖੈਰ ਸੁੱਖ ,ਫੌਜ ਵਿਚੋਂ ਫ਼ੌਜੀ ਦੀ ਚਿੱਠੀ ਬਹੁਤ ਉਡੀਕੀ ਜਾਂਦੀ ਸੀ। ਜੇਕਰ ਆ ਜਾਂਦੀ ਤਾਂ




ਜ਼ਿਆਦਾਤਰ ਲੋਕ ਅਣਪੜ੍ਹ ਹੋਣ ਕਾਰਨ ਆਂਢ ਗੁਆਂਢ ਵਿਚੋਂ ਕੋਈ ਨਾ ਕੋਈ ਪੰਜ ਚਾਰ ਪੜ੍ਹਿਆ ਲੱਭਿਆ ਜਾਂਦਾ ਸੀ ।ਪੜ੍ਹਕੇ ਚਿੱਠੀ ਕਿਸੇ ਤਾਰ ਵਿੱਚ ਪਾਕੇ ਟੰਗ ਦਿੱਤੀ ਜਾਂਦੀ। ਵਰ੍ਹਿਆਂ ਤੱਕ ਇਹ ਇੰਝ ਹੀ ਸੰਭਾਲ਼ੀਆਂ ਹੋਈਆਂ ਪਈਆਂ ਰਹਿੰਦੀਆਂ ਸੀ।ਵਾਪਸੀ ਚਿੱਠੀ ਵੀ ਭੇਜੀ ਜਾਂਦੀ ਸੀ।

ਚਿੱਠੀ ਲਿਖਣੀ ਵੀ ਕਲਾ ਹੈ ,ਕਈਆਂ ਨੂੰ ਬੜੀਆਂ ਸੋਹਣੀਆਂ ਚਿੱਠੀਆਂ ਲਿਖਣੀਆਂ ਆਉਂਦੀਆਂ ਹੁੰਦੀਆਂ ਹਨ। ਸੋਹਣੇ ਸ਼ਬਦਾਂ ਦੀ ਚੋਣ ਵੀ ਇੱਕ ਕਲਾ ਹੈ।ਵਧੀਆ ਢੰਗ ਨਾਲ ਲਿਖੀ ਚਿੱਠੀ ਵੱਡੇ ਵੱਡੇ ਕੰਮ ਕਰਵਾ ਦਿੰਦੀ ਹੈ।ਲਿਖਤਮ ਮਤਲਬ ਪਹਿਲਾਂ ਲਿਖਣ ਵਾਲੇ ਦਾ ਨਾਮ ਲਿਖਿਆ ਜਾਂਦਾ, ਫਿਰ ਖੈਰ ਸੁੱਖ , ਫਿਰ ਘਰਾਂ ਦੇ ਫ਼ਿਕਰ ਫ਼ਾਕੇ।ਇਸ ਲ਼ਈ ਚਿੱਠੀ ਲਿਖਣ ਵਾਲਾ ਪਹਿਲਾਂ ਕੋਈ ਵਿਸ਼ਵਾਸ ਯੋਗ ਲੱਭਣਾ ,ਜਾ ਫਿਰ ਇਹ ਕੰਮ ? ਡਾਕੀਆ ਤੋਂ ਕਰਵਾਉਣਾ;
ਚਿੱਠੀ ਲਿਖਦੇ ਪਾੜ੍ਹਿਆਂ ਮੇਰੀ
ਪਤਾਸੇ ਪੰਜ ਤੂੰ ਲੈ ਲਈ।

ਆਸ਼ਿਕ ਦੀ ਮਸ਼ੂਕ ਨੂੰ ਪਹਿਲੀ ਚਿੱਠੀ ਸਭ ਤੋਂ ਔਖੀ ਲਿਖੀ ਜਾਂਦੀ ਸੀ ,ਉਸ ਨੂੰ ਪਤਾ ਨੀ ਕਿੰਨੇ ਕਾਗਜ਼ ਖਰਾਬ ਕਰਨੇ ਪੈਂਦੇ ਸੀ। ਇਹੀ ਸੁਆਲ ਵੱਡਾ ਹੁੰਦਾ ਸੀ ,ਕਿ ਕਿਵੇਂ ਤੇ ਕੀ ਲਿਖਾਂ ? ਹੁਣ ਮੋਬਾਇਲ ਨੇ ਸਭ ਅਸਾਨ ਕਰ ਦਿੱਤਾ ਹੈ।ਨਾਲ ਹੀ ਲਿਖੇ ਲਿਖਾਏ ਫਾਰਮੈਟ ਵੀ ਮਿਲ ਜਾਂਦੇ ਹਨ। ਈਮੇਲ ਵੀ ਇਸੇ ਦਾ ਰੂਪ ਹੈ । ਇੱਕ ਵਾਰ ਇੱਕ ਦੋਸਤ ਇੱਕ ਚਿੱਠੀ ਲਿਖ ਰਿਹਾ ਸੀ ਉਸ ਦਾ ਇਕ ਦੋਸਤ ਨਾਲ ਬੈਠਾ ਚਿੱਠੀ ਪੜ੍ਹਨ ਲੱਗ ਪਿਆ। ਉਸ ਨੇ ਚਿੱਠੀ ਲਿਖਣੀ ਬੰਦ ਕਰ ਦਿੱਤੀ। ਦੋਸਤ ਨੇ ਪੁੱਛਿਆ,ਤੂੰ ਚਿੱਠੀ ਲਿਖਣੀ ਕਿਉਂ ਬੰਦ ਕਰ ਦਿੱਤੀ ਮੈਂ ਤਾਂ ਪੜ੍ਹੀ ਨੀ। ਇਸ ਕਰਕੇ ਕਿਸੇ ਦੀ ਚਿੱਠੀ ਚੋਰੀ ਪੜ੍ਹਨੀ ਵਰਜਿਤ ਮੰਨੀਂ ਜਾਂਦੀ ਹੈ। ਬਹੁਤੀ ਵਾਰ ਚਿੱਠੀ ਕਿਸੇ ਖਾਸ ਵਿਅਕਤੀ ਲਈ ਭੇਜੀ ਹੋਵੇ ਤਾਂ ਬਾਹਰ ਲਿਖਿਆ ਹੁੰਦਾ ਹੈ ਕਿ ਇਸ ਨੂੰ ਓਹੀ ਵਿਆਕਤੀ ਖੋਲ੍ਹੇ। ਪਰ ਅਸੀਂ ਇਹ ਸਲੀਕੇ ਘੱਟ ਹੀ ਸਿੱਖੇ ਹਨ। ਲੋਕ ਚੋਰੀ ਚੋਰੀ ਦੂਜਿਆਂ ਦੇ ਦਸਤਾਵੇਜ਼ ਪੜ੍ਹਨ ਲਈ ਮੌਕੇ ਦੀ ਤਾਕ ਵਿੱਚ ਰਹਿੰਦੇ ਹਨ।

ਪਹਿਲਾਂ ਕਈ ਵਾਰੀ ਸਾਦੇ ਕਾਗਜ਼ ਤੇ ਲਿਖ ਕੇ ਵੀ ਚਿੱਠੀ ਪਾ ਦਿੱਤੀ ਜਾਂਦੀ ਸੀ,ਇਸ ਨੂੰ ਬੇਰੰਗ ਚਿੱਠੀ ਕਿਹਾ ਜਾਂਦਾ ਸੀ।
ਜਦ ਆਉਂਦੀਆਂ ਕਲੇਜੇ ਸੱਲ ਪਾਉਂਦੀਆਂ
ਤੇਰੀਆਂ ਬੇਰੰਗ ਚਿੱਠੀਆਂ।
ਬਿੱਲੋ ਤੇਰੀਆਂ ਬੇਰੰਗ ਚਿੱਠੀਆਂ
ਹੁਣ ਪੜ੍ਹਿਆਂ ਕਰਾਂ ਕਿ ਦੱਸ ਨਾ।

ਸਾਹਿ ਬੰਨ੍ਹੀ ਚਿੱਠੀ ਸਾਦੇ ਕਾਗਜ਼ ਤੇ ਮੌਲੀਆਂ ਬੰਨ੍ਹ ਹਲਦੀ ਲਾਕੇ ਭੇਜੀਆਂ ਜਾਂਦੀਆਂ ਹਨ। ਅਜਿਹੀ ਚਿੱਠੀ ਨੂੰ ਲੋਕ ਬੇਸਬਰੀ ਨਾਲ ਉਡੀਕਦੇ ਹਨ। ਅੱਜਕੱਲ੍ਹ ਬਜ਼ਾਰ ਵਿੱਚ ਸੋਹਣੀਆਂ ਸੋਹਣੀਆਂ ਰੇਡੀਮੇਡ ਮਿਲਦੀਆਂ ਹਨ।
ਅਜਿਹੀਆਂ ਚਿੱਠੀਆਂ ਤੇ ਭੰਗੜੇ ਪੈਂਦੇ ਨੇ ਗੀਤ ਗਾਏ ਜਾਂਦੇ ਨੇ,
ਸ਼ਗਨਾਂ ਵਾਲ਼ੀ ਵੀਰ ਦੀ
ਸਾਹਿ ਚਿੱਠੀ ਮੈਂ ਤੇਲ ਚੋ ਚੋ ਲੰਘਾਈ
ਮੈਂ ਵਾਰੀ।

ਸਹੁਰੇ ਰਾਜੇ ਸਾਹਿ ਬੰਨ੍ਹਿਆ
ਵੀਰੇ ਬਾਬਲ ਸ਼ਗਨ ਮਨਾਏ
ਮੈਂ ਵਾਰੀ।

ਮੰਨ ਵਧਾਈਆਂ ਮਾਂ ਰਾਣੀਏ
ਤੇਰੇ ਘਰ ਸ਼ਗਨ ਆਏ
ਮੈਂ ਵਾਰੀ।

ਇਸ ਤਰ੍ਹਾਂ ਹੀ ਪਾਟੀ ਹੋਈ ਚਿੱਠੀ ਕਿਸੇ ਦੇ ਮਰਨ ਦਾ ਸੁਨੇਹਾ ਮੰਨੀ ਜਾਂਦੀ ਸੀ। ਬਹੁਤੀ ਵਾਰ ਵੈਸੇ ਹੀ ਚਿੱਠੀ ਪਾਟ ਜਾਂਦੀ ਰੋਣੇ ਧੋਣੇ ਸ਼ੁਰੂ ਹੋ ਜਾਂਦੇ ਸੀ। ਕਹਿੰਦੇ ਨੇ ਇੱਕ ਵਾਰ ਕਿਸੇ ਮਹਾਜਨ ਪਰਿਵਾਰ ਦੇ ਘਰ ਲੰਡੇ ਇਬਾਰਤ ਵਿੱਚ ਲਿਖੀ ਹੋਈ ਚਿੱਠੀ ਆਈ ਕਿ ਲਾਲ਼ਾ ਜੀ ਅਜਮੇਰ ਗਏ।ਲੰਡੇ ਅੱਗੇ ਵਾਲਿਆਂ ਨੇ ਲਗਾਂ-ਮਾਤਰਾਂ ਗਲਤ ਸਮਝ ਲਈਆਂ। ਉਹਨਾਂ ਲਿਖਿਆ ਹੋਇਆ ਪੜ੍ਹਿਆ ਕਿ ਲਾਲ਼ਾ ਜੀ ਅੱਜ ਮਰ ਗਏ। ਰੋਣੇ ਧੋਣੇ ਸ਼ੁਰੂ ਹੋ ਗਏ।ਮੇਰੇ ਮਾਮਾ ਜੀ ਨੇ ਫੌਜ ਵਿਚੋਂ ਚਿੱਠੀ ਲਿਖੀ ਕਿ ਮੇਰਾ ਤੌਬਲ (towel )ਭੇਜ ਦਿਓ, ਪੜ੍ਹਨ ਵਾਲੇ ਨੂੰ ਅੰਗਰੇਜ਼ੀ ਨਾ ਆਵੇ ।ਉਹ ਟੁੱਟੀ ਫੁੱਟੀ ਅੰਗਰੇਜ਼ੀ ਪੜ੍ਹ ਕਹਿੰਦਾ ਤਬਲਾ ਮੰਗਵਾਇਆ ਹੈ।ਮੇਰੀ ਨਾਨੀ ਮਿੱਟੀ ਦਾ ਵਧੀਆ ਤਬਲਾ ਚੁੱਕੀ ਫਿਰੇ।

ਪੰਜਾਬੀ ਸਾਹਿਤ ਵਿੱਚ ਵੀਹ ਕੁ ਸਾਲ ਪਹਿਲਾਂ ਤੱਕ ਚਿੱਠੀ ਸ਼ਬਦ ਤੇ ਆਮ ਗੀਤ ,ਟੱਪੇ, ਬੋਲੀਆਂ ਤੇ ਬਾਤਾਂ ਲਿਖੀਆਂ ਜਾਂਦੀਆਂ ਸੀ,ਪਰ ਟੈਲੀਫੋਨ,ਮੋਬਾਇਲ ਦੇ ਰੁਝਾਨ ਨੇ ਖ਼ਤਮ ਕਰ ਦਿੱਤੇ ।ਹੁਣ ਇਸ ਤਰ੍ਹਾਂ ਦੀਆਂ ਰਚਨਾਵਾਂ ਨਹੀਂ ਸੁਣਨ ਨੂੰ ਮਿਲਦੀਆਂ:
ਚਿੱਠੀ ਲਿਖਦੀ ਮੈਂ ਸਾਰੀ
ਮੇਰੀ ਮੱਤ ਗਈ ਮਾਰੀ
ਪੂਰੀ ਕਰਕੇ ਤਿਆਰੀ
ਜਦ ਲਿਖਣ ਲੱਗੀ ਮੈਂ ਤੇਰਾ ਨਾਂ
ਚੰਨਾ ਮੈ ਤੇਰਾਂ ਨਾ ਭੁੱਲਗੀ। ਗੁਰਦਾਸ ਮਾਨ

ਚਿੱਠੀਏ ਨੀ ਚਿੱਠੀਏ
ਹੰਝੂਆਂ ਨਾਲ ਲਿਖੀਏ । ਹਰਭਜਨ ਮਾਨ

ਮੈਂ ਚਿੱਠੀ ਲਿਖਾਂ ਤੈਨੂੰ
ਹੱਥਾਂ ਗੋਰਿਆਂ ਦੇ ਨਾਲ ਵੇ
ਹੋਰ ਸਾਰੇ ਸੁੱਖ ਚੰਨਾ
ਸਾਡਾ ਬੁਰਾ ਹਾਲ ਵੇ। ਨਛੱਤਰ ਛੱਤਾ

ਐਡਾ ਖ਼ਤ ਲਿਖਕੇ ਪਾ ਸੱਜਣਾ
ਮੇਰੀ ਉਮਰ ਬੀਤ ਜਾਏ ਪੜ੍ਹਦੀ ਦੀ। ਰਾਜ ਬਰਾੜ

ਚਿੱਠੀਆਂ ਸਾਹਿਬਾਂ ਜੱਟੀ ਨੇ
ਲਿਖ ਮਿਰਜ਼ੇ ਨੂੰ ਪਾਈਆਂ। ਕੁਲਦੀਪ ਮਾਣਕ

ਕਾਂਵਾਂ ਵੇ ਸੁਣ ਕਾਂਵਾਂ
ਜਾਂਦਾ ਹੋਇਆ ਦੱਸ ਨਾ ਗਿਆ
ਲਿਖ ਚਿੱਠੀਆਂ ਕਿਧਰ ਨੂੰ ਪਾਵਾਂ। ਟੱਪੇ

ਚਿੱਠੀ ਪਾ ਵੇ ਅੰਮਾਂ ਦਿਆਂ ਜਾਇਆ
ਭੈਣ ਪ੍ਰਦੇਸ਼ਣ ਨੂੰ। ਬੋਲੀ

ਤਾਣਾ ਤਾਣਾ ਤਾਣਾ
ਚਿੱਠੀਆਂ ਮੈਂ ਲਿਖਦੀ
ਪੜ੍ਹ ਮੁੰਡਿਆ ਅਣਜਾਣਾ। ਬੋਲੀ

ਗਿੱਧਾ ਪਾਵਾਂ ਸਗਨ ਮਨਾਵਾਂ
ਚਿੱਠੀ ਆਈ ਬਰ੍ਹਮਾ 'ਚੋ । ਬੋਲੀ

ਨੀਲੀ ਕੁਕੜੀ ਨੀਲੇ ਪੈਰ
ਚੱਲ ਮੇਰੀ ਕੁਕੜੀ ਸ਼ਹਿਰੋਂ ਸ਼ਹਿਰ
। ਬਾਤ ਚਿੱਠੀ

ਚਿੱਠੀ ਦੁੱਖ ਸੁੱਖ ਤੇ ਪੰਜਾਬੀ ਸਭਿਆਚਾਰ, ਪੰਜਾਬੀ ਜੀਵਨ ਤੇ ਪੰਜਾਬੀ ਸਾਹਿਤ ਦਾ ਬਹੁਤ ਪਿਆਰਾ ਤੇ ਨਾ ਭੁੱਲਣ ਯੋਗ ਹਿੱਸਾ ਰਿਹਾ ਹੈ। ਤਕਨੀਕ ਨੇ ਬਹੁਤ ਕੁਝ ਬਦਲ ਦਿੱਤਾ। ਉਥੇ ਹੀ ਇਹ ਚਿੱਠੀ ਨੂੰ ਨਿਗਲ਼ ਗਈ। ਹੁਣ ਸਿਰਫ ਸਕੂਲਾਂ ਦੀਆਂ ਕਿਤਾਬਾਂ ਵਿੱਚ ਬੱਚਿਆਂ ਦੇ ਲਿਖਣ ਦੀ ਆਈਟਮ ਬਣਕੇ ਰਹਿ ਗਈ ਹੈ। ਜਿਸ ਪ੍ਰਤੀ ਨਾ ਅਧਿਆਪਕ ,ਨਾ ਬੱਚੇ ਸੁਹਿਰਦ ਹਨ। ਹਾਂ ਅੱਜਕਲ੍ਹ ਕਦੇ ਕਦੇ ਬੈਂਕ ਜਾ ਸਰਕਾਰੀ ਚਿੱਠੀਆਂ ਆ ਜਾਂਦੀਆਂ ਹਨ । ਉਹਨਾਂ ਦਾ ਬੱਚਿਆਂ ਨਾਲ ਕੋਈ ਸਬੰਧ ਨਹੀਂ ਹੁੰਦਾ।ਨਵੇਂ ਬੱਚੇ ਇਸ ਤੋਂ ਦੂਰ ਹਨ। ਉਹ ਇਸ ਦਾ ਇਤਿਹਾਸ ਜਾਂ ਮਹੱਤਵ ਨਹੀਂ ਜਾਣਦੇ। ਸਕੂਲਾਂ ਵਿੱਚ ਇਹ ਕਲਾ ਜ਼ਰੂਰ ਸਿਖਾਉਣੀ ਚਾਹੀਦੀ ਹੈ। ਤਾਂ ਕਿ ਇਸ ਦਾ ਵਜੂਦ ਕਾਇਮ ਰਹਿ ਸਕੇ।

ਲਾਡੀ ਜਗਤਾਰ
9463603091

# ਪੱਛਮੀ ਦੇਸਾਂ ਦੇ ਰੁਖ ਨੂੰ ਪਛਾਣ ਕੇ ਪੰਜਾਬੀ ਸਹੀ ਰਸਤੇ ਇਖਤਿਆਰ ਕਰਨ ਦੀ ਲੋੜ

ਸੁਖਪਾਲ ਸਿੰਘ ਗਿੱਲ

ਪ੍ਰਵਾਸ ਦਾ ਚਾਅ ਪੰਜਾਬੀਆਂ ਵਿੱਚ ਇਸ ਕਦਰ ਵੱਧ ਚੁੱਕਾ ਹੈ, ਜਿਸ ਤਰ੍ਹਾਂ ਜੋਬਨ ਉੱਤੇ ਫਲਾਂ ਨਾਲ ਭਰੇ ਦਰਖਤਾਂ ਨੂੰ ਦੇਖ ਕੇ ਮਾਲੀ ਜਾਂ ਮਾਲਕ ਨੂੰ ਹੁੰਦਾ ਹੈ। ਫਲਾਂ ਨਾਲ ਭਰੇ ਦਰਖਤ ਨੂੰ ਜਦੋਂ ਕੋਈ ਹਲੂਣਾ ਦੇ ਦਿੰਦਾ ਹੈ, ਪੱਕੇ ਕੱਚੇ ਸਭ ਝੜ ਜਾਂਦੇ ਹਨ।

ਇਸੇ ਤਰ੍ਹਾਂ ਪੱਛਮੀ ਮੁਲਕਾਂ ਨੇ ਪੰਜਾਬੀਆਂ ਦੇ ਪ੍ਰਵਾਸ ਨੂੰ ਹਲੂਣਾ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਸ਼ੰਕਾਵਾਂ ਅਤੇ ਚਿੰਤਾਵਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਪੰਜਾਬੀ 1950 ਵਿੱਚ ਹੀ ਬਾਹਰਲੇ ਮੁਲਕਾਂ ਵਿੱਚ ਜਾਣੇ ਸ਼ੁਰੂ ਹੋ ਗਏ ਸਨ। ਉਦੋਂ ਇਹ ਖਿਆਲ ਵੀ ਮਨ ਵਿੱਚ ਆਉਂਦਾ ਕਿ ਦੇਸ਼ ਦੀ ਅਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਦਾ ਕੀ ਫਾਇਦਾ ਹੋਇਆ, ਜੇ ਅੰਗਰੇਜ਼ਾਂ ਦੇ ਮਗਰ ਹੀ ਦੌੜਨਾ ਸੀ। ਪਿਛਲੇ ਢਾਈ ਤਿੰਨ ਦਹਾਕਿਆਂ ਤੋਂ ਤਾਂ ਤੜਾਗੀ ਬੰਨ੍ਹ ਹੀ ਪੰਜਾਬੀ ਪ੍ਰਵਾਸੀ ਬਣ ਰਹੇ ਹਨ। ਇਸਦਾ ਸਭ ਤੋਂ ਵੱਡਾ ਕਾਰਨ ਬੇਰੁਜ਼ਗਾਰੀ ਹੈ, ਜਿਸਦੀ ਦਰ 2019 ਵਿੱਚ 8.2 ਫੀਸਦੀ ਸੀ। ਇਸ ਤੋਂ ਇਲਾਵਾ ਨੌਕਰੀ ਦੀ ਅਸੁਰੱਖਿਆ ਅਤੇ ਹੁਨਰ ਦੀ ਕਮੀ ਵੀ ਪ੍ਰਵਾਸ ਦਾ ਕਾਰਨ ਬਣਿਆ। ਜਿਸ ਤਰਜ਼ 'ਤੇ ਆਈ.ਟੀ.ਆਈਜ਼ ਸਨ, ਉਸ ਦਾ ਮਤਲਬ ਹੀ ਹੁਨਰਮੰਦੀ ਪੈਦਾ ਕਰਕੇ ਰੁਜ਼ਗਾਰ ਦੇਣਾ ਸੀ। ਇਹ ਸੰਸਥਾਵਾਂ ਵੀ ਚੰਗੇ ਨਤੀਜੇ ਨਹੀਂ ਦੇ ਸਕੀਆਂ। ਪੰਜਾਬ ਸਰਕਾਰ ਨੇ ਸਕਿਲਡ ਸੈਂਟਰ ਖੋਲ੍ਹੇ, ਪਰ ਇਹ ਵੀ ਕੋਈ ਪਹੁੰਚ ਨਹੀਂ ਅਪਣਾ ਸਕੇ। ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਨੌਜਵਾਨੀ ਅਸਥਿਰ ਅਤੇ ਲਾਚਾਰ ਹੋਣ ਲੱਗੀ। ਵੇਲਾ ਬੀਤਣ ਤੋਂ ਬਾਅਦ ਜਾਗਣਾ ਨਿਸਫਲ ਹੁੰਦਾ ਹੈ। ਹੁਣ ਪੰਜਾਬੀ ਨੌਜਵਾਨ ਤਰੱਕੀ ਅਤੇ ਬਜ਼ੁਰਗ ਘਰਾਂ ਦੀ ਰੌਣਕ ਲੱਭ ਰਹੇ ਹਨ।

ਪ੍ਰਵਾਸ ਲਈ ਇੱਕ ਦੂਜੇ ਤੋਂ ਅੱਗੇ ਨੱਠ ਨੌਜਵਾਨੀ ਆਪਣੇ ਆਪ ਗਵਾਚ ਗਈ ਹੈ। ਇਸ ਵਰਤਾਰੇ ਨੇ ਸੱਭਿਆਚਾਰ, ਸਿੱਖਿਆ ਅਤੇ ਪੰਜਾਬੀਅਤ ਨੂੰ ਭੁਲਾਉਣ ਲਈ ਨਾਂਹ ਪੱਖੀ ਰੋਲ ਨਿਭਾਇਆ ਹੈ। ਵਿਧਾਤਾ ਸਿੰਘ ਤੀਰ ਦੀਆਂ ਲਿਖੀਆਂ ਇਨ੍ਹਾਂ ਸਤਰਾਂ ਵਾਲਾ ਪੰਜਾਬੀ ਮੋਹ ਪਿਆਰ ਅੱਜ ਨਹੀਂ ਰਿਹਾ,



ਮੰਗਾਂ ਰੋਜ਼ ਮੁਰਾਦ ਮੈਂ ਰੱਬ ਕੋਲੋਂ,
ਮੇਰੇ ਦਿਲ ਦਾ ਤਾਂ ਅਰਮਾਨ ਨਿਕਲੇ,
ਇਸ ਵਤਨ ਵਿੱਚ ਜੰਮਿਆਂ ਪਲਿਆਂ ਹਾਂ,
ਵਤਨ ਵਿੱਚ ਹੀ ਮੇਰਾ ਬਬਾਨ ਨਿਕਲੇ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਤਕਾਲੀ ਵਾਈਸ ਚਾਂਸਲਰ ਸ੍ਰੀ ਜੋਗਿੰਦਰ ਸਿੰਘ ਪਵਾਰ ਨੇ ਬਹੁਤ ਸਮਾਂ ਪਹਿਲਾਂ ਹੀ ਪੰਜਾਬੀਆਂ ਦੇ ਵਿਦੇਸ਼ੀ ਰੁਝਾਨ ਨੂੰ ਰੋਕਣ ਲਈ ਰੁਜ਼ਗਾਰ ਗਰੰਟੀ ਘੜਨ ਦੀ ਸਲਾਹ ਦਿੱਤੀ ਸੀ। ਇਹ ਸਲਾਹ ਖੂਹ ਖਾਤੇ ਪੈ ਗਈ ਜਾਂ ਪਾ ਦਿੱਤੀ ਗਈ। ਹੈਰਾਨੀ ਉਦੋਂ ਵਧਦੀ ਹੈ ਜਦੋਂ ਅੰਕੜਾ ਆਉਂਦਾ ਹੈ ਕਿ ਹਰ ਸਾਲ 20 ਹਜ਼ਾਰ ਪੰਜਾਬੀ ਗੈਰਕਾਨੂੰਨੀ ਢੰਗ ਨਾਲ ਪ੍ਰਵਾਸ ਕਰਦੇ ਹਨ। 25 ਲੱਖ ਪੰਜਾਬੀ ਅਬਾਦੀ ਵਿਦੇਸ਼ਾਂ ਵਿੱਚ ਬੈਠੀ ਹੈ। ਕੈਨੇਡਾ ਦੀ ਅਬਾਦੀ ਦੀ 1.3% ਵਸੋਂ ਪੰਜਾਬੀ ਹੈ। ਅਮਰੀਕਾ, ਕੈਨੇਡਾ, ਅਸਟ੍ਰੇਲੀਆ ਅਤੇ ਇੰਗਲੈਂਡ ਵਿੱਚ ਕਾਫੀ ਪੰਜਾਬੀ ਵਸਦੇ ਹਨ। ਇਸੇ ਤਰ੍ਹਾਂ ਹੋਰ ਯੂਰਪੀ ਮੁਲਕਾਂ ਵਿੱਚ ਵੀ ਪੰਜਾਬੀ ਵਸਦੇ ਹਨ। ਪੰਜਾਬੀਆਂ ਦਾ ਵਿਦੇਸ਼ਾਂ ਵੱਲ ਪ੍ਰਵਾਸ ਉਸੇ ਰਫਤਾਰ ਨਾਲ ਜਾਰੀ ਹੈ। ਸਵੈ-ਜਲਵਤਨੀ ਨਾਲ ਪੰਜਾਬੀ ਆਪਣਾ ਦੇਸ਼, ਭਾਸ਼ਾ, ਖਿੱਤਾ ਅਤੇ ਕਿੱਤਾ ਛੱਡ ਕੇ ਜਾ ਰਹੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਰਿਪੋਰਟ ਮੁਤਾਬਕ ਪੰਜਾਬੀਆਂ ਨੇ ਵਿਦੇਸ਼ ਜਾਣ ਦੀ ਹੋੜ ਹੇਠ 14342 ਕਰੋੜ ਦਾ ਕਰਜ਼ਾ ਚੜ੍ਹਾ ਲਿਆ। ਲੜਕੀਆਂ ਲਈ ਖਤਰਾ ਅਤੇ ਏਜੰਟਾਂ ਦੀ ਲੁੱਟ ਵੀ ਇਸੇ ਲੜੀ ਦਾ ਹਿੱਸਾ ਹੈ। 2024 ਵਿੱਚ 1335678 ਭਾਰਤੀ ਵਿਦਿਆਰਥੀ ਬਾਹਰ ਪੜ੍ਹਨ ਗਏ। ਸਭ ਤੋਂ ਵੱਧ ਕੈਨੇਡਾ ਵਿੱਚ 42700 ਵਿਦਿਆਰਥੀ ਗਏ। ਅਮਰੀਕਾ ਵਿੱਚ 37763 ਵਿਦਿਆਰਥੀ ਗਏ। ਇਸੇ ਤਰ੍ਹਾਂ ਹੋਰ ਮੁਲਕਾਂ ਵਿੱਚ ਵੀ ਗਏ। ਪੰਜਾਬੀ ਨਿਯਮ ਤੋੜ ਕੇ ਵੀ ਖਤਰਿਆਂ ਦੇ ਖਿਲਾੜੀ ਬਣ ਜਾਂਦੇ ਹਨ। ਇਸ ਵਰਤਾਰੇ ਨੇ ਉਹਨਾਂ ਮੁਲਕਾਂ ਨੂੰ ਪ੍ਰਵਾਸ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਲਗਦਾ ਹੈ ਜਿਵੇਂ ਪੱਛਮੀ ਮੁਲਕਾਂ ਨੇ ਪ੍ਰਵਾਸੀਆਂ ਨੂੰ ਹਲੂਣਾ ਦਿੱਤਾ ਹੈ। ਅੱਗੇ ਕੀ ਕੁਝ ਹੁੰਦਾ ਹੈ, ਸਮਾਂ ਦੱਸੇਗਾ। ਅਮਰੀਕਾ ਵਿੱਚ ਫਿਰ ਤੋਂ ਟਰੰਪ ਕਾਰਡ ਚੱਲ ਗਿਆ ਹੈ। ਉਹ ਅਮਰੀਕਾ ਅੰਦਰ ਪ੍ਰਵਾਸ ਨੂੰ ਬੁਰਾ ਮੰਨਦਾ ਹੈ। ਆਸਟ੍ਰੇਲੀਆ ਵੀ ਕਾਫ਼ੀ ਸਖ਼ਤ ਹੋ ਗਿਆ। ਨਿਊਜ਼ੀਲੈਂਡ ਵੀ ਦੇਰ ਨਾਲ ਘਸਾ ਘਸਾ ਕੇ ਖੈਰ ਪਾਉਂਦਾ ਹੈ। ਇੰਗਲੈਂਡ ਅਤੇ ਜਰਮਨੀ ਵਿੱਚ ਵਿਆਹ ਤੋਂ ਬਿਨਾਂ ਜਾਂ ਹੀ ਨਹੀਂ ਸਕਦੇ। ਇਹ ਦੇਸ਼ ਮਾਂ ਪਿਓ ਲਿਜਾਣ ਬਾਰੇ ਵੀ ਨਿਯਮ ਘੜ ਰਹੇ ਹਨ।

ਕੈਨੇਡਾ ਦੀ ਗੱਲ ਕਰੀਏ ਤਾਂ ਉੱਥੇ ਟਰੂਡੋ ਫੈਕਟਰ ਵੀ ਦਾਅ 'ਤੇ ਲੱਗ ਚੁੱਕਾ ਹੈ। ਭਾਰਤ ਅਤੇ ਕੈਨੇਡਾ ਦੇ ਸੰਬੰਧ ਵਿਗੜ ਗਏ ਹਨ। ਕੈਨੇਡਾ ਆਪਣੇ ਦੇਸ਼ ਦੀਆਂ ਨਵੀਂਆਂ ਅਵਾਸ ਨੀਤੀਆਂ ਘੜ ਰਿਹਾ ਹੈ। ਅੱਜ ਲੱਖਾਂ ਵਿਦਿਆਰਥੀ ਅਤੇ ਰਿਫਿਊਜੀ ਪੱਛਮੀ ਮੁਲਕਾਂ ਵਿੱਚ ਵਾਰੀ ਦੀ ਉਡੀਕ ਵਿੱਚ ਲੱਗੇ ਹੋਏ ਹਨ। ਇਹਨਾਂ ਦਾ ਭਵਿੱਖ ਅਨਿਸ਼ਚਿਤ ਹੈ।

ਪੰਜਾਬੀਆਂ ਨੂੰ ਆਏ ਹਲੂਣੇ ਪਿੱਛੇ ਖੁਦ ਸਹੇੜੀਆਂ ਆਦਤਾਂ ਵੀ ਹਨ। ਉੱਥੇ ਨਸ਼ਿਆਂ, ਵੀਜ਼ਾ ਦੁਰਵਰਤੋਂ, ਵਾਰਦਾਤਾਂ ਅਤੇ ਚੋਰ ਮੋਰੀਆਂ ਵੀ ਹਲੂਣੇ ਦਾ ਕਾਰਨ ਬਣੀਆਂ। ਮਾਰਕ ਮਿੱਲਰ ਦੇ ਬਿਆਨ ਇੱਥੇ, ਉੱਥੇ ਸਤਾ ਰਹੇ ਹਨ। ਕੈਨੇਡਾ ਨੇ ਆਪਣੀ ਅਵਾਸ ਨੀਤੀਆਂ ਵਿੱਚ ਕਈ ਸੋਧਾਂ ਕੀਤੀਆਂ, ਜਿਸ ਨਾਲ ਪੰਜਾਬੀ ਪ੍ਰਭਾਵਤ ਹੋਣਗੇ। ਮਲਟੀਪਲ ਵੀਜ਼ਾ ਸੀਮਤ ਕਰ ਦਿੱਤਾ ਗਿਆ ਹੈ। ਸਥਾਈ ਰਿਹਾਇਸ਼ ਲਈ ਸਖ਼ਤ ਨਿਯਮ ਘੜੇ ਗਏ ਹਨ। ਕੈਨੇਡਾ ਆਪਣੇ ਨਾਗਰਿਕਾਂ ਨੂੰ ਹੁਨਰ ਵਿੱਚ ਪਹਿਲ ਦੇਵੇਗਾ। ਛੋਟੇ ਕੋਰਸਾਂ ਵਾਲੇ ਸਪਾਊਸ ਵੀਜ਼ਾ ਨਹੀਂ ਲੈ ਸਕਣਗੇ। ਵਰਕ ਪਰਮਿਟ ਤੋਂ ਪਹਿਲਾਂ ਆਈਲੈਟ ਦੀ ਸ਼ਰਤ ਲਾ ਦਿੱਤੀ ਹੈ। ਜੀ ਆਈ ਸੀ 10 ਹਜ਼ਾਰ ਡਾਲਰ ਤੋਂ ਵਧਾ ਕੇ 20 ਹਜ਼ਾਰ 675 ਡਾਲਰ ਕਰ ਦਿੱਤਾ ਹੈ। ਇਸ ਸਭ ਨੇ ਪੰਜਾਬੀਆਂ ਲਈ ਹੋਰ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਭਾਰਤ ਸਰਕਾਰ ਨੂੰ ਤੁਰੰਤ ਜਾਗਣ ਅਤੇ ਮੌਕਾ ਸਾਂਭਣ ਦੀ ਜ਼ਰੂਰਤ ਹੈ ਤਾਂ ਕੂਟਨੀਤਕ ਸੰਬੰਧਾਂ ਰਾਹੀਂ ਪੱਛਮੀ ਮੁਲਕਾਂ ਨੂੰ ਨਰਮ ਵਰਤਾਓ ਲਈ ਗੁਹਾਰ ਲਾਈ ਜਾ ਸਕੇ। ਪੱਛਮੀ ਮੁਲਕਾਂ ਦੇ ਰੁਖ ਨੂੰ ਪਛਾਣ ਕੇ ਪੰਜਾਬੀਆਂ ਨੂੰ ਵੀ ਸਹੀ ਰਸਤੇ ਇਖਤਿਆਰ ਕਰਨੇ ਚਾਹੀਦੇ ਹਨ ਤਾਂ ਜੋ ਭਵਿੱਖੀ ਚਿੰਤਾ ਤੋਂ ਛੁਟਕਾਰਾ ਮਿਲ ਸਕੇ।

# ਕੈਨੇਡਾ ਦੇ ਮੂਲ ਵਾਸੀਆਂ ਦਾ ਅਮੁੱਕ ਸੰਘਰਸ਼

**ਨਾਹਰ ਔਜਲਾ**

ਛੋਟੇ ਹੁੰਦਿਆਂ ਇਕ ਕਹਾਵਤ ਸੁਣਦੇ ਹੁੰਦੇ ਸੀ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।' ਇਹ ਗੱਲ ਮੈਨੂੰ ਕੈਨੇਡਾ ਦੇ ਮੂਲ ਵਾਸੀਆਂ 'ਤੇ ਵੀ ਪੂਰੀ ਢੁਕਦੀ ਜਾਪਦੀ ਹੈ, ਜਿਹੜੇ ਕਈ ਸਦੀਆਂ ਤੋਂ ਇਕ ਵੱਡੀ ਹਕੂਮਤ ਨਾਲ ਲੜਦੇ-ਮਰਦੇ ਆਪਣੀ ਹੋਂਦ ਨੂੰ ਬਚਾਉਣ ਲਈ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਟਰਾਂਸ ਮਾਊਂਟੇਨ ਪਾਈਪ ਲਾਈਨ ਨੂੰ ਕੱਢੇ ਜਾਣ ਤੋਂ ਰੋਕਣ ਲਈ ਉਨ੍ਹਾਂ ਨੇ ਆਪਣਾ ਸੰਘਰਸ਼ ਵਿੱਢਿਆ ਹੋਇਆ ਹੈ। ਸਰਕਾਰ ਨੇ ਕਈ ਵਾਰ ਨੇਟਿਵਾਂ ਨੂੰ ਗ੍ਰਿਫ਼ਤਾਰ ਕਰ ਕੇ ਮਸਲੇ ਨੂੰ ਦਬਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀ। ਇਸ ਵਾਰ 'ਵੈਟ ਸੋਹੈਟ-ਇਨ' ਨੇਟਿਵਾਂ ਦੇ ਇਸ ਕਬੀਲੇ (ਬੈਂਡ) ਦੀ ਮੰਗ ਹੈ ਕਿ ਉਨ੍ਹਾਂ ਦੇ ਖੇਤਰ ਵਿਚ ਕੋਈ ਵੀ ਪ੍ਰਾਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸਹਿਮਤੀ ਲਈ ਜਾਣੀ ਜ਼ਰੂਰੀ ਹੈ। ਨਮੂਲ ਵਾਸੀ ਲੀਡਰਾਂ ਦਾ ਕਹਿਣਾ ਹੈ ਕਿ ਸਾਡੇ ਨਾਲ ਇਕ ਵੱਖਰੇ ਦੇਸ਼ ਦੀ ਤਰ੍ਹਾਂ ਗੱਲਬਾਤ ਚਲਾ ਕੇ ਸਮਝੌਤਾ ਕੀਤਾ ਜਾਵੇ। ਇਸ ਖੇਤਰ ਬਾਰੇ ਮੂਲ ਵਾਸੀਆਂ ਨੇ ਕਦੀ ਵੀ ਕਰਾਊਨ ਜਾਂ ਕੈਨੇਡੀਅਨ ਸਰਕਾਰ ਨਾਲ ਕੋਈ ਸੰਧੀ ਨਹੀਂ ਕੀਤੀ ਅਤੇ ਨਾ ਹੀ ਕਦੇ ਇਸ ਖੇਤਰ ਲਈ ਸਰਕਾਰ ਅੱਗੇ ਆਤਮ ਸਮਰਪਣ ਕੀਤਾ ਸੀ।

ਇਤਿਹਾਸਕਾਰਾਂ ਮੁਤਾਬਕ ਪਹਿਲਾਂ ਇਹ ਮੂਲ ਵਾਸੀ ਸਾਈਬੇਰੀਆ ਦੇ ਰਸਤੇ ਤੋਂ ਹੁੰਦੇ ਹੋਏ ਅਲਾਸਕਾ ਰਾਹੀਂ ਇਸ ਧਰਤੀ 'ਤੇ ਪਹੁੰਚੇ ਸਨ। ਮੂਲ ਵਾਸੀ ਕਬੀਲਿਆਂ ਦੇ ਲੋਕਾਂ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ, ਜਿਵੇਂ ਐਬਉਰਿਜਨਲ, ਫਸਟ ਨੇਸ਼ਨਜ਼, ਇਨਡਿਜੀਨਸ, ਇੰਡੀਅਨਜ਼ ਅਤੇ ਪਹਿਲਾਂ ਪਹਿਲ ਐਸਕੀਮੋ ਵੀ ਕਿਹਾ ਜਾਂਦਾ ਸੀ। ਮੂਲ ਵਾਸੀਆਂ ਦੇ ਪੰਜ ਦੇ ਕਰੀਬ ਮੁੱਖ ਕਬੀਲੇ ਹਨ ਜਿਹੜੇ ਅੱਗੇ ਛੋਟੇ ਛੋਟੇ ਬੈਂਡਾਂ (ਗਰੁੱਪਾਂ) 'ਚ ਵੰਡੇ ਜਾਣ ਨਾਲ ਇਨ੍ਹਾਂ ਦੀ ਗਿਣਤੀ ਕੋਈ 600 ਦੇ ਕਰੀਬ ਹੈ। ਇਨ੍ਹਾਂ ਦੀਆਂ ਗਿਆਰਾਂ ਭਾਸ਼ਾਵਾਂ ਉਹ ਹਨ ਜੋ ਸਿਰਫ਼ ਬੋਲੀਆਂ ਜਾਂਦੀਆਂ ਹਨ ਅਤੇ 65 ਦੇ ਕਰੀਬ ਉਪ-ਬੋਲੀਆਂ ਹਨ, ਪਰ ਅੱਜਕੱਲ੍ਹ ਇਹ ਮੁੱਖ ਤੌਰ 'ਤੇ ਫਰੈਂਚ ਅਤੇ ਅੰਗਰੇਜ਼ੀ ਹੀ ਬੋਲਦੇ ਹਨ। ਕਈ ਬੋਲੀਆਂ ਨੂੰ ਲਿੱਪੀ ਨਾਲ ਜੋੜਨ ਦੇ ਉਪਰਾਲੇ ਵੀ ਹੋ ਰਹੇ ਹਨ। ਕੁਝ ਸੰਸਥਾਵਾਂ ਵੱਲੋਂ ਇਨ੍ਹਾਂ ਦੀਆਂ ਕਈ ਭਾਸ਼ਾਵਾਂ ਨੂੰ ਸਰਕਾਰੀ ਮਾਨਤਾ ਦਿਵਾਉਣ ਦੀ ਕੋਸ਼ਿਸ਼ ਵੀ ਹੋ ਰਹੀ ਹੈ।

1492 'ਚ ਕੋਲੰਬਸ ਅਮਰੀਕਾ ਦੀ ਧਰਤੀ 'ਤੇ ਪਹੁੰਚਿਆ ਤੇ ਯੂਰੋਪੀਅਨਾਂ ਲਈ ਇਕ ਨਵਾਂ ਰਸਤਾ ਖੁੱਲ੍ਹ ਗਿਆ। ਸਦੀ ਦੇ ਅੰਤ 'ਤੇ ਕੁਝ ਫਰੈਂਚ ਮਿਸ਼ਨਰੀ ਆਪਣੇ ਮਿਸ਼ਨ ਲਈ ਕੈਨੇਡਾ ਦੀ ਧਰਤੀ 'ਤੇ ਵੀ ਪਹੁੰਚ ਗਏ। ਭੋਲੇ ਭਾਲੇ ਮੂਲ ਵਾਸੀਆਂ ਲਈ ਇਹ ਬਰਬਾਦੀ ਦੀ ਸ਼ੁਰੂਆਤ ਸੀ। ਯੂਰੋਪੀਅਨਾਂ ਨੇ ਆਪਣੇ ਆਖਰੀ ਪੜਾਅ ਦਾ ਆਰੰਭ ਲੋਕਾਂ ਨੂੰ ਕਾਰੋਬਾਰੀ ਧੰਦਿਆਂ 'ਚ ਪਾਉਣ ਨਾਲ ਕੀਤਾ। ਉਨ੍ਹਾਂ ਨੇ ਮੂਲ ਵਾਸੀਆਂ ਵੱਲੋਂ ਵਰਤੀ ਜਾਂਦੀ ਫਰ ਖ਼ਰੀਦਣੀ ਅਤੇ ਮੂਲ ਵਾਸੀਆਂ ਨੂੰ ਲੋਹਾ ਢਾਲ ਕੇ ਬਣਾਏ ਤਿੱਖੇ ਔਜ਼ਾਰ ਵੇਚਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਲੋਹੇ ਦੇ ਔਜ਼ਾਰਾਂ ਨਾਲ ਮੂਲ ਵਾਸੀਆਂ ਨੂੰ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ ਸੌਖਾ ਲੱਗਿਆ। ਸਮਾਂ ਪਾ ਕੇ ਯੂਰੋਪੀਅਨਾਂ ਨੇ ਆਪਣੇ ਬਿਜ਼ਨਸ ਇੱਥੇ ਹੀ ਲਾਉਣੇ ਸ਼ੁਰੂ ਕਰ ਦਿੱਤੇ। ਲੇਬਰ ਲੱਭਣ ਲਈ ਉਨ੍ਹਾਂ ਨੇ ਹਰ ਮੱਕਾਰੀ ਭਰਿਆ ਕੰਮ ਕੀਤਾ। ਫਰੈਂਚ ਲੋਕਾਂ ਨੇ ਮੂਲ ਵਾਸੀਆਂ ਲੋਕਾਂ ਦੀਆਂ ਔਰਤਾਂ ਨੂੰ ਭਰਮਾ ਕੇ, ਲਾਲਚ ਦੇ ਕੇ, ਝੂਠ ਫਰੇਬ ਜਾਂ ਜ਼ਬਰਦਸਤੀ ਉਨ੍ਹਾਂ ਨਾਲ ਵਿਆਹ ਕਰਵਾ ਲੈਣਾ, ਲੇਬਰ ਦਾ ਕੰਮ ਵੀ ਲੈਣਾ ਤੇ ਫੇਰ ਬੱਚੇ ਪੈਦਾ ਹੋਣ 'ਤੇ ਉਨ੍ਹਾਂ ਨੂੰ ਛੱਡ ਕੇ ਤੁਰ ਜਾਣਾ। ਇਨ੍ਹਾਂ ਹੀ ਪਰਿਵਾਰਾਂ ਨੂੰ ਅੱਗੇ ਜਾ ਕੇ ਮੇਟੀ ਕਮਿਊਨਿਟੀ ਦਾ ਨਾਂ ਦਿੱਤਾ ਗਿਆ। ਲੱਖਾਂ ਦੀ ਗਿਣਤੀ 'ਚ ਮੇਟੀ ਲੋਕ ਹੁਣ ਫਰੈਂਚ, ਅੰਗਰੇਜ਼ੀ ਤੇ ਥੋੜ੍ਹੀ ਬਹੁਤੀ ਆਪਣੇ ਬੈਂਡ ਦੀ ਭਾਸ਼ਾ 'ਮੀਚਿਫ' ਬੋਲਦੇ ਹਨ।

ਆਪਣੇ ਬਿਜ਼ਨਸ ਸੈੱਟ ਹੋ ਜਾਣ ਤੋਂ ਬਾਅਦ ਯੂਰੋਪੀਅਨਾਂ ਨੇ ਮੂਲ ਵਾਸੀਆਂ ਦੀ ਫਰ ਖ਼ਰੀਦਣੀ ਬੰਦ ਕਰ ਦਿੱਤੀ। ਨੇਟਿਵਾਂ 'ਚ ਬੇਰੁਜ਼ਗਾਰੀ ਵਧ ਗਈ। ਫਿਰ ਲੋਕਾਂ ਤੋਂ ਜ਼ਮੀਨਾਂ ਖੋਹਣ ਲਈ ਉਨ੍ਹਾਂ ਨਾਲ ਬੇ-ਮੇਚੇ ਸਮਝੌਤੇ ਕਰਨ ਲੱਗ ਪਏ। ਕਹਿਣ ਕਹਾਉਣ 'ਚ ਤਾਂ ਇਹ ਹੀ ਹੁੰਦਾ ਕਿ ਤੁਸੀਂ ਆਪਣੇ ਕਾਨੂੰਨ ਅਨੁਸਾਰ ਕੰਮ ਚਲਾਓ ਤੇ ਅਸੀਂ ਆਪਣੇ ਖੇਤਰ 'ਚ ਆਪਣੇ ਕਾਨੂੰਨ ਮੁਤਾਬਕ, ਪਰ ਹੁੰਦਾ ਸਭ ਧੱਕਾ ਹੀ ਸੀ।

ਕੈਨੇਡਾ ਦੀ ਧਰਤੀ 'ਤੇ ਮੂਲ ਵਾਸੀਆਂ ਦਾ ਮੁੱਖ ਕਿੱਤਾ ਮੱਛੀਆਂ ਫੜਨਾ ਸੀ। ਮੂਲ ਵਾਸੀਆਂ ਦੀ ਆਤਮ ਨਿਰਭਰਤਾ ਤੋੜਨ ਲਈ ਇਹ ਕੰਮ ਵੀ ਯੂਰੋਪੀਅਨ ਲੋਕ ਵੱਡੀਆਂ ਬੋਟਾਂ ਨਾਲ ਕਰਨ ਲੱਗ ਪਏ। ਮੂਲ ਵਾਸੀਆਂ ਦੇ ਮੱਛੀਆਂ ਫੜਨ ਵਾਲੇ ਖੇਤਰ ਸੀਮਿਤ ਕਰ ਦਿੱਤੇ ਗਏ। ਉਨ੍ਹਾਂ ਨੂੰ ਆਪਣੇ ਗੁਜ਼ਾਰੇ ਜੋਗੀਆਂ ਮੱਛੀਆਂ ਫੜਨ ਦੀ ਇਜਾਜ਼ਤ ਹੀ ਦਿੱਤੀ ਗਈ। ਕਾਨੂੰਨ ਤੋੜਨ ਦੇ ਬਹਾਨੇ ਹੇਠ ਨਮੂਲ ਵਾਸੀਆਂ ਨੂੰ ਜੇਲ੍ਹਾਂ 'ਚ ਸੁੱਟਿਆ ਜਾਂਦਾ।

ਬੇਰੁਜ਼ਗਾਰੀ ਨੇ ਮੂਲ ਵਾਸੀਆਂ ਦਾ ਲੱਕ ਤੋੜ ਦਿੱਤਾ। ਇਸ ਔਖੇ ਸਮੇਂ 'ਤੇ ਲੋਕਾਂ ਨੂੰ ਨਸ਼ੇ ਉਪਲੱਬਧ ਕਰਾਉਣੇ ਸ਼ੁਰੂ ਕਰ ਦਿੱਤੇ। ਲੋਕਾਂ ਦੇ ਤਣਾਅ 'ਚ ਆਉਣ ਕਾਰਨ ਉਨ੍ਹਾਂ ਦੇ ਘਰਾਂ 'ਚ ਹਿੰਸਾ ਵਧ ਗਈ। ਔਰਤਾਂ ਨਾਲ ਕੁੱਟਮਾਰ ਦੀਆਂ ਵਾਰਦਾਤਾਂ ਆਮ ਹੋਣ ਲੱਗ ਪਈਆਂ। ਬੱਚੇ ਅਣਗੌਲੇ ਹੋ ਗਏ। ਹੁਣ ਮੂਲ ਵਾਸੀਆਂ ਦਾ ਮਾਣ-ਸਨਮਾਨ, ਸੱਭਿਆਚਾਰ ਅਤੇ ਬੋਲੀ ਖ਼ਤਮ ਕਰ ਕੇ ਉਨ੍ਹਾਂ ਦਾ ਨਸਲਘਾਤ ਕਰਨ ਲਈ ਸਰਕਾਰੀ ਕਾਨੂੰਨ ਪਾਸ ਕਰ ਕੇ ਆਖਰੀ ਹੱਲਾ ਬੋਲ ਦਿੱਤਾ। ਮਿਸ਼ਨਰੀਆਂ ਦੀ ਮਦਦ ਨਾਲ ਵੱਡੇ ਕਸਬਿਆਂ 'ਚ 130 ਦੇ ਕਰੀਬ ਰੈਜੀਡੈਂਸੀਅਲ ਬੋਰਡਿੰਗ ਸਕੂਲ ਖੋਲ੍ਹ ਦਿੱਤੇ ਗਏ। ਸੁਹਿਰਦ ਲੋਕਾਂ ਅਤੇ ਮਨੁੱਖੀ ਅਧਿਕਾਰਾਂ ਦੇ ਗਰੁੱਪਾਂ ਵੱਲੋਂ ਦੁਨੀਆਂ ਭਰ 'ਚ ਇਸ ਧੱਕੇ ਖ਼ਿਲਾਫ਼ ਹਾਹਾਕਾਰ ਮਚਾਉਣ ਤੇ ਫਿਰ ਸਰਕਾਰ ਨੇ 1969 ਤੋਂ 1990 ਦੇ ਦਹਾਕੇ ਤਕ ਜਾ ਕੇ ਇਹ ਸਾਰੇ ਰੈਜੀਡੈਂਸੀਅਲ ਸਕੂਲ ਬੰਦ ਕਰ ਦਿੱਤੇ। ਤਕਰੀਬਨ ਡੇਢ ਲੱਖ ਬੱਚਿਆਂ ਨੂੰ ਇਨ੍ਹਾਂ ਸਕੂਲਾਂ 'ਚ ਫ਼ੌਜੀ ਅਨੁਸ਼ਾਸਨ ਅਧੀਨ ਕੈਦੀਆਂ ਦੀ ਤਰ੍ਹਾਂ ਰੱਖਿਆ ਗਿਆ।

ਇਨ੍ਹਾਂ ਬੱਚਿਆਂ ਨੂੰ ਸਰੀਰਿਕ, ਮਾਨਸਿਕ ਤਸੀਹਿਆਂ ਦੇ ਨਾਲ ਨਾਲ ਘਟੀਆ ਖਾਣਾ ਦੇ ਕੇ ਦਿਮਾਗ਼ੀ ਤੌਰ 'ਤੇ ਪਰੇਸ਼ਾਨ ਕੀਤਾ ਜਾਂਦਾ ਸੀ। ਉਨ੍ਹਾਂ ਦੀ ਆਪਣੀ ਬੋਲੀ ਬੋਲਣ 'ਤੇ ਸਰੀਰਿਕ ਤਸੀਹੇ ਦਿੱਤੇ ਜਾਂਦੇ। ਅਣਗਿਣਤ ਬੱਚਿਆਂ ਨੇ ਇਨ੍ਹਾਂ ਤਸੀਹਿਆਂ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ। ਰੈਜੀਡੈਂਸੀਅਲ ਸਕੂਲਾਂ 'ਚ ਪੜ੍ਹਦੇ ਬੱਚੇ ਆਪਣੇ ਘਰਾਂ ਤੋਂ ਸੈਂਕੜੇ ਮੀਲ ਦੂਰ ਹੋਣ ਕਰ ਕੇ ਦਹਾਕਿਆਂ ਬੱਧੀ ਆਪਣੇ ਮਾਪਿਆਂ ਨੂੰ ਮਿਲਣ ਤੋਂ ਵਾਂਝੇ ਰਹਿੰਦੇ ਰਹੇ। ਸਰਕਾਰ ਦਾ ਕਹਿਣਾ ਸੀ ਕਿ ਅਸੀਂ ਇਨ੍ਹਾਂ ਬੱਚਿਆਂ ਨੂੰ ਜਾਂਗਲੀਪੁਣੇ 'ਚੋਂ ਕੱਢ ਕੇ ਸਹੀ ਸੱਭਿਅਕ ਅਤੇ ਚੰਗੇ ਕੈਨੇਡੀਅਨ ਸ਼ਹਿਰੀ ਬਣਾ ਰਹੇ ਹਾਂ, ਪਰ ਅਸਲ ਯੋਜਨਾ ਤਾਂ ਉਨ੍ਹਾਂ ਦਾ ਸਭ ਕੁਝ ਖ਼ਤਮ ਕਰ ਕੇ ਉਨ੍ਹਾਂ ਨੂੰ ਯੂਰੋਪੀਅਨ ਕਲਚਰ 'ਚ ਮਿਕਸ ਕਰਨਾ ਸੀ। ਯੂਰੋਪੀਅਨਾਂ ਦੇ ਆਉਣ ਤੋਂ ਪਹਿਲਾਂ ਇਨ੍ਹਾਂ ਦੀ ਆਬਾਦੀ 11 ਮਿਲੀਅਨ ਦੇ ਕਰੀਬ ਸੀ, ਜਿਹੜੀ ਹੁਣ ਘਟ ਕੇ 1.4 ਮਿਲੀਅਨ ਦੇ ਕਰੀਬ ਹੀ ਰਹਿ ਗਈ ਹੈ। ਕੈਨੇਡਾ ਸਰਕਾਰ ਨੇ 1949 'ਚ ਯੂਨਾਈਟਿਡ ਨੇਸ਼ਨਜ਼ ਵੱਲੋਂ ਨਸਲਕੁਸ਼ੀ ਸਬੰਧੀ ਪਾਸ ਕੀਤੇ ਮਤੇ ਦੀ ਉਲੰਘਣਾ ਕੀਤੀ ਸੀ। ਜੂਨ 2008 'ਚ ਇਕ ਟਰੁੱਥ ਐਂਡ ਰੀਕੰਸੀਲੀਏਸ਼ਨ ਕਮਿਸ਼ਨ ਬਣਾਇਆ ਗਿਆ ਜਿਸਨੇ ਪੂਰੀ ਖੋਜ ਪੜਤਾਲ ਕਰ ਕੇ ਇਕ ਵੱਡੀ ਰਿਪੋਰਟ ਤਿਆਰ ਕੀਤੀ ਅਤੇ ਸੌ ਦੇ ਕਰੀਬ ਹਦਾਇਤਾਂ ਵੀ ਦਿੱਤੀਆਂ, ਜਿਨ੍ਹਾਂ ਨਾਲ ਇਸ ਕਮਿਊਨਟੀ ਦੇ ਜ਼ਖ਼ਮਾਂ 'ਤੇ ਕੁਝ ਮੱਲ੍ਹਮ ਲਾਉਣ ਦਾ ਕੰਮ ਕੀਤਾ ਜਾ ਸਕੇ। ਫਸਟ ਨੇਸ਼ਨਜ਼ ਦੇ ਮੁੱਖੀ ਵੱਲੋਂ 2006 'ਚ ਸਰਕਾਰ 'ਤੇ ਹਰਜਾਨੇ ਦਾ ਕੇਸ ਚਲਾਇਆ ਗਿਆ। ਕੈਨੇਡੀਅਨ ਸਰਕਾਰ ਨੇ 2008 'ਚ ਇਸ ਦੀ ਜਨਤਕ ਤੌਰ 'ਤੇ ਮੁਆਫ਼ੀ ਮੰਗੀ ਅਤੇ ਬਿਲੀਅਨ ਡਾਲਰਾਂ ਦਾ ਮੁਆਵਜ਼ਾ ਦੇਣਾ ਵੀ ਮੰਨਿਆ।

ਅੱਜ ਵੀ ਮੂਲ ਵਾਸੀਆਂ ਦੇ ਰਹਿਣ ਵਾਲੀਆਂ ਥਾਵਾਂ 'ਤੇ ਸਰੀਰਾਂ ਨੂੰ ਫਰੀਜ਼ ਕਰ ਦੇਣ ਵਾਲੀ ਠੰਢ ਸਮੇਂ ਵੀ ਹੀਟ ਦਾ ਯੋਗ ਪ੍ਰਬੰਧ ਨਹੀਂ ਹੈ। ਪੜ੍ਹਾਈ ਲਈ ਅਜੇ ਵੀ ਬੱਚਿਆਂ ਨੂੰ ਦੂਰ ਦੁਰਾਡੇ ਦੇ ਸ਼ਹਿਰਾਂ 'ਚ ਜਾਣਾ ਪੈਂਦਾ ਹੈ। ਮੂਲ ਵਾਸੀ ਸਮੁਦਾਏ ਦੇ ਉੱਚੀ ਵਿਦਿਆ ਪ੍ਰਾਪਤ ਬੱਚਿਆਂ ਦੀ ਗਿਣਤੀ ਉਨ੍ਹਾਂ ਦੀ ਕੁੱਲ ਆਬਾਦੀ ਦਾ 10% ਤੋਂ ਵੀ ਘੱਟ ਬਣਦੀ ਹੈ। ਵਿਦਿਆਰਥੀਆਂ ਨੂੰ ਵੱਡੇ ਸ਼ਹਿਰਾਂ 'ਚ ਅਜੇ ਵੀ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਣੀ, ਪੀਣ ਦੇ ਯੋਗ ਨਹੀਂ ਹੈ। ਉਨ੍ਹਾਂ ਦੇ ਖੇਤਰ 'ਚ ਅਜੇ ਵੀ ਰੁਜ਼ਗਾਰ ਦਾ ਕੋਈ ਢੁਕਵਾਂ ਪ੍ਰਬੰਧ ਨਹੀਂ ਹੈ। ਜਿਹੜੇ ਬੱਚੇ ਅਸਲੀ ਮਾਂ ਪਿਉ ਤੋਂ ਪਰੇ ਹੋਰ ਘਰਾਂ 'ਚ ਸੰਭਾਲੇ ਜਾਂਦੇ ਹਨ, ਉਨ੍ਹਾਂ ਨੂੰ ਫਾਸਟਰ ਪੇਰੈਂਟਸ ਕਿਹਾ ਜਾਂਦਾ ਹੈ। ਜਿੰਨੇ ਬੱਚੇ ਇਨ੍ਹਾਂ ਘਰਾਂ 'ਚ ਪਲਦੇ ਹਨ, ਉਨ੍ਹਾਂ 'ਚੋਂ 50% ਬੱਚੇ ਮੂਲ ਵਾਸੀਆਂ ਦੇ ਹਨ। ਬਹੁਤ ਸਾਰੇ ਬੱਚੇ ਜੋ ਰੇਜੀਡੈਂਸੀਅਲ ਸਕੂਲਾਂ ਵਿਚੋਂ ਨਿਕਲੇ ਸਨ, ਉਹ ਆਪਣੇ ਮਾਪਿਆਂ ਨਾਲ ਉਨ੍ਹਾਂ ਦੀ ਬੋਲੀ 'ਚ ਗੱਲ ਨਾ ਕਰ ਸਕਣ ਕਾਰਨ ਮਜਬੂਰੀ ਵੱਸ ਸ਼ਹਿਰਾਂ ਵੱਲ ਚਲੇ ਗਏ, ਜਿਨ੍ਹਾਂ ਵਿਚੋਂ ਬਹੁਤ ਸਾਰੇ ਮਾਨਸਿਕ ਪਰੇਸ਼ਾਨੀਆਂ ਕਾਰਨ ਥੋੜ੍ਹੇ ਜਿਹੇ ਵੈਲਫੇਅਰ ਦੇ ਮਿਲਦੇ ਪੈਸਿਆਂ 'ਤੇ ਹੀ ਗੁਜ਼ਾਰਾ ਕਰਦੇ ਰਹੇ। ਜ਼ਿੰਦਗੀ ਦਾ ਕੋਈ ਮਨੋਰਥ ਨਜ਼ਰ ਨਾ ਆਉਂਦਾ ਦੇਖ, ਨਸ਼ਿਆਂ 'ਚ ਗੁੱਟ ਰਹਿਣ ਲੱਗੇ।ਸਦੀਆਂ ਤੋਂ ਇੰਨੇ ਜ਼ਬਰ ਝੱਲਣ ਵਾਲੇ ਬਹੁਤ ਸਾਰੇ ਮੂਲ ਵਾਸੀ ਏਨੀਆਂ ਭੈੜੀਆਂ ਹਾਲਤਾਂ 'ਚ ਰਹਿੰਦੇ ਹੋਏ ਅੱਜ ਵੀ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਲੜ ਰਹੇ ਹਨ। ਉਨ੍ਹਾਂ ਦੀ ਮੰਗ ਹੈ ਕਿ ਹਰ ਉਹ ਪ੍ਰੋਜੈਕਟ ਜੋ ਉਨ੍ਹਾਂ ਦੀ ਧਰਤੀ ਨਾਲ ਸਬੰਧਿਤ ਹੈ, ਉਹ ਉਨ੍ਹਾਂ ਦੀ ਸਹਿਮਤੀ ਨਾਲ ਹੀ ਨੇਪਰੇ ਚਾੜ੍ਹਿਆ ਜਾਵੇ। ਜ਼ਬਰਦਸਤੀ ਆਰਸੀਐਮਪੀ ਜਾਂ ਫ਼ੌਜ ਦੀ ਮਦਦ ਲੈ ਕੇ ਕੀਤੀ ਜਾਂਦੀ ਧੱਕੇਸ਼ਾਹੀ ਨੂੰ ਉਹ ਆਪਣੀ ਕਮਿਊਨਿਟੀ 'ਤੇ ਕੀਤਾ ਫ਼ੌਜੀ ਹਮਲਾ ਸਮਝਦੇ ਹਨ।

ਵਾਤਾਵਰਣ ਦੀ ਗੱਲ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਮੂਲ ਵਾਸੀਆਂ ਦੇ ਖੇਤਰ ਵਿਚੋਂ ਤੇਲ ਪਾਈਪ ਲਾਈਨ ਕੱਢਣ 'ਤੇ ਕੋਈ ਦਸ ਬਿਲੀਅਨ ਡਾਲਰ ਦਾ ਖ਼ਰਚਾ ਕੀਤਾ ਜਾ ਰਿਹਾ ਹੈ। ਇਹ ਟਾਰ ਸੈਂਡ ਤੇਲ ਕੱਢਣਾ, ਫੌਸਲ ਫਿਊਲ ਤੋਂ ਮਹਿੰਗਾ ਪੈਂਦਾ ਹੈ, ਫਿਰ ਤੇਲ ਸਾਫ਼ ਕਰਨ ਵਾਲੀਆਂ ਰਿਫਾਇਨਰੀਆਂ ਵੀ ਅਮਰੀਕਾ 'ਚ ਹਨ। ਜਦੋਂ ਕਦੀ ਓਪੈਕ, ਭਾਵ ਤੇਲ ਸਪਲਾਈ ਕਰਨ ਵਾਲੇ ਮੁਲਕਾਂ 'ਚ ਕੰਪੀਟੀਸ਼ਨ ਕਰ ਕੇ ਤੇਲ ਦੇ ਭਾਅ ਡਿੱਗ ਜਾਂਦੇ ਹਨ ਤਾਂ ਕੈਨੇਡਾ ਦੀਆਂ ਤੇਲ ਕੰਪਨੀਆਂ ਬਿਲੀਅਨਜ਼ ਡਾਲਰਾਂ ਦੇ ਘਾਟੇ 'ਚ ਚਲੀਆਂ ਜਾਂਦੀਆਂ ਹਨ ਜਿਸ ਕਾਰਨ ਅਲਬਰਟਾ ਪ੍ਰਾਂਤ ਪਿਛਲੇ ਲੰਮੇ ਸਮੇਂ ਤੋਂ ਮੰਦੀ 'ਚੋਂ ਨਹੀਂ ਨਿਕਲ ਸਕਿਆ। ਹੁਣ ਕਰੋਨਾ ਮਹਾਂਮਾਰੀ ਦਾ ਫਾਇਦਾ ਲੈਂਦਿਆਂ ਸਰਕਾਰ ਨੇ ਪਾਈਪ ਲਾਈਨ ਫੇਰ ਬਣਾਉਣੀ ਸ਼ੁਰੂ ਕਰ ਦਿੱਤੀ ਹੈ ਕਿਉਂਕਿ ਲੋਕ ਇਸ ਵਕਤ ਘਰਾਂ 'ਚ ਬੰਦ ਹਨ।ਕੈਨੇਡਾ ਦੇ ਮੂਲ ਵਾਸੀਆਂ ਦੀ ਕਹਾਣੀ ਵੀ ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਆਸਟਰੇਲੀਆ, ਭਾਰਤ ਸਮੇਤ ਕਈ ਹੋਰ ਦੇਸ਼ਾਂ ਦੇ ਮੂਲ ਵਾਸੀਆਂ ਨਾਲ ਮਿਲਦੀ ਜੁਲਦੀ ਹੀ ਹੈ। ਹਰ ਮੁਲਕ ਦੀਆਂ ਸਰਕਾਰਾਂ ਇਨ੍ਹਾਂ ਦੀ ਨਸਲਕੁਸ਼ੀ ਕਰ ਕੇ ਇਨ੍ਹਾਂ ਦੇ ਖੇਤਰਾਂ 'ਚੋਂ ਖਣਿਜ ਪਦਾਰਥਾਂ ਦੀ ਲੁੱਟ ਖਸੁੱਟ ਅਤੇ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ। ਇਨ੍ਹਾਂ ਦੀ ਬੋਲੀ, ਸੱਭਿਆਚਾਰ, ਪੜ੍ਹਾਈ ਅਤੇ ਰੁਜ਼ਗਾਰ, ਸਰਮਾਏਦਾਰੀ ਸਰਕਾਰਾਂ ਲਈ ਕੋਈ ਮੁੱਦਾ ਨਹੀਂ ਹੈ। ਪਰ ਇਤਿਹਾਸਕ ਗੱਲ ਇਹ ਹੈ ਕਿ ਮੂਲ ਵਾਸੀ ਆਪਣੀ ਨਿਗੂਣੀ ਜਿਹੀ ਤਾਕਤ ਨਾਲ ਆਪਣੀ ਲੜਾਈ ਨੂੰ ਅੰਤ ਤਕ ਲੜਨ ਦਾ ਹੌਸਲਾ ਰੱਖ ਰਹੇ ਹਨ।

## ਵਿਦੇਸ਼ 'ਚ ਕਤਲ ਦੇ ਮਾਮਲੇ 'ਚ ਗ੍ਰਿਫ਼ਤਾਰ ਦੋ ਬੇਗੁਨਾਹ ਪੰਜਾਬੀ ਮੰਤਰੀ ਧਾਲੀਵਾਲ ਨੇ ਇੰਝ ਕਰਵਾਏ ਰਿਹਾਅ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਅੰਮ੍ਰਿਤਸਰ ਦੇ ਦੋ ਨੌਜਵਾਨ ਨੌਕਰੀ ਦੀ ਭਾਲ 'ਚ ਵਿਦੇਸ਼ ਗਏ ਸਨ ਜਿੱਥੇ ਉਨ੍ਹਾਂ ਨੇ ਇੱਕ ਰੈਸਟੋਰੈਂਟ 'ਚ ਕੰਮ ਕੀਤਾ। ਆਪਣੀ ਨੌਕਰੀ ਦੌਰਾਨ ਗਾਹਕਾਂ ਨੂੰ ਖਾਣਾ ਪਰੋਸਦੇ ਸਮੇਂ ਫ਼ੂਡ ਪੁਆਇਜ਼ਨਿੰਗ ਕਾਰਨ ਅੱਠ ਲੋਕਾਂ ਦੀ ਮੌਤ ਹੋ ਗਈ। ਉਸ ਤੋਂ ਬਾਅਦ ਰੈਸਟੋਰੈਂਟ ਮਾਲਕ ਦੇ ਨਾਲ ਉੱਥੇ ਕੰਮ ਕਰਨ ਵਾਲੇ ਦੋ ਭਾਰਤੀ ਨੌਜਵਾਨਾਂ ਨੂੰ ਵੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ।ਅੰਮ੍ਰਿਤਸਰ ਦੇ ਰਹਿਣ ਵਾਲੇ ਦੋਵਾਂ ਨੌਜਵਾਨਾਂ ਦੇ ਇੱਕ ਦੋਸਤ ਨੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਇਹ ਜਾਣਕਾਰੀ ਦਿੱਤੀ। ਉਸ ਤੋਂ ਬਾਅਦ ਪਰਿਵਾਰ ਦੇ ਖ਼ਬਰ ਸੁਣ ਕੇ ਹੋਸ਼ ਉੱਡ ਗਏ। ਉਨ੍ਹਾਂ ਨੇ ਪੰਜਾਬ ਦੇ ਐਨਆਰਆਈ ਮੰਤਰਾਲੇ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਆਪਣੇ ਬੱਚਿਆਂ ਨੂੰ ਛੁਡਾਉਣ ਦੀ ਅਪੀਲ ਕੀਤੀ।

ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਮਾਮਲੇ ਸਬੰਧੀ ਭਾਰਤੀ ਦੂਤਘਰ ਨਾਲ ਚਰਚਾ ਕੀਤੀ ਅਤੇ ਇਸ ਤੋਂ ਬਾਅਦ ਦੋਵਾਂ ਬੱਚਿਆਂ ਵਿਰੁੱਧ ਕੇਸ ਦਰਜ ਨਾ ਕਰਨ ਲਈ ਕਿਹਾ ਅਤੇ ਉਨ੍ਹਾਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੀ ਮਦਦ ਨਾਲ ਦੋਵਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੋਵਾਂ ਨੌਜਵਾਨਾਂ ਦੇ ਪਰਿਵਾਰਾਂ ਨੂੰ ਮਿਲਣ ਗਏ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ।

## ਮਸ਼ਹੂਰ ਪੌਪ ਗਾਇਕ ਨੂੰ ਇਰਾਨੀ ਅਦਾਲਤ ਨੇ ਸੁਣਾਈ ਮੌਤ ਦੀ ਸਜ਼ਾ

ਤਹਿਰਾਨ (ਪੰਜਾਬੀ ਅਖਬਾਰ ਬਿਊਰੋ)- ਇਰਾਨ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਇਰਾਨ ਦੀ ਇੱਕ ਅਦਾਲਤ ਨੇ ਮਸ਼ਹੂਰ ਪੌਪ ਗਾਇਕ ਅਮੀਰ ਤਤਾਲੂ ਦੇ ਨਾਮ ਨਾਲ ਜਾਣੇ ਜਾਂਦੇ ਅਮੀਰ ਹੁਸੈਨ ਮਗਸੂਦਲੂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਉਸਨੂੰ ਈਸ਼ਨਿੰਦਾ ਦਾ ਦੋਸ਼ੀ ਪਾਇਆ ਹੈ। ਸੁਪਰੀਮ ਕੋਰਟ ਨੇ ਈਸ਼ਨਿੰਦਾ ਅਤੇ ਹੋਰ ਅਪਰਾਧਾਂ ਲਈ ਪਹਿਲਾਂ ਦਿੱਤੀ ਗਈ ਪੰਜ ਸਾਲ ਦੀ ਕੈਦ ਦੀ ਸਜ਼ਾ 'ਤੇ ਸਰਕਾਰੀ ਵਕੀਲ ਦੇ ਇਤਰਾਜ਼ ਨੂੰ ਸਵੀਕਾਰ ਕਰ ਲਿਆ। ਇਸੇ ਕਰ ਕੇ ਹੁਣ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਕੇਸ ਦੁਬਾਰਾ ਖੋਲ੍ਹਿਆ ਗਿਆ। ਜਦੋਂ ਜਾਂਚ ਕੀਤੀ ਗਈ ਤਾਂ ਸਰਕਾਰ ਵਲੋਂ ਕਹੀ ਗਈ ਗੱਲ ਸੱਚ ਪਾਈ ਗਈ। ਪੌਪ ਗਾਇਕ ਅਮੀਰ ਤਾਤਾਲੂ 'ਤੇ ਇਸਲਾਮ ਦੇ ਪੈਗੰਬਰ ਮੁਹੰਮਦ ਦਾ ਅਪਮਾਨ ਕਰਨ ਦਾ ਦੋਸ਼ ਸਹੀ ਸਾਬਿਤ ਹੋਇਆ। ਇਸੇ ਕਰ ਕੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਹਾਲਾਂਕਿ ਇਹ ਫ਼ੈਸਲਾ ਅੰਤਿਮ ਨਹੀਂ, ਅਤੇ ਇਸ ਖ਼ਿਲਾਫ਼ ਅਜੇ ਵੀ ਅਪੀਲ ਕੀਤੀ ਜਾ ਸਕਦੀ ਹੈ। ਜਾਣਕਾਰੀ ਮੁਤਾਬਿਕ 37 ਸਾਲਾ ਅਮੀਰ ਤਾਤਾਲੂ 2018 ਤੋਂ ਤੁਰਕੀ ਦੇ ਇਸਤਾਨਬੁਲ 'ਚ ਲੁਕਿਆ ਹੋਇਆ ਸੀ ਪਰ ਤੁਰਕੀ ਪੁਲੀਸ ਨੇ ਉਸ ਨੂੰ ਦਸੰਬਰ 2023 'ਚ ਇਰਾਨ ਦੇ ਹਵਾਲੇ ਕਰ ਦਿੱਤਾ। ਓਦੋਂ ਤੋਂ ਉਹ ਇਰਾਨ 'ਚ ਹਿਰਾਸਤ 'ਚ ਹੈ। ਤਾਤਾਲੂ ਨੂੰ ਵੇਸ਼ਵਾਗਮਨੀ ਨੂੰ ਉਤਸ਼ਾਹਿਤ ਕਰਨ ਦੇ ਦੋਸ਼ 'ਚ 10 ਸਾਲ ਦੀ ਕੈਦ ਦੀ ਸਜ਼ਾ ਵੀ ਸੁਣਾਈ ਗਈ ਸੀ। ਉਸ 'ਤੇ ਇਸਲਾਮਿਕ ਗਣਰਾਜ ਵਿਰੁੱਧ ਪ੍ਰਚਾਰ ਕਰਨ ਅਤੇ ਅਸ਼ਲੀਲ ਸਮੱਗਰੀ ਸਾਂਝੀ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਆਪਣੇ ਰੈਪ, ਪੌਪ ਅਤੇ ਆਰ ਅਤੇ ਬੀ ਦੇ ਕੰਪੋਜ਼ੀਸ਼ਨ ਲਈ ਜਾਣੇ ਜਾਂਦੇ ਇਸ ਟੈਟੂ ਗਾਇਕ 'ਤੇ ਪਹਿਲਾਂ ਵੀ ਕਈ ਦੋਸ਼ ਲੱਗ ਚੁੱਕੇ ਹਨ।

## ਕੈਨੇਡਾ ਆਏ ਦੋ ਪੰਜਾਬੀਆਂ ਨਾਲ ਵਾਪਰਿਆ ਭਾਣਾ

ਟੋਰੌਂਟੋ (ਪੰਜਾਬੀ ਅਖਬਾਰ ਬਿਊਰੋ)- ਚੰਗੇ ਭਵਿੱਖ ਦੀ ਆਸ 'ਚ ਪੰਜਾਬੀ ਨੌਜਵਾਨ ਅਕਸਰ ਪਰਿਵਾਰ ਛੱਡ ਕੇ ਵਿਦੇਸ਼ ਚਲੇ ਜਾਂਦੇ ਹਨ, ਪਰ ਜ਼ਰੂਰੀ ਨਹੀਂ ਕਿ ਉਹ ਉੱਥੇ ਸਫ਼ਲ ਹੀ ਹੋਣ। ਹਾਲ ਹੀ 'ਚ ਖ਼ੁਸ਼ਹਾਲ ਹੋਣ ਦੇ ਆਸ ਲਈ ਕੈਨੇਡਾ ਆਏ ਪਰ ਮੌਤ ਦੇ ਮੂੰਹ 'ਚ ਜਾਣ ਵਾਲੇ ਪੰਜਾਬੀਆਂ ਦੀ ਸੂਚੀ 'ਚ ਦੋ ਨਾਂ ਹੋਰ ਜੁੜ ਗਏ। ਤਾਜ਼ਾ ਜਾਣਕਾਰੀ ਮੁਤਾਬਿਕ ਸੰਦੀਪ ਸਿੰਘ ਅਤੇ ਜਸਵਿੰਦਰ ਸਿੰਘ ਨੇ ਅਚਣਚੇਤ ਦੁਨੀਆਂ ਨੂੰ ਅਲਵਿਦਾ ਆਖ ਦਿਤਾ।

ਕੈਲੇਡਨ ਦੀ ਸਿਮਰਪ੍ਰੀਤ ਕੌਰ ਵਲੋਂ ਗੋਅ ਫ਼ੰਡ ਮੀ ਪੇਜ ਸਥਾਪਿਤ ਕਰਦਿਆਂ ਦੱਸਿਆ ਕਿ ਸੰਦੀਪ ਸਿੰਘ ਆਪਣੇ ਪਿੱਛੇ ਪਤਨੀ, 10 ਸਾਲ ਦਾ ਇੱਕ ਬੇਟਾ ਅਤੇ ਦੋ ਹਫ਼ਤਿਆਂ ਦੀ ਇੱਕ ਬੇਟੀ ਛੱਡ ਗਿਆ ਹੈ। ਉਹ ਪਰਿਵਾਰ 'ਚ ਇਕੱਲਾ ਕਮਾਉਣ ਵਾਲਾ ਸੀ ਅਤੇ ਜ਼ਿੰਮੇਵਾਰੀਆਂ ਦਾ ਬੋਝ ਹੁਣ ਸੰਦੀਪ ਸਿੰਘ ਦੀ ਪਤਨੀ 'ਤੇ ਪੈ ਗਿਆ ਹੈ। ਸੰਦੀਪ ਸਿੰਘ ਦਾ ਅੰਤਿਮ ਸੰਸਕਾਰ ਕੈਨੇਡਾ 'ਚ ਹੀ ਕੀਤਾ ਜਾਵੇਗਾ ਅਤੇ ਬੇਟੇ ਨੂੰ ਕੈਨੇਡਾ ਸੱਦਣ ਲਈ ਆਰਥਿਕ ਸਹਾਇਤਾ ਦੀ ਮੰਗ ਕੀਤੀ ਗਈ ਹੈ।ਦੂਜੇ ਪਾਸੇ ਬਰੈਂਪਟਨ ਦੇ ਜਤਿਨ ਰਾਏ ਨੇ ਦੱਸਿਆ ਕਿ ਜਸਵਿੰਦਰ ਸਿੰਘ ਤਕਰੀਬਨ ਇੱਕ ਸਾਲ ਪਹਿਲਾਂ ਹੀ ਬਿਹਤਰ ਜ਼ਿੰਦਗੀ ਦੀ ਭਾਲ 'ਚ ਕੈਨੇਡਾ ਪੁੱਜਾ ਸੀ। ਮਾਹਿਲਪੁਰ ਤੋਂ ਬਤੌਰ ਰੈਫ਼ਿਊਜ਼ੀ ਕੈਨੇਡਾ ਪੁੱਜੇ ਜਸਵਿੰਦਰ ਸਿੰਘ ਦਾ ਕੋਈ ਨਜ਼ਦੀਕ ਪਰਿਵਾਰਕ ਮੈਂਬਰ ਇੱਥੇ ਮੌਜੂਦ ਨਹੀਂ। ਜਸਵਿੰਦਰ ਸਿੰਘ ਦੇ ਘਰ ਦੋ ਹਫ਼ਤੇ ਪਹਿਲਾਂ ਹੀ ਇੱਕ ਬੱਚੀ ਨੇ ਜਨਮ ਲਿਆ ਸੀ ਜਿਸ ਦੇ ਸਿਰ ਤੋਂ ਪਿਉ ਦਾ ਹੱਥ ਹਮੇਸ਼ਾ ਲਈ ਚੁੱਕਿਆ ਗਿਆ। ਮੌਜੂਦ ਸਮੇਂ 'ਚ ਦਰਪੇਸ਼ ਚੁਣੌਤੀਆਂ ਦਾ ਉਹ ਟਾਕਰਾ ਕਰ ਹੀ ਰਿਹਾ ਸੀ ਕਿ ਅਣਹੋਣੀ ਵਾਪਰ ਗਈ। ਪੰਜਾਬ ਰਹਿੰਦੇ ਪਰਿਵਾਰ ਕੋਲ ਐਨੇ ਆਰਥਿਕ ਸਾਧਨ ਨਹੀਂ ਕਿ ਉਹ ਕੈਨੇਡਾ ਆ ਸਕਣ ਅਤੇ ਭਾਈਚਾਰੇ ਵਲੋਂ ਉਸ ਦੀਆਂ ਅੰਤਿਮ ਰਸਮਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Sidhu Accounting & Financial Services



Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ
ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
ICCRC CRCIC
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

NORTHEAST AUTOMOTIVE



Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਨੇ ਇਮਰਾਨ ਖਾਨ ਅਤੇ ਉਹਨਾਂ ਦੀ ਬੇਗਮ ਬੁਸ਼ਰਾ ਖਾਣ ਨੂੰ ਕੈਦ ਦੀ ਸਜਾ ਸੁਣਾ ਦਿੱਤੀ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੀ ਇੱਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਣ ਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ 19 ਕਰੋੜ ਪੌਂਡ ਦੇ ਆਲ-ਕਾਦਿਰ ਟਰੱਸਟ ਭ੍ਰਿਸ਼ਟਾਚਾਰ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਹੈ ਅਤੇ ਦੋਹਾਂ ਨੂੰ ਕ੍ਰਮਵਾਰ 14 ਤੇ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਦੇ ਜੱਜ ਨਾਸਿਰ ਜਾਵੇਦ ਰਾਣਾ ਨੇ ਫੈਸਲਾ ਸੁਣਾਇਆ, ਜਿਸ ਨੂੰ ਵੱਖ ਵੱਖ ਕਾਰਨਾਂ ਤੋਂ ਤਿੰਨ ਵਾਰ ਟਾਲਿਆ ਜਾ ਚੁੱਕਿਆ ਸੀ। ਆਖਰੀ ਵਾਰ ਇਸ ਨੂੰ 13 ਜਨਵਰੀ ਨੂੰ ਟਾਲਿਆ ਗਿਆ ਸੀ। ਜੱਜ ਨੇ ਅਡਿਆਲਾ ਜੇਲ੍ਹ ਵਿੱਚ ਸਥਾਪਤ ਇੱਕ ਅਸਥਾਈ ਅਦਾਲਤ ਵਿੱਚ ਖਾਣ ਤੇ ਉਨ੍ਹਾਂ ਦੀ ਪਤਨੀ ਨੂੰ ਕੈਦ ਦੀ ਸਜ਼ਾ ਸੁਣਾਈ। ਕੌਮੀ ਜਵਾਬਦੇਹੀ ਬਿਊਰੋ (ਐਨਏਬੀ) ਨੇ ਦਸੰਬਰ 2023 ਵਿੱਚ ਖਾਣ (72), ਬੀਬੀ ਬੁਸ਼ਰਾ (50) ਅਤੇ ਛੇ ਹੋਰਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ,ਜਿਸ ਵਿੱਚ ਉਨ੍ਹਾਂ ’ਤੇ ਕੌਮੀ ਖਜ਼ਾਨੇ ਨੂੰ 19 ਕਰੋੜ ਪੌਂਡ (ਕਰੀਬ 50 ਅਰਬ ਪਾਕਿਸਤਾਨੀ ਰੁਪਏ) ਦਾ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਸੀ।

# ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਅਲਬਰਟਾ ਨੇ ਨਵਾਂ ਸਾਲ ਅਤੇ ਕ੍ਰਿਸਮਸ ਡੇ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜਨਵਰੀ 2025 ਨੂੰ ਸਾਕਾ ਦੇ ਸੀਨੀਅਰ ਵਾਈਸ ਪ੍ਰਧਾਨ ਹਰਦੀਪ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਸਾਕਾ ਦੇ ਦਫਤਰ ਵਿੱਚ ਇਹ ਸਮਾਗਮ ਮਨਾਏ ਗਏ। ਸਾਰੇ ਮੈਂਬਰਾਂ ਨੇ ਮਿਲ ਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਨਵੇਂ ਸਾਲ ਦੇ ਲਈ ਸਾਰੀ ਮਨੁੱਖਤਾ ਦੇ ਭਲੇ ਲਈ ਅਰਦਾਸ ਕੀਤੀ ਗਈ। ਪ੍ਰਸ਼ਾਦ ਵਰਤਾਇਆ ਗਿਆ। ਹਰ ਵਾਰ ਦੀ ਤਰ੍ਹਾਂ ਇਸ ਮਹੀਨੇ ਜਿੰਨਾ ਸੰਸਥਾ ਦੇ ਮੈਂਬਰ ਭੈਣ ਭਰਾਵਾਂ ਦਾ ਜਨਮਦਿਨ ਦਸੰਬਰ ਦੇ ਮਹੀਨੇ ਵਿੱਚ ਆਉਂਦਾ ਹੈ ਕੇਕ ਕੱਟਣ ਦੀ ਰਸਮ ਨਾਲ ਉਹਨਾਂ ਦਾ ਜਨਮ ਦਿਨ ਮਨਾਇਆ ਗਿਆ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ ।ਸਾਰੀ ਦੁਨੀਆਂ ਵਿੱਚ ਉਸਦੀ ਕਾਬਲੀਅਤ ਦਾ ਜੋ ਸਿੱਕਾ ਚੱਲਦਾ ਹੈ ਕਿ ਉਹ ਚੋਣ ਲੜੇ ਬਿਨਾਂ 10 ਸਾਲ ਇੰਡੀਆ ਦੇ ਪ੍ਰਧਾਨ ਮੰਤਰੀ ਰਹੇ,ਇੰਡੀਆ ਦੀ ਕਰੰਸੀ ਉੱਪਰ ਉਹਨਾਂ ਦੇ ਹਸਤਾਖਰ ਹਨ, ਉਹ ਮਹਾਨ ਅਰਥਸ਼ਾਸਤਰੀ ਸਨ, ਅਜਿਹੀਆਂ ਗੱਲਾਂ ਨੂੰ ਚੇਤੇ ਕਰਦਿਆਂ ਮਨਮੋਹਨ ਸਿੰਘ ਬਾਰੇ ਲੰਬਾ ਸਮਾਂ ਗੱਲਬਾਤ ਹੁੰਦੀ ਰਹੀ। ਬਲਵਿੰਦਰ ਸਿੰਘ ਬਿਰਦੀ,ਜਰਨੈਲ ਸਿੰਘ ਤੱਗੜ, ਗੁਰਤੇਜ ਕੌਰ ਸਿੱਧੂ, ਹਰਚੰਦ ਸਿੰਘ ਨੇ ਲੰਘੇ ਸ਼ਹੀਦੀ ਦਿਨਾਂ ਨੂੰ ਮੁੱਖ ਰੱਖਦੇ ਹੋਏ ਆਪੋ ਆਪਣੀਆਂ ਰਚਨਾਵਾਂ ਰਾਹੀਂ ਲਾਸਾਨੀ ਸਹਾਇਤਾ ਨੂੰ ਕੋਟ ਕੋਟ ਪ੍ਰਣਾਮ ਕਰਦਿਆਂ ਕਵਿਤਾਵਾਂ ਬੋਲੀਆਂ। ਕਈ ਕਵਿਤਾਵਾਂ ਵਿੱਚ ਨਵੇਂ ਸਾਲ ਦੀ ਖੁਸ਼ੀ ਵਿੱਚ ਤੰਦਰੁਸਤੀ ਦੀ ਕਾਮਨਾ ਵੀ ਕੀਤੀ ਗਈ। ਸਰਿੰਦਰ ਕੌਰ ਸੰਧੂ ਨੇ ਕਵਿਤਾ ਦੇ ਰੂਪ ਵਿੱਚ ਸ਼ਬਦ ਗਾਇਨ ਕੀਤਾ। ਦੁਪਹਿਰ ਦੇ ਖਾਣੇ ਅਤੇ ਚਾਹ ਪਾਣੀ ਦਾ ਯੋਗ ਪ੍ਰਬੰਧ ਸੀ। ਮਹਿੰਦਰ ਸਿੰਘ ਮੁੰਡੀ ਨੇ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਅਤੇ ਜਨਮ ਦਿਨਾਂ ਦੀਆਂ ਵਧਾਈਆਂ ਦਿੱਤੀਆਂ। ਆਪਣੇ ਸੁਭਾਅ ਅਨੁਸਾਰ ਉਹਨਾਂ ਕੁੱਝ ਚੁਟਕਲੇ ਵੀ ਸੁਣਾਏ। ਕਮੇਟੀ ਮੈਂਬਰ ਜਸਵੰਤ ਸਿੰਘ ਹੀਰ, ਕੁਲਦੀਪ ਸਿੰਘ ਗਿੱਲ, ਜਸਵੰਤ ਸਿੰਘ ਸਿੱਧੂ, ਦਲਵੀਰ ਕੌਰ ਕੰਗ, ਜਰਨੈਲ ਸਿੰਘ ਤੱਗੜ ਨੇ ਆਪੋ ਆਪਣੀ ਡਿਊਟੀ ਬਾਖ਼ੂਬ ਢੰਗ ਨਾਲ ਨਿਭਾਈ। ਸਟੇਜ ਦਾ ਬਾ ਖ਼ੂਬੀ ਸੰਚਾਲਨ ਗੁਰਮੇਲ ਸਿੰਘ ਸੰਧੂ ਨੇ ਕੀਤਾ।

# ਐਲਨ ਮਸਕ ਦਾ ਰਾਕੇਟ ਪ੍ਰੀਖਣ ਪੂਰੀ ਤਰਾਂ ਸਫਲ ਨਾ ਹੋ ਸਕਿਆ



ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਰਾਕੇਟ ਸਟਾਰਸ਼ਿਪ ਦਾ ਸੱਤਵਾਂ ਪ੍ਰੀਖਣ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਿਆ। ਰਾਕੇਟ ਨੂੰ ਬੋਕਾ ਚਿਕਾ, ਟੈਕਸਾਸ ਤੋਂ ਲਾਂਚ ਕੀਤਾ ਗਿਆ ਸੀ। ਲਾਂਚ ਦੇ ਅੱਠ ਮਿੰਟ ਬਾਅਦ, ਬੂਸਟਰ (ਹੇਠਲਾ ਹਿੱਸਾ) ਵੱਖ ਹੋ ਗਿਆ ਅਤੇ ਲਾਂਚ ਪੈਡ ‘ਤੇ ਵਾਪਸ ਆ ਗਿਆ। ਜਹਾਜ਼ (ਉੱਪਰਲੇ ਹਿੱਸੇ) ਵਿੱਚ ਆਕਸੀਜਨ ਲੀਕ ਹੋਣ ਕਾਰਨ ਧਮਾਕਾ ਹੋਇਆ। ਸਟਾਰਸ਼ਿਪ ਪੁਲਾੜ ਯਾਨ ਅਤੇ ਸੁਪਰ ਹੈਵੀ ਰਾਕੇਟ ਨੂੰ ਸਮੂਹਿਕ ਤੌਰ ‘ਤੇ ‘ਸਟਾਰਸ਼ਿਪ’ ਕਿਹਾ ਜਾਂਦਾ ਹੈ। ਸਟਾਰਸ਼ਿਪ ਵਿੱਚ 6 ਰੈਪਟਰ ਇੰਜਣ ਹਨ।

# ਦੋ ਭਾਰਤੀ ਔਰਤਾਂ ਨੂੰ ਘੱਟ ਤਨਖਾਹ ਦੇਣ ਵਾਲੇ ਡਾਕਟਰ ਨੂੰ ਸਜਾ ਬੋਲ ਗਈ



ਨਿਊਜਰਸੀ (ਪੰਜਾਬੀ ਅਖ਼ਬਾਰ ਬਿਊਰੋ) ਦੋ ਭਾਰਤੀ ਔਰਤਾਂ ਨੂੰ ਘੱਟ ਤਨਖ਼ਾਹ ’ਤੇ ਘਰੇਲੂ ਨੌਕਰ ਵੱਜੋਂ ਕੰਮ ’ਤੇ ਰੱਖਣ ਅਤੇ ਉਨ੍ਹਾਂ ਨੂੰ ਆਪਣੇ ਘਰ ਵਿੱਚ ਗ਼ੈਰ ਖਾਣੂੰਨੀ ਤੌਰ ’ਤੇ ਪਨਾਹ ਦੇਣ ਦੇ ਦੋਸ਼ ’ਚ ਇੱਕ ਭਾਰਤੀ-ਅਮਰੀਕੀ ਡਾਕਟਰ ਦਾ ਮੈਡੀਕਲ ਲਾਇਸੈਂਸ ਪੱਕੇ ਤੌਰ ’ਤੇ ਰੱਦ ਕਰ ਦਿਤਾ ਗਿਆ ਹੈ। ਡਾ। ਹਰਸ਼ਾ ਸਾਹਨੀ ਨਿਊ ਜਰਸੀ, ’ਚ ਗਠੀਏ ਦੀ ਮਾਹਰ ਡਾਕਟਰ ਹੈ। ਉਸਨੇ ਪਿਛਲੇ ਸਾਲ ਫ਼ਰਵਰੀ ਵਿੱਚ ਵਿਦੇਸ਼ੀ ਔਰਤਾਂ ਨੂੰ ਗ਼ੈਰ ਖਾਣੂੰਨੀ ਤੌਰ ’ਤੇ ਛੁਪਾਉਣ ਅਤੇ ਉਨ੍ਹਾਂ ਨੂੰ ਪਨਾਹ ਦੇਣ ਤੇ ਝੂਠੇ ਇਨਕਮ ਟੈਕਸ ਰਿਟਰਨ ਭਰਨ ਦੇ ਦੋਸ਼ਾਂ ਨੂੰ ਮੰਨ ਲਿਆ ਸੀ। ਅਟਾਰਨੀ ਜਨਰਲ ਮੈਥਿਊ ਜੇ ਪਲੈਟਕਿਨ ਨੇ ਕਿਹਾ ਕਿ ਸੰਘੀ ਅਦਾਲਤ ਦੇ ਜੱਜ ਨੇ ਅਕਤੂਬਰ 2024 ਵਿੱਚ ਡਾਕਟਰ ਨੂੰ 27 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਹੁਣ ਉਸਨੂੰ ਇਹ ਸਜ਼ਾ ਭੁਗਤਣੀ ਪਵੇਗੀ। ਇਸ ਤੋਂ ਪਹਿਲਾਂ ਸਾਹਨੀ ’ਤੇ ਅਸਥਾਈ ਤੌਰ ’ਤੇ ਸਤੰਬਰ 2023 ਤੋਂ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ’ਤੇ ਪਾਬੰਦੀ ਲਗਾ ਦਿਤੀ ਗਈ ਸੀ। ਅਟਾਰਨੀ ਜਨਰਲ ਪਲੈਟਕਿਨ ਨੇ ਕਿਹਾ, ‘ਅੱਜ ਇਸ ਫ਼ੈਸਲੇ ਨਾਲ ਇੱਕ ਪਰੇਸ਼ਾਨ ਕਰਨ ਵਾਲਾ ਕੇਸ ਬੰਦ ਹੋ ਗਿਆ ਹੈ ਜਿਸ ਵਿੱਚ ਦੇਖਭਾਲ ਅਤੇ ਦਇਆ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਦੀ ਸਹੁੰ ਚੁੱਕਣ ਵਾਲੀ ਇੱਕ ਡਾਕਟਰ ਨੇ ਵਿੱਤੀ ਲਾਭ ਲਈ ਪੀੜਤਾਂ ਦਾ ਸ਼ੋਸ਼ਣ ਕੀਤਾ ਅਤੇ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ।


















# ਸੈਫ਼ ਅਲੀ ਖ਼ਾਨ ’ਤੇ ਹਮਲਾ ਕਰਨ ਵਾਲਾ ਬੰਗਲਾਦੇਸ਼ੀ ਗ੍ਰਿਫ਼ਤਾਰ



ਮੁੰਬਈ: ਮੁੰਬਈ ਪੁਲੀਸ ਨੇ ਬੌਲੀਵੁਡ ਅਦਾਕਾਰ ਸੈਫ਼ ਅਲੀ ਖ਼ਾਨ ’ਤੇ ਚਾਕੂ ਨਾਲ ਹਮਲਾ ਕਰਨ ਵਾਲੇ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਮੁਲਜ਼ਮ ਨੂੰ ਕੋਰਟ ’ਚ ਪੇਸ਼ ਕਰ ਕੇ 24 ਜਨਵਰੀ ਤਕ ਰਿਮਾਂਡ ਹਾਸਲ ਕਰ ਲਿਆ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਮਲਾਵਰ, ਜੋ ਇੱਕ ਬੰਗਲਾਦੇਸ਼ੀ ਨਾਗਰਿਕ ਹੈ, ਇਸ ਗੱਲੋਂ ਅਣਜਾਣ ਸੀ ਕਿ ਉਹ ਬੌਲੀਵੁਡ ਅਦਾਕਾਰ ਦੇ ਘਰ ’ਚ ਦਾਖਲ ਹੋ ਚੁੱਕਾ ਹੈ। ਸੀਨੀਅਰ ਪੁਲੀਸ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੁਲਜ਼ਮ ਚੋਰੀ ਕਰਨ ਦੇ ਇਰਾਦੇ ਨਾਲ ਘਰ ’ਚ ਵੜਿਆ ਸੀ। ਅਧਿਕਾਰੀ ਨੇ ਕਿਹਾ ਕਿ ਹਮਲਾਵਰ ਨੂੰ ਨਾਲ ਲੱਗਦੇ ਠਾਣੇ ਜ਼ਿਲ੍ਹੇ ’ਚ ਗੋਦਬਾਂਦਰ ਰੋਡ ਸਥਿਤ ਹੀਰਾਨੰਦਾਨੀ ਐਸਟੇਟ ਤੋਂ ਕਾਬੂ ਕੀਤਾ ਗਿਆ ਹੈ।

ਅਧਿਕਾਰੀ ਮੁਤਾਬਿਕ ਮੁਲਜ਼ਮ ਦਾ ਅਸਲ ਨਾਮ ਸ਼ਰੀਫ਼ੁਲ ਇਸਲਾਮ ਸ਼ਹਿਜ਼ਾਦ ਮੁਹੰਮਦ ਰੋਹੀਲਾ ਅਮੀਨ ਫ਼ਕੀਰ ਹੈ, ਅਤੇ ਉਸ ਨੇ ਭਾਰਤ ’ਚ ਦਾਖਲ ਹੋਣ ਮਗਰੋਂ ਆਪਣਾ ਨਾਮ ਬਦਲ ਕੇ ਬਿਜੋਏ ਦਾਸ ਰੱਖ ਲਿਆ ਸੀ। ਮੁਲਜ਼ਮ, ਜਿਸ ਦੀ ਉਮਰ 30 ਸਾਲ ਦੇ ਕਰੀਬ ਹੈ, ਬੰਗਲਾਦੇਸ਼ ਦੇ ਝਾਲੋਕਾਟੀ ਦਾ ਰਹਿਣ ਵਾਲਾ ਹੈ। ਉਹ ਪਿਛਲੇ ਪੰਜ ਮਹੀਨਿਆਂ ਤੋਂ ਮੁੰਬਈ ’ਚ ਰਹਿ ਰਿਹਾ ਸੀ ਤੇ ਨਿੱਕੇ -ਮੋਟੇ ਕੰਮ ਕਰਦਾ ਸੀ। ਪੁਲੀਸ ਮੁਲਜ਼ਮ ਵਲੋਂ ਭਾਰਤ ’ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਲਈ ਵਰਤੇ ਦਸਤਾਵੇਜ਼ ਇਕੱਤਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

DCP ਦੀਕਸ਼ਿਤ ਗੇਦਾਮ ਨੇ ਕਿਹਾ, “ਪਹਿਲੀ ਨਜ਼ਰੇ ਮੁਲਜ਼ਮ ਇੱਕ ਬੰਗਲਾਦੇਸ਼ੀ ਨਾਗਰਿਕ ਹੈ। ਚੇਤੇ ਰਹੇ ਕਿ ਹਮਲਾਵਰ ਨੇ ਬੌਲੀਵੁਡ ਅਦਾਕਾਰ ਦੇ ਬਾਂਦਰਾ ’ਚ ਸਤਗੁਰੂ ਸ਼ਰਣ ਇਮਾਰਤ ’ਚ 12ਵੀਂ ਮੰਜ਼ਿਲ ਵਿੱਚਲੇ ਅਪਾਰਟਮੈਂਟ ’ਚ ਦਾਖਲ ਹੋ ਕੇ ਖ਼ਾਨ ਉੱਤੇ ਚਾਕੂ ਨਾਲ ਛੇ ਵਾਰ ਕੀਤੇ ਸਨ। ਖ਼ਾਨ ਐਮਰਜੈਂਸੀ ਸਰਜਰੀ ਮਗਰੋਂ ਲੀਲਾਵਤੀ ਹਸਪਤਾਲ ’ਚ ਜ਼ੇਰੇ ਇਲਾਜ ਹੈ। ਡਾਕਟਰਾਂ ਮੁਤਾਬਿਕ ਅਦਾਕਾਰ ਦੀ ਹਾਲਤ ਸਥਿਰ ਹੈ ਅਤੇ ਜਲਦੀ ਹੀ ਉਸ ਨੂੰ ਹਸਪਤਾਲ ’ਚੋਂ ਛੁੱਟੀ ਦੇ ਦਿੱਤੀ ਜਾਵੇਗੀ।

## ਅਮਰੀਕਾ ਆਲੇ ਕਨੇਡਾ ਨੂੰ ਅਮਰੀਕਨ ਸੂਬਾ ਬਣਾਉਣ ਦੀ ਸੋਚਣ ਵਾਲੀ ਕੋਈ ਗਲਤੀ ਨਾ ਕਰਨ ਕਿਉਂਕਿ ਸਾਡੇ ਕੋਲ ਅੜਨ ਅਤੇ ਖੜ੍ਹਨ ਦੀ ਤਾਕਤ ਹੈ- ਜੌਹਨ ਕਰੇਚੀਅਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜੌਹਨ ਕਰੇਚੀਅਨ ਨੇ ਰਾਸ਼ਟਰਤੀ ਡੋਨਲਡ ਟਰੰਪ ਨੂੰ ਕਿਹਾ ਹੈ ਕਿ ਉਹ ਕੈਨੇਡਾ ਬਾਰੇ ਸੋਚ-ਸਮਝ ਕੇ ਬਿਆਨ ਦੇਣ। ਸਾਲ 1993 ਤੋਂ 2003 ਤੱਕ ਕੈਨੇਡਾ ਦੇ ਪ੍ਰਧਾਨ ਮੰਤਰੀ ਰਹੇ ਕ੍ਰੇਸ਼ੀਅਨ ਨੇ ਆਪਣੇ 91ਵੇਂ ਜਨਮਦਿਨ ਮੌਕੇ ‘ਦਿ ਗਲੋਬ ਐਂਡ ਮੇਲ’ ਅਖ਼ਬਾਰ ’ਚ ਪ੍ਰਕਾਸ਼ਿਤ ਲੇਖ ਵਿੱਚ ਕਿਹਾ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ ਹਿੱਸਾ ਬਣਨ ਲਈ ਸਹਿਮਤ ਨਹੀਂ ਹੋਵੇਗਾ। ਉਨ੍ਹਾਂ ਟਰੰਪ ਦੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੇ ਬਿਆਨ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਇਹ ਕੈਨੇਡਾ ਦੀ ਖੁਦਮੁਖਤਿਆਰੀ ਨੂੰ ਧਮਕੀ ਹੈ। ਲੇਖ ’ਚ ਉਨ੍ਹਾਂ ਕਿਹਾ, ‘‘ਜੇ ਤੁਹਾਨੂੰ ਜਾਪਦਾ ਹੈ ਕਿ ਧਮਕੀਆਂ ਅਤੇ ਅਪਮਾਨ ਕਰਨ ਨਾਲ ਤੁਸੀਂ ਸਾਡੇ ’ਤੇ ਜਿੱਤ ਹਾਸਲ ਕਰ ਲਵੋਗੇ ਤਾਂ ਫਿਰ ਤੁਸੀਂ ਗਲਤਫਹਿਮੀ ’ਚ ਹੋ। ਅਸੀਂ ਸਹਿਜ ਅਤੇ ਸ਼ਾਂਤ ਸੁਭਾਅ ਦੇ ਦਿਖਾਈ ਦੇ ਸਕਦੇ ਹਾਂ ਪਰ ਤੁਸੀਂ ਕੋਈ ਗਲਤੀ ਨਾ ਕਰਨਾ ਕਿਉਂਕਿ ਸਾਡੇ ਕੋਲ ਅੜਨ ਅਤੇ ਖੜ੍ਹਨ ਦੀ ਤਾਕਤ ਹੈ।’

# ਗੈਂਗਸਟਰਜ਼ ਪਵਿੱਤਰ ਅਤੇ ਹੁਸਨਦੀਪ ਖ਼ਿਲਾਫ਼ ਰੈੱਡ ਕੌਰਨਰ ਨੋਟਿਸ ਜਾਰੀ

## ਕੈਲੇਫ਼ੋਰਨੀਆ ਪੁਲੀਸ ਦੀ ਹਿਰਾਸਤ ’ਚ ਹਨ ਮੁਲਜ਼ਮ ਮਾਝਾ ਅਤੇ ਦੋਆਬਾ ਖੇਤਰ ’ਚ ਵੀ ਕਰ ਚੁੱਕੇ ਨੇ ਕਈ ਵਾਰਦਾਤਾਂ



ਬਟਾਲਾ: ਵਿਦੇਸ਼ ਬੈਠੇ ਪੰਜਾਬ ਦੇ ਗੈਂਗਸਟਰ ਪਵਿੱਤਰਪ੍ਰੀਤ ਸਿੰਘ ਅਤੇ ਹੁਸਨਦੀਪ ਸਿੰਘ ਖ਼ਿਲਾਫ਼ ਇੰਟਰਪੋਲ ਨੇ ਰੈੱਡ ਕੌਰਨਰ ਨੋਟਿਸ ਜਾਰੀ ਕਰ ਦਿੱਤੇ ਹਨ ਜਿਸ ਨਾਲ ਦੋਵਾਂ ਗੈਂਗਸਟਰਾਂ ਨੂੰ ਭਾਰਤ ਲਿਆਉਣ ’ਚ ਮਦਦ ਮਿਲੇਗੀ।

ਦੋਵੇਂ ਗੈਂਗਸਟਰਜ਼ ਇਸ ਸਮੇਂ ਕੈਲੇਫ਼ੋਰਨੀਆ ਪੁਲੀਸ ਦੀ ਹਿਰਾਸਤ ’ਚ ਹਨ। ਪੁਲੀਸ ਅਨੁਸਾਰ ਇਹ ਦੋਵੇਂ ਆਪਣੇ ਵੱਖਰੇ ਗੈਂਗ ਚਲਾ ਰਹੇ ਹਨ, ਅਤੇ ਮਾਝਾ ਅਤੇ ਦੋਆਬਾ ਖੇਤਰ ’ਚ ਕਈ ਅਪਰਾਧਕ ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ।

ਇਸ ਸਬੰਧੀ ਐਸਐਸਪੀ (ਬਟਾਲਾ) ਸੁਹੇਲ ਮੀਰ ਕਾਸਿਮ ਨੇ ਦੱਸਿਆ ਕਿ ਦੋਵੇਂ ਗੈਂਗਸਟਰਜ਼, ਪਵਿੱਤਰ ਚੌੜਾ ਗੈਂਗ ਦੇ ਸਰਗਨੇ ਹਨ ਅਤੇ ਦੋਹਾਂ ਖ਼ਿਲਾਫ਼ ਕਈ ਅਪਰਾਧਕ ਮੁਕੱਦਮੇ ਦਰਜ ਹਨ। ਉਨ੍ਹਾਂ ਦੱਸਿਆ ਕਿ ਦੋਵਾਂ ਦੀ ਅਗਵਾਈ ’ਚ ਇਹ ਗਰੋਹ ਕਤਲਾਂ, ਇਰਾਦਾ ਕਤਲਾਂ, ਲੁੱਟ-ਖੋਹਾਂ ਅਤੇ ਫ਼ਿਰੌਤੀਆਂ ਵਰਗੀਆਂ ਵਾਰਦਾਤਾਂ ਕਰ ਚੁੱਕੇ ਹਨ।ਐਸਐਸਪੀ ਨੇ ਦੱਸਿਆ ਕਿ ਸਾਲ 2020 ’ਚ ਦੋਵਾਂ ਗੈਂਗਸਟਰਾਂ ਨੇ ਹਲਕਾ ਮਜੀਠਾ ਦੇ ਪਿੰਡ ਅਮਰਪੁਰਾ ’ਚ ਮਹਿਲਾ ਅਕਾਲੀ ਨੇਤਾ ਦੇ ਪਤੀ ਦਾ ਕਤਲ ਕਰਵਾਇਆ ਸੀ ਜਦ ਕਿ ਪੁਰਾਣੀ ਦੁਸ਼ਮਣੀ ਕਾਰਨ ਨਵੰਬਰ 2017 ’ਚ ਇਸ ਗਿਰੋਹ ਨੇ ਆਪਣੇ ਵਿਰੋਧੀ ਸੁਖਵਿੰਦਰ ਸਿੰਘ ਉਰਫ਼ ਲਾਲਾ ਦੇ ਕਤਲ ਦੀ ਵੀ ਜ਼ਿੰਮੇਵਾਰੀ ਲਈ ਸੀ। ਉਨ੍ਹਾਂ ਦੱਸਿਆ ਕਿ ਪਵਿੱਤਰ ਸਿੰਘ ਖ਼ਿਲਾਫ਼ ਅੰਮ੍ਰਿਤਸਰ ਜ਼ਿਲ੍ਹੇ ’ਚ ਛੇ ਅਤੇ ਗੁਰਦਾਸਪੁਰ ’ਚ ਦੋ ਮੁਕੱਦਮੇ ਦਰਜ ਹਨ। ਉਨ੍ਹਾਂ ਦੱਸਿਆ ਕਿ ਬਟਾਲੇ ਦੇ ਪਿੰਡ ਚੌੜਾ ਦੇ ਰਹਿਣ ਵਾਲੇ ਪਵਿੱਤਰ ਸਿੰਘ ਅਤੇ ਪਿੰਡ ਸ਼ਾਹਬਾਦ ਦੇ ਰਹਿਣ ਵਾਲੇ ਹੁਸਨਦੀਪ ਸਿੰਘ ਨੂੰ ਅਪ੍ਰੈਲ 2023 ’ਚ ਉੱਤਰੀ ਕੈਲੇਫ਼ੋਰਨੀਆ ’ਚ ਹਿੰਸਕ ਘਟਨਾਵਾਂ ਨੂੰ ਅੰਜਾਮ ਦੇਣ ਮਗਰੋਂ ਕੈਲੇਫ਼ੋਰਨੀਆ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਦੱਸਿਆ ਕਿ ਇੰਟਰਪੋਲ ਵਲੋਂ ਜਾਰੀ ਕੀਤੇ ਜਾਂਦੇ ਰੈੱਡ ਨੋਟਿਸ ਰਾਹੀਂ ਏਜੰਸੀਆਂ ਦੀ ਮਦਦ ਨਾਲ ਵਿਦੇਸ਼ਾਂ ’ਚ ਬੈਠੇ ਹੋਏ ਅਪਰਾਧੀਆਂ ਨੂੰ ਲੱਭਣ ’ਚ ਮਦਦ ਮਿਲਦੀ ਹੈ।

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ ’ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

# ਵੈਨੇਜ਼ੂਐਲਾ ’ਚ ਸੱਤਾ ਤਬਦੀਲੀ ਚਾਹੁੰਦਾ ਹੈ ਟਰੰਪ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦਾ ਪ੍ਰਸ਼ਾਸਨ ਵੈਨੇਜ਼ੂਐਲਾ ਸਰਕਾਰ ਅਤੇ ਇਸ ਦੇ ਮੁੱਖੀ ਨਿਕੋਲਸ ਮਾਦੁਰੋ ਨੂੰ ਬਦਲਣਾ ਚਾਹੁੰਦਾ ਹੈ। ਪ੍ਰਸ਼ਾਸਨ ਦੇ ਪ੍ਰਤੀਨਿੱਧੀਆਂ ਅਨੁਸਾਰ ਇਸ ਦਾ ਮਤਲਬ ਦੇਸ਼ ’ਚ ਫ਼ੌਜੀ ਕਾਰਵਾਈ ਨਹੀਂ। ਐਕਸੀਓਸ ਪੋਰਟਲ ਨੇ ਟਰੰਪ ਪ੍ਰਸ਼ਾਸਨ ਦੇ ਇੱਕ ਅਗਿਆਤ ਸਰੋਤ ਦੇ ਹਵਾਲੇ ਨਾਲ ਇਹ ਰਿਪੋਰਟ ਦਿੱਤੀ।

ਵਿਦੇਸ਼ ਨੀਤੀ ਵਿਚਾਰ-ਵਟਾਂਦਰੇ ’ਚ ਸ਼ਾਮਿਲ ਟਰੰਪ ਦੇ ਇੱਕ ਸਲਾਹਕਾਰ ਨੇ ਕਿਹਾ ਕਿ ਚੁਣੇ ਗਏ ਰਾਸ਼ਟਰਪਤੀ ਦੀ ਟੀਮ ਚਾਹੁੰਦੀ ਹੈ ਕਿ ਮਾਦੁਰੋ ਸੀਰੀਆ ਦੇ ਸਾਬਕਾ ਰਾਸ਼ਟਰਪਤੀ ਬਸ਼ਰ ਅਲ-ਅਸਦ ਦੇ ਰਸਤੇ ’ਤੇ ਚੱਲੇ ਜੋ 8 ਦਸੰਬਰ 2024 ਨੂੰ ਅਹੁਦਾ ਛੱਡ ਗਿਆ ਸੀ। ਸਲਾਹਕਾਰਾਂ ਨੇ ਪੋਰਟਲ ਨੂੰ ਦੱਸਿਆ ਕਿ ਵੈਨੇਜ਼ੂਐਲਾ ’ਚ ਸ਼ਾਸਨ ਤਬਦੀਲੀ ਹੋਵੇਗੀ। ਇਸ ਦਾ ਮਤਲਬ ਜ਼ਰੂਰੀ ਨਹੀਂ ਕਿ ਫ਼ੌਜੀ ਕਾਰਵਾਈ ਹੋਵੇ। ਸਾਨੂੰ ਮੌਸਕੋ ’ਚ ਮਾਦੁਰੋ ਨੂੰ ਅਸਦ ਦੇ ਗੁਆਂਢੀ ਹੋਣ ’ਤੇ ਕੋਈ ਇਤਰਾਜ਼ ਨਹੀਂ ਹੋਵੇਗਾ। ਪੋਰਟਲ ਨੇ ਨੋਟ ਕੀਤਾ ਕਿ ਵੈਨੇਜ਼ੂਐਲਾ ’ਚ ਸੱਤਾ ਤਬਦੀਲੀ ’ਚ ਟਰੰਪ ਦੀ ਦਿਲਚਸਪੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਕਿਊਬਾ ਨੂੰ ਅਤਿਵਾਦ ਦੇ ਰਾਜ ਸਪੌਂਸਰਾਂ ਦੀ ਸੂਚੀ ’ਚੋਂ ਹਟਾਉਣ ਦੇ ਆਪਣੇ ਫ਼ੈਸਲੇ ਨੂੰ ਕਾਂਗਰਸ ਨੂੰ ਭੇਜਣ ਦੇ ਇਰਾਦੇ ਦੇ ਪਿਛੋਕੜ ’ਚ ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ ਸੀਰੀਆ ਦੇ ਹਥਿਆਰਬੰਦ ਵਿਰੋਧੀ ਧਿਰ ਨੇ 8 ਦਸੰਬਰ ਨੂੰ ਦਮਿਸ਼ਕ ’ਤੇ ਕਬਜ਼ਾ ਕਰ ਲਿਆ ਸੀ। ਰੂਸੀ ਅਧਿਕਾਰੀਆਂ ਨੇ ਦੱਸਿਆ ਕਿ ਸੀਰੀਆ ਦੇ ਸੰਘਰਸ ’ਚ ਹਿੱਸਾ ਲੈਣ ਵਾਲਿਆਂ ਨਾਲ ਗੱਲਬਾਤ ਤੋਂ ਬਾਅਦ ਬਸ਼ਰ ਅਲ-ਅਸਦ ਨੇ ਸੀਰੀਆ ਦੇ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਦੇਸ਼ ਛੱਡ ਕੇ ਰੂਸ ਚਲਾ ਗਿਆ ਜਿੱਥੇ ਉਸ ਨੂੰ ਸ਼ਰਣ ਦਿੱਤੀ ਗਈ। ਹਯਾਤ ਤਹਿਰੀਰ ਅਲ-ਸ਼ਾਮ ਅਤੇ ਹੋਰ ਵਿਰੋਧੀ ਸਮੂਹਾਂ ਦੁਆਰਾ ਗਠਿਤ ਇਦਲਿਬ-ਆਧਾਰਿਤ ਪ੍ਰਸ਼ਾਸਨ ਚਲਾਉਣ ਵਾਲੇ ਮੁਹੰਮਦ ਅਲ-ਬਸ਼ੀਰ ਨੂੰ ਅੰਤਰਿਮ ਪ੍ਰਧਾਨ ਮੰਤਰੀ ਨਾਮਜ਼ਦ ਕੀਤਾ ਗਿਆ। ਬਾਅਦ ’ਚ ਉਸ ਨੇ ਐਲਾਨ ਕੀਤਾ ਕਿ ਇੱਕ ਅੰਤਰਿਮ ਸਰਕਾਰ ਬਣਾਈ ਗਈ ਹੈ ਅਤੇ ਮਾਰਚ 2025 ਤਕ ਬਣੀ ਰਹੇਗੀ।

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੰਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Email: admin@onestoptrucksales.com
Office: 204-987-7300
Mob. 204-396-5404